20ਵਾਂ ਸਾਲ
PARDES TIMES
20th year in Publication

# ਪਰਦੇਸ ਟਾਇਮਜ਼

ਬਲਬੀਰ ਸਿੰਘ ਐਮ ਏ (ਮੁਖ ਸੰਪਾਦਕ)
ਮਾਂ ਬੋਲੀ ਨੂੰ ਸਮਰਪਿਤ
www.pardestimes.com
pardestimes
ਪਰਦੇਸ ਟਾਇਮਜ਼ ਆਨਲਾਈਨ ਪੜ੍ਹਨ ਲਈ ਸਕੈਨ ਕਰੋ

VOL- 20 | No. 481 | October 30, 2025 | E-mail : info@pardestimes.com | Ph 510-938-7771

## ਹੁਣ ਇੰਨੀ ਆਸਾਨੀ ਨਾਲ ਨਹੀਂ ਮਿਲੇਗਾ ਅਮਰੀਕਾ ਦਾ ਵਰਕ ਪਰਮਿਟ

ਵਾਸ਼ਿੰਗਟਨ- ਅਮਰੀਕਾ ਵਿਚ ਰਹਿ ਰਹੇ ਅਤੇ ਵਰਕ ਪਰਮਿਟ ਦੇ ਚਾਹਵਾਨਾਂ ਅਤੇ ਵਰਕ ਪਰਮਿਟ ਲੈ ਕੇ ਅਮਰੀਕਾ ਆਉਣ ਵਾਲਿਆਂ ਲਈ ਹੁਣ ਬਹੁਤ ਵੱਡਾ ਅੜਿਕਾ ਅਮਰੀਕਾ ਸਰਕਾਰ ਨੇ ਖੜਾ ਕਰ ਦਿੱਤਾ ਹੈ। ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ ਨੇ ਪ੍ਰਵਾਸੀ ਕਾਮਿਆਂ ਦੇ ਰੁਜ਼ਗਾਰ ਅਧਿਕਾਰ ਦਸਤਾਵੇਜ਼ਾਂ ਨੂੰ ਆਪਣੇ ਆਪ ਵਧਾਉਣ ਤੋਂ ਇਨਕਾਰ ਕਰ ਦਿੱਤਾ ਹੈ। ਇਸ ਕਦਮ ਨਾਲ ਹਜ਼ਾਰਾਂ ਵਿਦੇਸ਼ੀ ਕਾਮਿਆਂ, ਖਾਸ ਕਰਕੇ ਭਾਰਤੀਆਂ 'ਤੇ ਪ੍ਰਭਾਵ ਪੈਣ ਦੀ ਸੰਭਾਵਨਾ ਹੈ, ਜੋ ਪ੍ਰਵਾਸੀ ਕਰਮਚਾਰੀਆਂ ਦਾ ਇੱਕ ਮਹੱਤਵਪੂਰਨ ਹਿੱਸਾ ਹਨ। ਵਿਭਾਗ ਨੇ ਬੁੱਧਵਾਰ ਨੂੰ ਇੱਕ ਬਿਆਨ ਵਿੱਚ ਕਿਹਾ, 30 ਅਕਤੂਬਰ 2025 (ਵੀਰਵਾਰ) ਨੂੰ ਜਾਂ ਇਸ ਤੋਂ ਬਾਅਦ ਆਪਣੇ EADs ਦੇ ਨਵੀਨੀਕਰਨ ਲਈ ਅਰਜ਼ੀ ਦੇਣ ਵਾਲੇ ਵਿਦੇਸ਼ੀ ਹੁਣ ਆਟੋਮੈਟਿਕ ਐਕਸਟੈਂਸ਼ਨ ਪ੍ਰਾਪਤ ਨਹੀਂ ਕਰਨਗੇ। ਇਸਦਾ ਮਤਲਬ ਹੈ ਕਿ 30 ਅਕਤੂਬਰ ਤੋਂ ਪਹਿਲਾਂ ਆਪਣੇ ਆਪ ਵਧਾਏ ਗਏ EADs ਪ੍ਰਭਾਵਿਤ ਨਹੀਂ ਹੋਣਗੇ। ਟਰੰਪ ਪ੍ਰਸ਼ਾਸਨ ਨੇ ਕਿਹਾ ਕਿ ਨਵਾਂ ਨਿਯਮ ਜਨਤਕ ਸੁਰੱਖਿਆ ਅਤੇ ਰਾਸ਼ਟਰੀ ਸੁਰੱਖਿਆ ਦੀ ਰੱਖਿਆ ਲਈ ਸਕ੍ਰੀਨਿੰਗ ਅਤੇ ਟੈਸਟਿੰਗ ਨੂੰ ਤਰਜੀਹ ਦਿੰਦਾ ਹੈ। ਇਹ ਹਾਲੀਆ ਕਦਮ ਬਿਡੇਨ ਪ੍ਰਸ਼ਾਸਨ ਦੇ ਨਿਯਮ ਨੂੰ ਰੱਦ ਕਰਦਾ ਹੈ ਜੋ ਪ੍ਰਵਾਸੀਆਂ ਨੂੰ ਉਨ੍ਹਾਂ ਦੇ ਵਰਕ ਪਰਮਿਟ ਦੀ ਮਿਆਦ ਪੁੱਗਣ ਤੋਂ ਬਾਅਦ 540 ਦਿਨਾਂ ਤੱਕ ਅਮਰੀਕਾ ਵਿੱਚ ਕੰਮ ਕਰਨ ਦੀ ਆਗਿਆ ਦਿੰਦਾ ਸੀ।




ਨਵੀਨੀਕਰਨ ਅਰਜ਼ੀ ਸਮੇਂ ਸਿਰ ਦਾਇਰ ਕੀਤੀ ਹੋਣੀ ਚਾਹੀਦੀ ਹੈ। ਉਨ੍ਹਾਂ ਦੀ EAD ਸ਼੍ਰੇਣੀ ਆਟੋਮੈਟਿਕ ਨਵੀਨੀਕਰਨ ਲਈ ਯੋਗ ਹੋਣੀ ਚਾਹੀਦੀ ਹੈ। ਪ੍ਰਵਾਸੀ ਦੀ ਮੌਜੂਦਾ EAD ਸ਼੍ਰੇਣੀ ਰਸੀਦ ਜਾਣਕਾਰੀ ਵਿੱਚ ਸੂਚੀਬੱਧ "ਯੋਗਤਾ ਸ਼੍ਰੇਣੀ" ਜਾਂ "ਬੇਨਤੀ ਕੀਤੀ ਸ਼੍ਰੇਣੀ" ਨਾਲ ਮੇਲ ਖਾਂਦੀ ਹੋਣੀ ਚਾਹੀਦੀ ਹੈ। ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ ਦੇ ਬਿਆਨ ਵਿੱਚ ਕਿਹਾ ਗਿਆ ਹੈ, "ਇਸ ਨਿਯਮ ਦੇ ਕੁਝ ਸੀਮਤ ਅਪਵਾਦ ਹਨ, ਜਿਸ ਵਿੱਚ ਕਾਨੂੰਨ ਦੁਆਰਾ ਜਾਂ TPS-ਸਬੰਧਤ ਰੁਜ਼ਗਾਰ ਦਸਤਾਵੇਜ਼ਾਂ ਲਈ ਫੈਡਰਲ ਰਜਿਸਟਰ ਨੋਟਿਸਾਂ ਦੁਆਰਾ ਦਿੱਤੇ ਗਏ ਵਾਧੇ ਸ਼ਾਮਲ ਹਨ।" ਇਸ ਵਿੱਚ ਪ੍ਰਵਾਸੀ ਕਾਮਿਆਂ ਦੇ ਵਾਰ-ਵਾਰ ਪਿਛੋਕੜ ਸਮੀਖਿਆਵਾਂ ਕੀਤੀ ਜਾਵੇਗੀ। ਸਰਕਾਰ ਦਾ ਮੰਨਣਾ ਹੈ ਕਿ ਇਹ ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾਵਾਂ (USCIS) ਵਿਚ ਫਰਾਡ ਨੂੰ ਰੋਕਣ ਅਤੇ ਸੰਭਾਵੀ ਤੌਰ 'ਤੇ ਗਲਤ ਇਰਾਦੇ ਵਾਲੇ ਪਰਦੇਸੀ ਲੋਕਾਂ ਦਾ ਪਤਾ ਲਗਾਉਣ ਵਿੱਚ ਮਦਦ ਕਰੇਗਾ। ਬਿਆਨ ਵਿੱਚ ਅੱਗੇ ਕਿਹਾ ਗਿਆ ਹੈ, "ਇੱਕ ਪਰਦੇਸੀ EAD ਨਵੀਨੀਕਰਨ ਅਰਜ਼ੀ ਦਾਇਰ ਕਰਨ ਲਈ ਜਿੰਨਾ ਜ਼ਿਆਦਾ ਇੰਤਜ਼ਾਰ ਕਰਦਾ ਹੈ, ਉਨੀ ਹੀ ਜ਼ਿਆਦਾ ਸੰਭਾਵਨਾ ਹੁੰਦੀ ਹੈ ਕਿ ਉਨ੍ਹਾਂ ਦਾ ਰੁਜ਼ਗਾਰ ਦਾ ਹੱਕ ਜਾਂ ਦਸਤਾਵੇਜ਼ ਅਸਥਾਈ ਤੌਰ 'ਤੇ ਖਤਮ ਹੋ ਸਕਦੇ ਹਨ।"

EAD (ਫਾਰਮ I-766/EAD) ਹੋਣਾ ਇਹ ਸਾਬਤ ਕਰਨ ਦਾ ਇੱਕ ਤਰੀਕਾ ਹੈ ਕਿ ਕੋਈ ਵਿਅਕਤੀ ਅਮਰੀਕਾ ਵਿੱਚ ਇੱਕ ਨਿਸ਼ਚਿਤ ਸਮੇਂ ਲਈ ਕੰਮ ਕਰਨ ਲਈ ਅਧਿਕਾਰਤ ਹੈ। ਸਥਾਈ ਨਿਵਾਸੀਆਂ ਨੂੰ EAD ਲਈ ਅਰਜ਼ੀ ਦੇਣ ਦੀ ਲੋੜ ਨਹੀਂ ਹੈ। ਇੱਕ ਗ੍ਰੀਨ ਕਾਰਡ (ਫਾਰਮ I-551, ਸਥਾਈ ਨਿਵਾਸੀ ਕਾਰਡ) ਰੁਜ਼ਗਾਰ ਅਧਿਕਾਰ ਦਾ ਸਬੂਤ ਹੈ। ਗੈਰ-ਪ੍ਰਵਾਸੀ ਸਥਿਤੀ (H-1B, L-1B, O, ਜਾਂ P) ਵਾਲੇ ਵਿਅਕਤੀਆਂ ਨੂੰ ਵੀ ਇਸ ਦਸਤਾਵੇਜ਼ ਦੀ ਲੋੜ ਨਹੀਂ ਹੈ।

## ਚਲਦੇ-ਚਲਦੇ

### ਡੀ ਆਈ ਜੀ ਭੁੱਲਰ ਦੀ ਵਿਦੇਸ਼ੀ ਜਾਇਦਾਦ ਖੰਘਾਲੀ ਜਾਵੇਗੀ

ਰਿਸ਼ਵਤਖੋਰੀ ਦੇ ਮਾਮਲੇ ਵਿੱਚ ਫਸੇ ਪੰਜਾਬ ਦੇ ਮੁਅੱਤਲ ਡੀਆਈਜੀ ਹਰਚਰਨ ਸਿੰਘ ਭੁੱਲਰ ਦੀਆਂ ਮੁਸ਼ਕਲਾਂ ਹੋਰ ਵਧਣ ਵਾਲੀਆਂ ਹਨ। ਸੀਬੀਆਈ ਤੋਂ ਬਾਅਦ ਪੰਜਾਬ ਵਿਜੀਲੈਂਸ ਬਿਊਰੋ ਵੀ ਉਨ੍ਹਾਂ ਵਿਰੁੱਧ ਆਮਦਨ ਤੋਂ ਵੱਧ ਜਾਇਦਾਦ ਦਾ ਕੇਸ ਦਰਜ ਕਰ ਸਕਦੀ ਹੈ। ਸੀਬੀਆਈ ਨੇ 29 ਅਕਤੂਬਰ ਨੂੰ ਉਨ੍ਹਾਂ ਵਿਰੁੱਧ ਆਮਦਨ ਤੋਂ ਵੱਧ ਜਾਇਦਾਦ ਦਾ ਕੇਸ ਦਰਜ ਕੀਤਾ ਸੀ। 16 ਅਕਤੂਬਰ ਨੂੰ ਸੀਬੀਆਈ ਨੇ ਭੁੱਲਰ ਨੂੰ ਵਿਚੋਲੇ ਕ੍ਰਿਸ਼ਣੂ ਸ਼ਾਰਦਾ ਨਾਲ ਗ੍ਰਿਫ਼ਤਾਰ ਕੀਤਾ ਸੀ। ਉਸ ਸਮੇਂ ਸੀਬੀਆਈ ਨੇ ਭੁੱਲਰ ਦੇ ਸੈਕਟਰ 40 ਸਥਿਤ ਘਰ ਤੋਂ 7.5 ਕਰੋੜ ਰੁਪਏ ਨਕਦ ਅਤੇ 2.5 ਕਿੱਲੋ ਸੋਨਾ ਬਰਾਮਦ ਕੀਤਾ ਸੀ। ਸੀਬੀਆਈ ਨੇ ਦੁਬਈ ਅਤੇ ਕੈਨੇਡਾ ਵਿੱਚ ਭੁੱਲਰ ਦੀਆਂ ਜਾਇਦਾਦਾਂ ਦੀ ਜਾਂਚ ਵੀ ਤੇਜ਼ ਕਰ ਦਿੱਤੀ ਹੈ। ਸੂਤਰਾਂ ਅਨੁਸਾਰ ਸੀਬੀਆਈ ਨੇ ਇਨ੍ਹਾਂ ਵਿਦੇਸ਼ੀ ਜਾਇਦਾਦਾਂ ਦੀ ਜਾਂਚ ਲਈ ਕੇਂਦਰੀ ਏਜੰਸੀਆਂ ਦੀ ਸਹਾਇਤਾ ਮੰਗੀ ਹੈ। ਸੀਬੀਆਈ ਨੇ ਭੁੱਲਰ ਨਾਲ ਸਬੰਧਤ 80 ਤੋਂ ਵੱਧ ਜਾਣੀਆਂ-ਪਛਾਣੀਆਂ ਅਤੇ ਅਣਜਾਣ ਜਾਇਦਾਦਾਂ ਦਾ ਪਤਾ ਲਗਾਇਆ ਹੈ, ਜਿਨ੍ਹਾਂ ਵਿੱਚੋਂ ਕੁਝ ਵਿਦੇਸ਼ਾਂ ਵਿੱਚ ਸਥਿਤ ਹਨ। ਰਿਮਾਂਡ ਮਿਲਣ ਤੋਂ ਬਾਅਦ ਸੀਬੀਆਈ ਨੇ ਵਿਚੋਲੇ ਕ੍ਰਿਸ਼ਨੂ ਸ਼ਾਰਦਾ ਤੋਂ ਕਈ ਘੰਟਿਆਂ ਤੱਕ ਪੁੱਛਗਿੱਛ ਕੀਤੀ। ਸੀਬੀਆਈ ਉਸ ਨੂੰ ਕਈ ਥਾਵਾਂ 'ਤੇ ਲਿਜਾਣ ਦੀ ਤਿਆਰੀ ਕਰ ਰਹੀ ਹੈ। ਸੀਬੀਆਈ ਨੂੰ ਵਿਚੋਲੇ ਦੇ ਮੋਬਾਈਲ ਫੋਨ ਤੋਂ 100 ਜੀਬੀ ਡੈਟਾ ਬਰਾਮਦ ਹੋਇਆ ਹੈ, ਜਿਸ ਵਿੱਚ ਭੁੱਲਰ ਅਤੇ ਦੋ ਪੰਜਾਬ ਪੁਲਿਸ ਅਧਿਕਾਰੀਆਂ ਨਾਲ ਜੁੜੀਆਂ ਚੈਟਾਂ ਅਤੇ ਲੈਣ-ਦੇਣ ਸ਼ਾਮਲ ਹਨ।



ਪਹਿਲੀ ਪਾਤਸ਼ਾਹ ਸਤਿਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਸਮੁੱਚੀ ਕੌਮ ਅਤੇ ਗੁਰੂ ਜੀ ਦੇ ਸ਼ਰਧਾਲੂਆਂ ਨੂੰ **'ਪਰਦੇਸ ਟਾਇਮਜ਼'** ਵੱਲੋਂ ਲੱਖ-ਲੱਖ ਵਧਾਈਆਂ।

**S. Inderjit Singh Bullowal**
Rep/Marketing Manager
PARDES TIMES
www.pardestimes.com
Call: 425-420-4055
ਕਿਸੇ ਵੀ ਕਿਸਮ ਦੀ ਗੱਲਬਾਤ ਅਖਬਾਰ ਸਬੰਧੀ ਕਰਨ ਲਈ ਸ. ਇੰਦਰਜੀਤ ਸਿੰਘ ਬੁਲੋਵਾਲ ਨੂੰ ਫੋਨ ਕਰੋ

ਸ. ਇੰਦਰਜੀਤ ਸਿੰਘ ਬੁਲੋਵਾਲ

**Dhaliwal Law Group. Inc.**

1. Tax Attorney
2. Edd case
3. Board of Ecualisation
4. IRS-Cases
5. Bank Ruptcy
5. Contracts ਚੰਗੇ ਬਣਾਉਣ ਲਈ
6. State Planning
7. Criminal deffense
Rattandev Singh Dhaliwal
ATTORNEY AT LAW
Telephone- 408-988-7722
Rattan@attorneydhaliwal.com
www.attorneydhaliwal.com
2005 DELA CRUZ BLVD
Suite# 185, Santa Clara, CA 95050

**Joshi Law Firm**
Attorneys at Law ਅਟਾਰਨੀ ਐਟ ਲਾਅ
www.joshilawfirm.com info@joshilawfirm.com
ਇਮੀਗ੍ਰੇਸ਼ਨ ਡਿਪੋਰਟੇਸ਼ਨ ਅਸਾਈਲਮ ਸਿਟੀਜਨਸ਼ਿਪ ਗਰੀਨ ਕਾਰਡ ਫੈਮਲੀ ਪਟੀਸ਼ਨ ਵਿਆਹ ਦੇ
ਆਧਾਰ ਤੇ ਗਰੀਨ ਕਾਰਡ ਐਡਜਸਟਮੈਂਟ ਆਫ ਸਟੇਟਸ ਫੈਮਲੀ ਲਾਅ ਤਲਾਕ ਦੀ
ਪਟੀਸ਼ਨ ਬੱਚੇ ਦੀ ਕਸਟਡੀ ਭੱਤਾ ਜਾਂ ਖਰਚਾ ਬੱਚਿਆਂ ਲਈ ਖਰਚਾ

TANVIR JOSHI
SBN: 302226
(559) 312-0083 (O) (888) 630-1230 (F)
516 W. SHAW AVE STE 200 FRESNO, CA 93704


**Raj Budwal**
(Investment and Financial Advisor)
408-972-8000,
408-835-0202 (Cell)
Budwal and Associates
329 Piercy Road, San Jose, CA 95138
8350202@gmail.com

**Mann Insurance Brokers Inc.**
ਕਮਰਸ਼ੀਅਲ ਟਰੱਕਾਂ, ਲਿਮੋਜ਼ੀਨ, ਵੈਨ (Van) ਵਾਸਤੇ ਚੰਗੇ ਰੇਟਾਂ 'ਤੇ ਜਲਦੀ ਇੰਸ਼ੋਰੈਂਸ ਲੈਣ ਲਈ ਇਕ ਵਾਰ ਭਰਾਵਾਂ ਨੂੰ ਜ਼ਰੂਰ ਫੋਨ ਕਰੋ। ਬਹੁਤ ਹੀ ਮਿਲਣਸਾਰ ਏਜੰਸੀ ਵਾਲੇ ਭਰਾਵਾਂ ਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ।

Phone:- 510-487-1000
LIC:- 0F 34231
32146 Alvarado Blvd, Union City, CA 94587

# ਕਾਂਗਰਸ ਦੀ ਅਨਾੜੀ ਸਿਆਸਤ

**ਸੁਰੇਂਦਰ ਕਿਸ਼ੋਰ**

ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ 15 ਅਗਸਤ 2011 ਨੂੰ ਲਾਲ ਕਿਲ੍ਹੇ ਦੀ ਫਸੀਲ ਤੋਂ ਕਿਹਾ ਸੀ ਕਿ ਦੇਸ਼ ਦੀ ਤਰੱਕੀ ਵਿਚ ਭ੍ਰਿਸ਼ਟਾਚਾਰ ਸਭ ਤੋਂ ਵੱਡੀ ਰੁਕਾਵਟ ਹੈ ਪਰ ਇਸ ਨਾਲ ਨਿਪਟਣ ਲਈ ਉਨ੍ਹਾਂ ਕੋਲ ਕੋਈ ਜਾਦੂ ਦੀ ਛੜੀ ਨਹੀਂ ਹੈ। ਮਨਮੋਹਨ ਸਰਕਾਰ ਦੌਰਾਨ ਭ੍ਰਿਸ਼ਟਾਚਾਰ ਦੇ ਕਈ ਵੱਡੇ ਮਾਮਲੇ ਸਾਹਮਣੇ ਆਏ ਸਨ। ਇਨ੍ਹਾਂ ਵਿਚ 2ਜੀ ਸਪੈਕਟ੍ਰਮ ਵੰਡ ਤੋਂ ਲੈ ਕੇ ਰਾਸ਼ਟਰਮੰਡਲ ਖੇਡਾਂ ਦੇ ਆਯੋਜਨ ਵਿਚ ਹੋਏ ਘੁਟਾਲੇ ਦੇ ਮਾਮਲੇ ਸੁਰਖੀਆਂ 'ਚ ਛਾਏ ਰਹੇ। ਇਸ 'ਤੇ ਜਦੋਂ ਵੀ ਉਨ੍ਹਾਂ ਤੋਂ ਸਵਾਲ ਪੁੱਛਿਆ ਜਾਂਦਾ ਤਾਂ ਉਹ ਕਹਿੰਦੇ ਕਿ ਗੱਠਜੋੜ ਸਰਕਾਰਾਂ ਦੀਆਂ ਆਪਣੀਆਂ ਕੁਝ ਮਜਬੂਰੀਆਂ ਹੁੰਦੀਆਂ ਹਨ। ਜਦੋਂ ਕੇਂਦਰ ਵਿਚ ਉਨ੍ਹਾਂ ਦੀ ਸਰਕਾਰ ਬਦਲੀ ਤਾਂ ਭ੍ਰਿਸ਼ਟਾਚਾਰ ਨਾਲ ਨਿਪਟਣ ਦਾ ਰਵੱਈਆ ਵੀ ਪੂਰੀ ਤਰ੍ਹਾਂ ਬਦਲ ਗਿਆ ਸਗੋਂ ਇਹ ਕਹਿਣਾ ਜ਼ਿਆਦਾ ਢੁੱਕਵਾਂ ਹੋਵੇਗਾ ਕਿ ਭ੍ਰਿਸ਼ਟਾਚਾਰ ਪ੍ਰਤੀ ਉਨ੍ਹਾਂ ਦਾ ਢਿੱਲਾ ਰਵੱਈਆ ਵੀ ਕੇਂਦਰ ਵਿਚ ਸੱਤਾ ਬਦਲਣ ਦਾ ਇਕ ਕਾਰਨ ਬਣਿਆ।

ਨਰਿੰਦਰ ਮੋਦੀ ਨੇ ਦੇਸ਼ ਦੀ ਕਮਾਨ ਸੰਭਾਲਣ ਤੋਂ ਪਹਿਲਾਂ ਹੀ ਕਿਹਾ ਸੀ ਕਿ 'ਨਾ ਖਾਵਾਂਗਾ ਅਤੇ ਨਾ ਖਾਣ ਦਿਆਂਗਾ।' ਉਨ੍ਹਾਂ ਨੇ ਭ੍ਰਿਸ਼ਟਾਚਾਰ ਖ਼ਿਲਾਫ਼ ਆਪਣੇ ਇਸ ਸੰਕਲਪ ਨੂੰ ਵਾਰ-ਵਾਰ ਦੁਹਰਾਇਆ। ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਤਰ੍ਹਾਂ ਕਥਿਤ ਰਾਜਨੀਤਕ ਮਜਬੂਰੀਆਂ ਦਾ ਰੋਣਾ ਨਾ ਰੋਂਦਿਆਂ ਮੋਦੀ ਦੇਸ਼ ਵਿਚ ਨਵੀਂ ਪ੍ਰਸ਼ਾਸਨਿਕ ਸੰਸਕ੍ਰਿਤੀ ਦੀ ਨੀਂਹ ਰੱਖ ਰਹੇ ਹਨ।

ਮੌਜੂਦਾ ਕੇਂਦਰ ਸਰਕਾਰ ਦੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਤੋਂ ਪਰੇਸ਼ਾਨ ਕਾਂਗਰਸ ਸਮੇਤ ਇਕ ਦਰਜਨ ਤੋਂ ਵੱਧ ਰਾਜਨੀਤਕ ਪਾਰਟੀਆਂ ਨੇ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਕਿ ਕੇਂਦਰ ਸਰਕਾਰ ਸੀਬੀਆਈ, ਈਡੀ ਅਤੇ ਆਮਦਨ ਕਰ ਵਿਭਾਗ ਵਰਗੀਆਂ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਕਰ ਰਹੀ ਹੈ। ਸਵਾਲ ਇਹ ਹੈ ਕਿ ਜੇ ਦੁਰਉਪਯੋਗ ਹੋ ਰਿਹਾ ਹੈ ਤਾਂ ਅਦਾਲਤਾਂ ਦਖ਼ਲ ਕਿਉਂ ਨਹੀਂ ਦੇ ਰਹੀਆਂ?

ਭ੍ਰਿਸ਼ਟਾਚਾਰ ਖ਼ਿਲਾਫ਼ ਮੌਜੂਦਾ ਸਰਕਾਰ ਦੇ ਕੋਈ ਸਮਝੌਤਾ ਨਾ ਕਰਨ ਵਾਲੇ ਰਵੱਈਏ ਕਾਰਨ ਹੀ ਨਹਿਰੂ-ਗਾਂਧੀ ਪਰਿਵਾਰ ਨੂੰ ਇਹ ਅਹਿਸਾਸ ਹੋਇਆ ਹੈ ਕਿ ਉਨ੍ਹਾਂ ਨੂੰ ਅਜਿਹੇ ਮਾਮਲਿਆਂ ਵਿਚ ਕੋਈ ਰਾਹਤ



ਨਹੀਂ ਮਿਲਣੀ। ਯਾਦ ਰਹੇ ਕਿ ਨੈਸ਼ਨਲ ਹੈਰਾਲਡ ਨਾਲ ਸਬੰਧਤ ਮੁਕੱਦਮਾ ਸੁਬਰਾਮਣੀਅਮ ਸਵਾਮੀ ਦੀ ਜਨਹਿੱਤ ਪਟੀਸ਼ਨ ਦੇ ਆਧਾਰ 'ਤੇ ਮਨਮੋਹਨ ਸਿੰਘ ਦੇ ਸ਼ਾਸਨਕਾਲ ਵਿਚ ਹੀ ਸ਼ੁਰੂ ਹੋਇਆ ਸੀ। ਨਹਿਰੂ-ਗਾਂਧੀ ਪਰਿਵਾਰ ਨੇ ਸ਼ਾਇਦ ਸੋਚਿਆ ਹੋਵੇਗਾ ਕਿ ਮੋਦੀ ਸਰਕਾਰ ਵਿਚ ਉਨ੍ਹਾਂ ਨੂੰ ਇਸ ਮਾਮਲੇ ਵਿਚ ਰਿਆਇਤ ਮਿਲ ਸਕਦੀ ਹੈ ਪਰ ਅਜਿਹਾ ਨਹੀਂ ਹੋ ਸਕਿਆ। ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ, ਦੋਵੇਂ ਇਸ ਕੇਸ ਵਿਚ ਜ਼ਮਾਨਤ 'ਤੇ ਹਨ। ਉਨ੍ਹਾਂ ਦਾ ਸੱਤਾ ਵਿਚ ਵਾਪਸ ਆਉਣ ਦਾ ਸੁਪਨਾ ਵੀ ਦੂਰ-ਦੂਰ ਤੱਕ ਪੂਰਾ ਹੁੰਦਾ ਦਿਖਾਈ ਨਹੀਂ ਦੇ ਰਿਹਾ। ਇਸ ਨਿਰਾਸ਼ਾ ਤੋਂ ਉਪਜੇ ਗੁੱਸੇ ਕਾਰਨ ਹੀ ਰਾਹੁਲ ਗਾਂਧੀ ਦੀ ਆਪਣੀ ਬੋਲ-ਬਾਣੀ 'ਤੇ ਕੋਈ ਸੰਜਮ ਨਹੀਂ ਰਹਿ ਗਿਆ ਹੈ। ਉਨ੍ਹਾਂ ਨੇ ਸੱਚ ਅਤੇ ਝੂਠ ਦਾ ਫ਼ਰਕ ਮਿਟਾ ਦਿੱਤਾ ਹੈ। ਉਹ ਮੋਦੀ ਖ਼ਿਲਾਫ਼ ਧਮਕੀ, ਗਾਲੀ-ਗਲੋਚ ਅਤੇ ਬਹੁਤ ਹੀ ਅਸ਼ਲੀਲ ਸ਼ਬਦਾਂ ਦਾ ਅਇਸਤੇਮਾਲ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੇ। ਇਸ ਕਾਰਨ ਉਨ੍ਹਾਂ ਨੂੰ ਕਈ ਮੁਕੱਦਮਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਪਰ ਲੱਗਦਾ ਹੈ ਕਿ ਉਨ੍ਹਾਂ ਨੂੰ ਇਸ ਦੀ ਕੋਈ ਪਰਵਾਹ ਨਹੀਂ।

ਉਨ੍ਹਾਂ ਨੂੰ ਇਸ ਗੱਲ ਨਾਲ ਵੀ ਫ਼ਰਕ ਨਹੀਂ ਪੈਂਦਾ ਕਿ ਉਨ੍ਹਾਂ ਦੇ ਅਜਿਹੇ ਰਵੱਈਏ ਨਾਲ ਰਾਜਨੀਤਕ ਚਰਚਾ ਦਾ ਪੱਧਰ ਰਸਾਤਲ ਵਿਚ ਹੀ ਕਿਉਂ ਨਾ ਚਲਾ ਜਾਵੇ ਜਾਂ ਸੰਸਦ ਦੀ ਮਰਿਆਦਾ ਤਾਰ-ਤਾਰ ਹੋ ਜਾਵੇ। ਆਪਣੇ ਬੜਬੋਲੇਪਣ ਵਿਚ ਉਨ੍ਹਾਂ ਨੂੰ ਇਹ ਵੀ ਅਹਿਸਾਸ ਨਹੀਂ ਰਹਿੰਦਾ ਕਿ ਉਹ ਕੀ ਕਹਿ ਰਹੇ ਹਨ। ਕਦੇ ਉਹ ਭਾਰਤ ਸਰਕਾਰ 'ਤੇ ਸਵਾਲ ਉਠਾਉਂਦੇ ਹਨ ਕਿ ਭਾਰਤ ਰਾਸ਼ਟਰ ਨਾ ਹੋ ਕੇ ਸਿਰਫ਼ ਰਾਜਾਂ ਦਾ ਇਕ ਸੰਘ ਹੈ, ਤੇ ਕਦੇ ਕਹਿੰਦੇ ਹਨ ਕਿ ਉਨ੍ਹਾਂ ਦੀ ਲੜਾਈ ਸਿਰਫ਼ ਭਾਜਪਾ-ਆਰਐੱਸਐੱਸ ਨਾਲ ਹੀ ਨਹੀਂ ਸਗੋਂ ਇੰਡੀਅਨ ਸਟੇਟ ਯਾਨੀ ਭਾਰਤੀ ਰਾਜ-ਵਿਧਾਨ ਨਾਲ ਹੈ। ਇਸ ਸਭ ਤੋਂ ਰਾਹੁਲ ਗਾਂਧੀ ਦੀ ਮਨੋਬਿਰਤੀ ਨੂੰ ਸਮਝਿਆ ਜਾ ਸਕਦਾ ਹੈ।

ਬਿਹਾਰ ਵਿਧਾਨ ਸਭਾ ਚੋਣਾਂ ਦੌਰਾਨ ਵੀ ਉਨ੍ਹਾਂ ਨੇ ਚੋਣ ਕਮਿਸ਼ਨ 'ਤੇ ਨਿਰਮੂਲ ਦੋਸ਼ ਲਗਾਏ। ਜਦੋਂ ਕਮਿਸ਼ਨ ਨੇ ਰਾਹੁਲ ਨੂੰ ਕਿਹਾ ਕਿ ਉਹ ਆਪਣੇ ਦੋਸ਼ਾਂ ਦੇ ਪੱਖ ਵਿਚ ਸਹੁੰ-ਪੱਤਰ ਦੇਣ ਤਾਂ ਰਾਹੁਲ ਇਸ ਵਾਸਤੇ ਰਾਜ਼ੀ ਨਹੀਂ ਹੋਏ। ਇਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਉਨ੍ਹਾਂ ਦੇ ਦੋਸ਼ਾਂ ਵਿਚ ਕਿੰਨਾ ਕੁ ਦਮ ਸੀ। ਮਹਾਤਮਾ ਗਾਂਧੀ ਨੇ ਇਕ ਸਮੇਂ 'ਸੱਚ ਦੇ ਨਾਲ ਪ੍ਰਯੋਗ' ਕੀਤੇ ਸਨ ਪਰ ਲੱਗਦਾ ਹੈ ਕਿ ਰਾਹੁਲ ਗਾਂਧੀ ਨੇ ਝੂਠ ਨੂੰ ਹੀ ਆਪਣੀ ਪ੍ਰਯੋਗਸ਼ਾਲਾ ਬਣਾ ਲਿਆ ਹੈ। ਜਦੋਂ ਉਨ੍ਹਾਂ ਦੇ ਦੋਸ਼ ਨਹੀਂ ਟਿਕਦੇ ਤਾਂ ਉਹ ਤੁਰੰਤ ਨਵਾਂ ਰਾਗ ਛੇੜਨ ਲੱਗਦੇ ਹਨ। ਜਦੋਂ ਕਮਿਸ਼ਨ ਅਤੇ ਚੋਣ ਪ੍ਰਕਿਰਿਆ 'ਤੇ ਨਿਸ਼ਾਨਾ ਸੇਧਣ ਨਾਲ ਗੱਲ ਨਹੀਂ ਬਣੀ ਤਾਂ ਉਹ ਕਹਿਣ ਲੱਗੇ ਕਿ ਜੇਡੀਯੂ-ਭਾਜਪਾ ਦੀ ਸਰਕਾਰ ਨੇ ਬਿਹਾਰ ਨੂੰ ਬਰਬਾਦ ਕਰ ਦਿੱਤਾ। ਅਜਿਹਾ ਦੋਸ਼ ਲਗਾਉਂਦੇ ਹੋਏ ਰਾਹੁਲ ਭੁੱਲ ਗਏ ਕਿ ਬਿਹਾਰ ਵਿਚ ਲਾਲੂ ਪ੍ਰਸਾਦ ਯਾਦਵ ਦੇ ਜੰਗਲਰਾਜ ਦਾ ਹਿੱਸਾ ਉਨ੍ਹਾਂ ਦੀ ਪਾਰਟੀ ਕਾਂਗਰਸ ਵੀ ਰਹੀ ਹੈ। ਲਾਲੂ ਸਰਕਾਰ ਵਿਚ ਬਿਹਾਰ ਦੀ ਜੋ ਪ੍ਰਤੀ ਵਿਅਕਤੀ ਆਮਦਨ ਅੱਠ ਹਜ਼ਾਰ ਰੁਪਏ ਸੀ, ਉਹ ਨਿਤੀਸ਼ ਦੇ ਰਾਜ ਵਿਚ ਵਧ ਕੇ 68 ਹਜ਼ਾਰ ਰੁਪਏ ਹੋ ਗਈ ਹੈ। ਦਰਅਸਲ, ਕੁਝ ਵੀ ਕਹਿ ਦੇਣਾ ਅਤੇ ਉਸ ਦੇ ਪੱਖ ਵਿਚ ਕੋਈ ਸਬੂਤ ਨਾ ਦੇਣਾ ਰਾਹੁਲ ਗਾਂਧੀ ਦੀ ਸ਼ੈਲੀ ਬਣ ਗਈ ਹੈ। ਆਪਣੀ 'ਭਾਰਤ ਜੋੜੋ ਯਾਤਰਾ' ਦੌਰਾਨ ਵੀ ਉਨ੍ਹਾਂ ਨੇ ਸ੍ਰੀਨਗਰ ਵਿਚ ਕਿਹਾ ਸੀ ਕਿ 'ਦੇਸ਼ ਵਿਚ ਮਹਿਲਾਵਾਂ ਖ਼ਿਲਾਫ਼ ਅੱਤਿਆਚਾਰ ਹੋ ਰਿਹਾ ਹੈ ਪਰ ਪੁਲਿਸ ਉਨ੍ਹਾਂ ਨੂੰ ਨਿਆਂ ਨਹੀਂ ਦਿਵਾ ਰਹੀ।'

ਇਨ੍ਹਾਂ ਇਲਜ਼ਾਮਾਂ ਬਾਰੇ ਜਾਣਕਾਰੀ ਲੈਣ ਲਈ ਪੁਲਿਸ ਰਾਹੁਲ ਗਾਂਧੀ ਦੀ ਰਿਹਾਇਸ਼ 'ਤੇ ਤਿੰਨ ਵਾਰ ਗਈ ਪਰ ਉਹ ਕੋਈ ਠੋਸ ਜਵਾਬ ਅਤੇ ਸਬੂਤ ਨਹੀਂ ਦੇ ਸਕੇ। ਨੀਤੀਆਂ ਦੇ ਮਾਮਲਿਆਂ 'ਤੇ ਵੀ ਰਾਹੁਲ ਗਾਂਧੀ ਨਾਦਾਨੀ ਦਾ ਸਬੂਤ ਦਿੰਦੇ ਰਹਿੰਦੇ ਹਨ। ਮੋਦੀ ਸਰਕਾਰ ਨੇ 2019 ਵਿਚ ਜਦ ਨਾਗਰਿਕਤਾ ਸੋਧ ਕਾਨੂੰਨ ਦੀ ਦਿਸ਼ਾ ਵਿਚ ਕਦਮ ਵਧਾਏ ਤਾਂ ਅੱਤਵਾਦੀ ਤੱਤਾਂ ਦੇ ਦਬਾਅ ਵਿਚ ਰਾਹੁਲ ਗਾਂਧੀ ਉਸ ਦੇ ਵਿਰੋਧ ਵਿਚ ਲੱਗ ਗਏ। ਜਦਕਿ ਹਕੀਕਤ ਇਹ ਹੈ ਕਿ 1958 ਅਤੇ 2003 ਵਿਚ ਖ਼ੁਦ ਕਾਂਗਰਸ ਸਰਕਾਰ ਨੇ ਅਫ਼ਗਾਨਿਸਤਾਨ, ਪਾਕਿਸਤਾਨ ਅਤੇ ਬੰਗਲਾਦੇਸ਼ ਵਿਚ ਧਾਰਮਿਕ ਆਸਥਾ ਕਾਰਨ ਤੰਗ ਕੀਤੇ ਜਾਂਦੇ ਹਿੰਦੂ, ਸਿੱਖ, ਬੋਧ, ਜੈਨ, ਪਾਰਸੀ ਅਤੇ ਈਸਾਈ ਸ਼ਰਨਾਰਥੀਆਂ ਨੂੰ ਭਾਰਤ ਦੀ ਨਾਗਰਿਕਤਾ ਦੇਣ ਦਾ ਵਾਅਦਾ ਕੀਤਾ ਸੀ। ਮੋਦੀ ਸਰਕਾਰ 2019 ਵਿਚ ਉਸੇ ਵਾਅਦੇ ਦੀ ਪੂਰਤੀ ਕਰਨ ਦੇ ਯਤਨ ਵਿਚ ਸੀ।

ਨਾਗਰਿਕਤਾ ਸੋਧ ਕਾਨੂੰਨ ਕਿਸੇ ਦੀ ਨਾਗਰਿਕਤਾ ਖੋਹਣ ਦਾ ਨਹੀਂ ਸਗੋਂ ਨਾਗਰਿਕਤਾ ਦੇਣ ਨਾਲ ਜੁੜਿਆ ਹੈ। ਇਸ ਦੇ ਬਾਵਜੂਦ ਰਾਹੁਲ ਉਸ ਦੇ ਵਿਰੋਧ ਵਿਚ ਅੜ ਗਏ ਕਿ ਇਸ ਜ਼ਰੀਏ ਸੰਵਿਧਾਨ ਨਾਲ ਖਿਲਵਾੜ ਹੋ ਰਿਹਾ ਹੈ। ਉਨ੍ਹਾਂ ਤੋਂ ਸਵਾਲ ਬਣਦਾ ਹੈ ਕਿ ਕੀ 1958 ਵਿਚ ਕੇਂਦਰ ਦੀ ਸਰਕਾਰ ਉਨ੍ਹਾਂ ਸ਼ਰਨਾਰਥੀਆਂ ਨਾਲ ਵਾਅਦਾ ਕਰ ਕੇ ਸੰਵਿਧਾਨ ਨਾਲ ਖਿਲਵਾੜ ਕਰ ਰਹੀ ਸੀ? ਰਾਹੁਲ ਗਾਂਧੀ ਦਾ ਇਹ ਰਵੱਈਆ ਕੁਝ ਹੋਰ ਨਹੀਂ ਸਗੋਂ ਕਿਸੇ ਖ਼ਾਸ ਤਬਕੇ ਨੂੰ ਖ਼ੁਸ਼ ਕਰਨ ਦਾ ਸਿਖਰ ਹੀ ਹੈ। ਇਸ ਨਾਲ ਨਾ ਸਿਰਫ਼ ਉਨ੍ਹਾਂ ਦੀ ਸਾਖ਼ ਪ੍ਰਭਾਵਿਤ ਹੋ ਰਹੀ ਹੈ ਸਗੋਂ ਕਾਂਗਰਸ ਦਾ ਸਮਰਥਨ ਵੀ ਘਟਦਾ ਜਾ ਰਿਹਾ ਹੈ।

# ਜੰਗ ਰੋਕਣ ਦੀ ਬਜਾਏ ਵਧ ਰਹੀ ਬਿਆਨਬਾਜ਼ੀ



**ਗੁਰਬਚਨ ਜਗਤ**

ਭੂ-ਰਾਜਨੀਤੀ ਦੀਆਂ ਖੇਡਾਂ ਕੁਝ ਜ਼ਿਆਦਾ ਹੀ ਤੇਜ਼ੀ ਨਾਲ ਖੇਡੀਆਂ ਜਾ ਰਹੀਆਂ ਹਨ ਅਤੇ ਮੈਂ ਸੋਚ ਰਿਹਾ ਹਾਂ ਕਿ ਇਨ੍ਹਾਂ ਦਾ ਸਾਡੇ ਉਪਰ ਕੀ ਪ੍ਰਭਾਵ ਪਵੇਗਾ। ਹਮਾਸ-ਇਜ਼ਰਾਈਲ ਜੰਗ ਵਿਚ ਇਕ ਸ਼ੁਰੂਆਤ ਹੋ ਗਈ ਹੈ ਅਤੇ ਜੰਗਬੰਦੀ ਲਾਗੂ ਹੋ ਗਈ ਹੈ; ਇਜ਼ਰਾਇਲੀ ਬੰਧਕਾਂ ਅਤੇ ਫ਼ਲਸਤੀਨੀ ਕੈਦੀਆਂ ਦਾ ਵਟਾਂਦਰਾ ਹੋਇਆ ਹੈ। ਅਮਰੀਕਾ, ਬਰਤਾਨੀਆ, ਇਜ਼ਰਾਈਲ, ਮਿਸਰ, ਲਿਬਨਾਨ, ਯਮਨ, ਇਰਾਨ, ਕਤਰ, ਸੀਰੀਆ ਅਤੇ ਹੋਰ ਕੁਝ ਦੇਸ਼ ਵੀ ਇਸ ਵਿਚ ਸ਼ਾਮਲ ਹੋ ਗਏ ਸਨ ਜਿਨ੍ਹਾਂ ਬਾਰੇ ਸ਼ਾਇਦ ਮੈਂ ਭੁੱਲ ਗਿਆ ਹਾਂ। ਸ਼ਾਂਤੀ ਹਮੇਸ਼ਾ ਸਵਾਗਤਯੋਗ ਹੁੰਦੀ ਹੈ ਪਰ ਵਡੇਰਾ ਸਵਾਲ ਇਹ ਹੈ ਕਿ ਕੀ ਇਹ ਲੰਮਾ ਸਮਾਂ ਬਣੀ ਰਹੇਗੀ? ਇਜ਼ਰਾਈਲ ਜਿਸ ਨੂੰ ਅਮਰੀਕਾ ਵਲੋਂ ਮਦਦ ਦਿੱਤੀ ਜਾਂਦੀ ਹੈ, ਨੇ ਸਾਫ਼ ਤੌਰ 'ਤੇ ਟਕਰਾਅ ਵਿਚ ਆਪਣਾ ਦਬਦਬਾ ਦਰਸਾ ਦਿੱਤਾ ਹੈ। ਇਸ ਨੇ ਇਹ ਵੀ ਦਰਸਾ ਦਿੱਤਾ ਹੈ ਕਿ ਇਜ਼ਰਾਈਲ ਵਿਚ ਕੱਟੜਪੰਥੀ ਵਿਚਾਰਧਾਰਾ ਫ਼ਲਸਤੀਨੀ ਰਾਜ ਨੂੰ ਬਿਲਕੁਲ ਵੀ ਬਰਦਾਸ਼ਤ ਨਹੀਂ ਕਰਦੀ ਅਤੇ ਇਹ ਨੀਤੀ ਹੁਣ ਭਾਰੂ ਪੈ ਰਹੀ ਹੈ। ਗਾਜ਼ਾ ਵਿਚ ਕੀਤੀ ਗਈ ਕਾਰਪੈਟ ਬੰਬਾਰੀ, ਪੱਛਮੀ ਕੰਢੇ 'ਤੇ ਵਸਣ ਵਾਲਿਆਂ ਨੂੰ ਦਿੱਤੀ ਜਾਂਦੀ ਇਮਦਾਦ ਅਤੇ ਹਰ ਤਰ੍ਹਾਂ ਦੇ ਵਿਰੋਧ ਪ੍ਰਤੀ ਵਰਤੀ ਜਾ ਰਹੀ ਸਖ਼ਤੀ ਤੋਂ ਇਹ ਦੇਖਿਆ ਜਾ ਸਕਦਾ ਹੈ। ਕੀ ਇਸ ਨਾਲ ਫ਼ਲਸਤੀਨੀ ਰਾਜ ਅਤੇ ਦੋ ਮੁਲਕੀ ਫਾਰਮੂਲੇ ਦੀ ਮੰਗ ਦਾ ਅੰਤ ਹੋ ਜਾਵੇਗਾ... ਸ਼ਾਇਦ ਨਹੀਂ।

ਆਖਰਕਾਰ ਇਹ ਤਿੰਨ ਪ੍ਰਾਚੀਨ ਭਾਈਚਾਰਿਆਂ ਅਤੇ ਧਰਮਾਂ ਦਰਮਿਆਨ ਇਕ ਫਿਰਕੂ ਟਕਰਾਅ ਹੈ। ਯੋਰੋਸ਼ਲਮ ਜਿੱਥੋਂ ਈਸਾਈ, ਇਸਲਾਮ ਅਤੇ ਯਹੂਦੀ ਧਰਮਾਂ ਦਾ ਜਨਮ ਹੋਇਆ ਸੀ, ਨੂੰ ਲੈ ਕੇ ਸਦੀਆਂ ਤੋਂ ਲੜਾਈਆਂ ਹੁੰਦੀਆਂ ਰਹੀਆਂ ਹਨ ਤੇ ਇਹ ਕਹਿਣਾ ਕਿ ਇਹ ਸਭ ਕੁਝ ਹੁਣ ਖਤਮ ਹੋ ਗਿਆ ਹੈ, ਮਾਮਲੇ ਨੂੰ ਥੋੜ੍ਹਾ ਜ਼ਿਆਦਾ ਹੀ ਸਧਾਰਨ ਬਣਾਉਣ ਵਰਗਾ ਹੋ ਜਾਂਦਾ ਹੈ। ਮੱਧ ਪੂਰਬ ਵਿਚ ਤੇਲ ਦੇ ਭੰਡਾਰਾਂ ਉਪਰ ਕੰਟਰੋਲ ਦੀ ਲਲਕ ਮਹਾਸ਼ਕਤੀਆਂ ਦੇ ਇਸ ਵਿਚ ਸ਼ਾਮਲ ਹੋਣ ਦਾ ਵੱਡਾ ਕਾਰਨ ਸੀ। ਹਮਾਸ ਦੇ ਹਥਿਆਰ ਸੌਂਪਣ ਅਤੇ ਯੂਕੇ ਸਮੇਤ ਯੂਰਪ ਦੇ ਬਹੁਤ ਸਾਰੇ ਦੇਸ਼ਾਂ ਵਲੋਂ ਫ਼ਲਸਤੀਨ ਰਾਜ ਨੂੰ ਮਾਨਤਾ ਦੇਣ ਦੇ ਮੱਦੇਨਜ਼ਰ ਫ਼ਲਸਤੀਨ ਸਮੱਸਿਆ ਦੇ ਹੱਲ ਦੀਆਂ ਮੰਗਾਂ ਬਾਬਤ ਬਹੁਤ ਸਾਰਾ ਕੰਮ ਪਿਆ ਹੈ।

ਕੀ ਇਸ ਟਕਰਾਅ ਵਿਚ ਸਾਡੀ ਸਥਿਤੀ ਕਰ ਕੇ ਸ਼ਾਇਦ ਮੱਧ ਪੂਰਬ ਦੇ ਦੇਸ਼ਾਂ ਨਾਲ ਸਬੰਧਾਂ ਵਿਚ ਨਰਮੀ ਆਈ ਹੈ, ਜਿਨ੍ਹਾਂ ਨਾਲ ਅਤੀਤ ਵਿਚ ਸਾਡੇ ਨਿੱਘੇ ਸਬੰਧ ਰਹੇ ਸਨ? ਪਾਕਿਤਸਾਨ ਅਤੇ ਸਾਊਦੀ ਅਰਬ ਵਿਚਕਾਰ ਹਾਲੀਆ ਰੱਖਿਆ ਸਮਝੌਤਾ ਇਸ ਗੱਲ ਦਾ ਸੰਕੇਤ ਦਿੰਦਾ ਹੈ। ਇਸ ਤੋਂ ਇਲਾਵਾ ਅਮਰੀਕਾ ਅਤੇ ਪਾਕਿਸਤਾਨ ਵਿਚ ਹਾਲ ਹੀ ਵਿਚ ਦੇਖਣ ਨੂੰ ਮਿਲੀ ਕਰੀਬੀ ਸਾਂਝ ਸਾਡੇ ਲਈ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਅਮਰੀਕਾ ਨੂੰ ਇਰਾਨ, ਅਫ਼ਗਾਨਿਸਤਾਨ ਅਤੇ ਚੀਨ ਦੇ ਨਾਲ ਲਗਦੇ ਇਕ ਰਣਨੀਤਕ ਭਿਆਲ ਦੀ ਲੋੜ ਹੈ... ਪਾਕਿਸਤਾਨ ਦੀਆਂ ਸਰਹੱਦਾਂ ਇਨ੍ਹਾਂ ਤਿੰਨਾਂ ਨਾਲ ਮਿਲਦੀਆਂ ਹਨ। ਇਹੀ ਨਹੀਂ ਸਗੋਂ ਇਹ ਖ਼ੁਫ਼ੀਆ ਸੂਚਨਾ ਅਤੇ ਸਾਜ਼ੋ ਸਾਮਾਨ ਵੀ ਮੁਹੱਈਆ ਕਰਾਉਣ ਵਿਚ ਸਮੱਰਥ ਹੈ।

ਹਰੇਕ ਧਿਰ ਨਾਲ ਮਿਲ ਕੇ ਖੇਡਣ ਦੀ ਪਾਕਿਸਤਾਨ ਦੀ ਇੱਛਾ ਦੇ ਅਫ਼ਗਾਨਿਸਤਾਨ ਨਾਲ ਲੱਗਦੀ ਇਸ ਦੀ ਉੱਤਰੀ ਸਰਹੱਦ ਉਪਰ ਝੜਪਾਂ ਤੇ ਜਾਨੀ ਨੁਕਸਾਨ ਦੇ ਰੂਪ ਵਿਚ ਸਿੱਟੇ ਵੀ ਸਾਹਮਣੇ ਆ ਰਹੇ ਹਨ। ਚੀਨ ਅਤੇ ਅਮਰੀਕਾ ਨਾਲ ਆਪਣੇ ਸਬੰਧਾਂ ਨੂੰ ਉਹ ਕਿਵੇਂ ਸੰਤੁਲਿਤ ਕਰਨਗੇ, ਇਹ ਕੂਟਨੀਤਕ ਤੌਰ 'ਤੇ 'ਰੀਮੈਨ ਹਾਇਪੋਥੀਸਿਸ' ਨੂੰ ਹੱਲ ਕਰਨ ਦੇ ਸਮਾਨ ਹੋਵੇਗਾ।

ਸਾਡੀ ਸੁਰੱਖਿਆ ਲਈ ਇਹ ਸਵਾਲ ਪੈਦਾ ਹੁੰਦਾ ਹੈ ਕਿ ਕੀ ਪਾਕਿਸਤਾਨ ਨੂੰ ਰਿਝਾਉਣ ਲਈ ਅਮਰੀਕਾ ਅਤੇ ਚੀਨ ਉਸ ਦੀ ਕਸ਼ਮੀਰ ਦੀ ਖਾਹਿਸ਼ ਨੂੰ ਪੂਰਾ ਕਰਨਗੇ? ਕੀ ਖੇਤਰ ਵਿਚ ਸੰਘਰਸ਼ ਵੱਡੀਆਂ ਸ਼ਕਤੀਆਂ ਨੂੰ ਰਾਸ ਆਵੇਗਾ? ਕਈ ਦਹਾਕਿਆਂ ਤੋਂ ਸਾਡੇ ਕੋਲ ਇਕ ਅਜਿਹੀ ਸਰਗਰਮ ਅਸਲ ਕੰਟਰੋਲ ਰੇਖਾ ਰਹੀ ਹੈ ਜਿਸ ਉਪਰ ਮੁਕੰਮਲ ਯੁੱਧ ਤੋਂ ਲੈ ਕੇ ਭਾਰੀ ਬੰਬਾਰੀ ਅਤੇ ਸੀਮਤ ਝੜਪਾਂ ਤੱਕ ਵੱਖੋ-ਵੱਖਰੇ ਪੱਧਰ ਦੇ ਸੰਘਰਸ਼ ਹੁੰਦੇ ਰਹੇ ਹਨ। ਹਾਲੀਆ ਸੰਘਰਸ਼ ਵਿਚ ਦੋਵਾਂ ਪਾਸਿਆਂ ਤੋਂ ਪਹਿਲਾਂ ਨਾਲੋਂ ਇਕ-ਦੂਜੇ ਦਾ ਜ਼ਿਆਦਾ ਨੁਕਸਾਨ ਕਰਨ ਦੀ ਸਮਰੱਥਾ ਦਾ ਮੁਜ਼ਾਹਰਾ ਕੀਤਾ ਗਿਆ ਹੈ। ਡਰੋਨ ਅਤੇ ਸੈਟੇਲਾਈਟਾਂ ਦੀ ਮਦਦ ਨਾਲ ਆਧੁਨਿਕ ਹਵਾਈ ਸ਼ਕਤੀ ਦੀ ਵਰਤੋਂ ਸਪੱਸ਼ਟ ਰੂਪ ਵਿਚ ਰੇਂਜ ਅਤੇ ਕਾਬਲੀਅਤ, ਦੋਵਾਂ ਪੱਖਾਂ ਤੋਂ ਵਾਧੇ ਨੂੰ ਦਰਸਾਉਂਦੀ ਹੈ। ਕੀ ਅਸੀਂ ਉਹ ਸਮਰੱਥਾ ਦਰਸਾਉਣ ਵਿਚ ਕਾਮਯਾਬ ਰਹੇ ਹਾਂ ਜੋ ਦੁਸ਼ਮਣ ਨੂੰ ਮਾਤ ਦੇ ਸਕੇ? ਪਿਛਲੀ ਝੜਪ ਤੋਂ ਬਾਅਦ ਬਿਆਨਬਾਜ਼ੀ ਵਿਚ ਤੇਜ਼ੀ ਆ ਗਈ ਹੈ ਅਤੇ ਯੁੱਧ ਦੇ ਨਗਾਰੇ ਸੁਣਾਈ ਦੇ ਰਹੇ ਹਨ। ਸਭ ਤੋਂ ਪਹਿਲਾਂ, ਇਸ ਝੜਪ ਦੇ ਸਿੱਟੇ ਦੀ ਧਾਰਨਾ ਦੋਵਾਂ ਪੱਖਾਂ ਵਿਚ ਬਹੁਤ ਵੱਖੋ-ਵੱਖਰੀ ਹੈ। ਦੂਜੀ ਗੱਲ ਇਹ ਹੈ ਕਿ ਧਮਕੀਆਂ ਤੇ ਜਵਾਬੀ ਧਮਕੀਆਂ ਅੱਜ ਕੱਲ੍ਹ ਦਾ ਦਸਤੂਰ ਬਣ ਗਿਆ ਹੈ- ਨਾ ਕੇਵਲ ਸਿਆਸਤਦਾਨ ਸਗੋਂ ਰੱਖਿਆ ਅਧਿਕਾਰੀ ਵੀ ਇਸ ਖੇਡ ਦਾ ਹਿੱਸਾ ਬਣ ਗਏ ਹਨ। ਹਥਿਆਰਬੰਦ ਬਲ ਹੁਣ ਮੂਕ ਹਿੱਸੇਦਾਰ ਨਹੀਂ ਰਹਿ ਗਏ; ਹੁਣ ਉਹ ਵੰਗਾਰਾਂ ਤੇ ਧਮਕੀਆਂ ਦਿੰਦੇ ਹਨ। ਹਰ ਰੋਜ਼ ਕਿਸੇ ਜਰਨੈਲ ਜਾਂ ਫੀਲਡ ਮਾਰਸ਼ਲ ਦੀ ਤਰੱਕੀ ਹੁੰਦੀ ਹੈ। ਅਸੀਂ ਕਹਿੰਦੇ ਹਾਂ ਕਿ ਅਪਰੇਸ਼ਨ ਸਿੰਧੂਰ ਜਾਰੀ ਹੈ, ਉਹ ਉਸੇ ਭਾਸ਼ਾ ਵਿਚ ਜਵਾਬ ਦਿੰਦੇ ਹਨ। ਇਕ ਦੂਜੇ ਦੇ ਇਤਿਹਾਸ ਅਤੇ ਭੂਗੋਲ ਨੂੰ ਦਫ਼ਨਾਉਣ ਦੀਆਂ ਧਮਕੀਆਂ ਇਕ ਨਵੀਂ ਗੱਲ ਹੈ। ਫਿਰ ਦੁਨੀਆ ਭਰ ਦੀਆਂ ਰਾਜਧਾਨੀਆਂ ਵਿਚ ਦੋਵਾਂ ਧਿਰਾਂ ਵਲੋਂ ਲਾਬਿੰਗ ਕੀਤੀ ਜਾਂਦੀ ਹੈ, ਹੋਰ ਜ਼ਿਆਦਾ ਹਥਿਆਰ, ਹੋਰ ਸੰਧੀਆਂ ।।। ਅਸੀਂ ਵਾਸ਼ਿੰਗਟਨ, ਪੇਈਚਿੰਗ, ਮਾਸਕੋ, ਲੰਡਨ ਆਦਿ ਵਿਚ ਬੈਠੇ ਲੋਕਾਂ ਵੱਲ ਦੇਖਦੇ ਹਾਂ। ਲਾਬਿੰਗ ਲਈ ਅਸੀਂ ਜਿੰਨੇ ਜ਼ਿਆਦਾ ਹੱਥ ਪੈਰ ਮਾਰ ਰਹੇ ਹਾਂ, ਸਾਡੇ ਇਸ ਵਡੇਰੀ ਖੇਡ ਵਿਚ ਧਸਦੇ ਚਲੇ ਜਾਣ ਅਤੇ ਸਾਨੂੰ ਪਿਆਦੇ ਦੀ ਤਰ੍ਹਾਂ ਵਰਤੇ ਜਾਣ ਦੀਆਂ ਸੰਭਾਵਨਾਵਾਂ ਵਧਦੀਆਂ ਜਾ ਰਹੀਆਂ ਹਨ।

ਰੂਸ-ਯੂਕਰੇਨ ਸੰਘਰਸ਼ ਅਜੇ ਚੱਲ ਰਿਹਾ ਹੈ; ਨਾਟੋ ਅਤੇ ਅਮਰੀਕਾ ਇਸ ਵਿਚ ਸਰਗਰਮੀ ਨਾਲ ਹਿੱਸਾ ਲੈ ਰਹੇ ਹਨ। ਚੀਨ ਅਕਸਰ ਸ਼ਾਇਦ ਕਦੇ ਜ਼ਿਆਦਾ ਚੁੱਪ-ਚਾਪ ਅਤੇ ਕਦੇ ਜ਼ਿਆਦਾ ਸਰਗਰਮ ਭੂਮਿਕਾ ਨਿਭਾਉਂਦਾ ਆ ਰਿਹਾ ਹੈ ਜਦਕਿ ਸਾਡੇ ਉਪਰ ਮਹਿਜ਼ ਰੂਸੀ ਤੇਲ ਖ਼੍ਰੀਦਣ ਕਰ ਕੇ ਹੀ ਦੰਡਕਾਰੀ ਟੈਰਿਫ਼ ਲਾਇਆ ਜਾਂਦਾ ਹੈ; ਇਹ ਉਹੀ ਤੇਲ ਤੇ ਗੈਸ ਹੈ ਜੋ ਨਾਟੋ ਦੇਸ਼ ਖ਼ੁਦ ਖ਼੍ਰੀਦਦੇ ਹਨ। ਤਾਂ ਫਿਰ ਅਸੀਂ ਕਿਹੜਾ ਪੈਂਤੜਾ ਲਈਏ?

ਆਓ, ਸਭ ਤੋਂ ਪਹਿਲਾਂ ਆਪਣੇ ਅੰਦਰ ਝਾਤੀ ਮਾਰੀਏ ਕਿ ਅਸੀਂ ਕਿੱਧਰ ਜਾ ਰਹੇ ਹਾਂ। ਜਦੋਂ ਅਸੀਂ ਦੂਰ ਦੁਰੇਡੀਆਂ ਮਹਾਸ਼ਕਤੀਆਂ ਕੋਲ ਲਾਬਿੰਗ ਕਰਦੇ ਹਾਂ ਅਤੇ ਉਨ੍ਹਾਂ ਦੀ ਉਪਮਾ ਕਰਦੇ ਹਾਂ ਤਾਂ ਸਾਨੂੰ ਆਪਣੇ ਅੰਦਰ ਵੀ ਦੇਖਣਾ ਚਾਹੀਦਾ ਹੈ। ਅਸੀਂ ਆਪਣੀਆਂ ਅਤੀਤ ਦੀਆਂ ਗਲਤੀਆਂ ਤੋਂ ਕੋਈ ਸਬਕ ਨਹੀਂ ਲਿਆ ਅਤੇ ਅਸੀਂ ਉਨ੍ਹਾਂ ਨੂੰ ਦੁਹਰਾਉਣ 'ਤੇ ਤੁਲੇ ਹੋਏ ਹਾਂ। ਸਾਡੇ ਸਰਹੱਦੀ ਸੂਬਿਆਂ ਵਿਚ ਦਰਾਰਾਂ ਰੋਜ਼ ਵਧਦੀਆਂ ਜਾ ਰਹੀਆਂ ਹਨ। ਦੇਸ਼ ਦੇ ਲਗਭਗ ਸਾਰੇ ਰਾਜਾਂ ਵਿਚ ਵਿਕਾਸ ਦੀ ਕਮੀ, ਗਰੀਬੀ, ਨੌਜਵਾਨਾਂ ਦੀ ਅਣਦੇਖੀ ਅਤੇ ਬੇਰੁਜ਼ਗਾਰੀ ਦੀ ਸਮੱਸਿਆ ਬਣੀ ਹੋਈ ਹੈ। ਅੱਜ ਦੇ ਅਤਿ ਅਭਿਲਾਸ਼ੀ ਨੌਜਵਾਨ ਪੁਰਾਣੇ ਅਤੇ ਭ੍ਰਿਸ਼ਟ ਨੇਤਾਵਾਂ ਦੀਆਂ ਚਾਲਾਂ ਨੂੰ ਜਾਣਦੇ ਹਨ। ਇਹ ਬੁਨਿਆਦੀ ਮੁੱਦੇ ਸਾਡੇ ਦੇਸ਼ ਅੰਦਰ ਬਣੀਆਂ ਦਰਾਰਾਂ ਦੇ ਮੁੱਖ ਕਾਰਨ ਹਨ। ਜੇ ਅਸੀਂ ਆਪਣੀ ਧਰਤੀ ਉਪਰ ਸ਼ਾਂਤੀ ਅਤੇ ਅਮਨ ਚੈਨ ਕਾਇਮ ਕਰਨਾ ਹੈ ਤਾਂ ਇਨ੍ਹਾਂ ਮੁੱਦਿਆਂ ਨੂੰ ਹੱਲ ਕਰਨਾ ਤਰਜੀਹ ਹੋਣੀ ਚਾਹੀਦੀ ਹੈ। ਇਹ ਸਾਡੀ ਏਕਤਾ ਅਖੰਡਤਾ ਅਤੇ ਪ੍ਰਭੂਤਾ ਲਈ ਖਤਰਾ ਹੈ; ਬੰਗਲਾਦੇਸ਼ ਨੂੰ ਹੀ ਲੈ ਲਓ, ਜੋ ਹੁਣ ਸਾਡਾ ਹਿਤੈਸ਼ੀ ਨਹੀਂ ਰਿਹਾ। ਇਸ ਦੇ ਨਵੇਂ ਆਗੂ ਖੁੱਲ੍ਹੇਆਮ ਉੱਤਰ-ਪੂਰਬ ਵਿਚ ਸਮੱਸਿਆਵਾਂ ਪੈਦਾ ਕਰਨ ਅਤੇ ਬਾਕੀ ਭਾਰਤ ਨਾਲੋਂ ਇਸ ਦਾ ਸੰਪਰਕ ਤੋੜਨ ਲਈ 'ਚਿਕਨ ਨੈਕ' ਖੇਤਰ ਦਾ ਇਸਤੇਮਾਲ ਕਰਨ ਦੀਆਂ ਗੱਲਾਂ ਕਰ ਰਹੇ ਹਨ। ਉੱਤਰ-ਪੂਰਬ ਖਾਸਕਰ ਮਨੀਪੁਰ ਅਤੇ ਨਾਗਾਲੈਂਡ ਪਿਛਲੇ ਕੁਝ ਸਾਲਾਂ ਤੋਂ ਬੇਹੱਦ ਅਸ਼ਾਂਤ ਬਣੇ ਹੋਏ ਹਨ। ਪਿਛਲੇ ਕੁਝ ਸਾਲਾਂ ਤੋਂ ਮਨੀਪੁਰ ਵਿਚ ਤ੍ਰੇੜਾਂ ਗਹਿਰੀਆਂ ਹੋ ਗਈਆਂ ਅਤੇ ਇਹ ਅਲੱਗ-ਥਲੱਗ ਹੋ ਗਿਆ ਹੈ। ਲੱਦਾਖ ਕਾਫ਼ੀ ਸਮੇਂ ਤੋਂ ਰਾਜ ਦੇ ਦਰਜੇ ਦੀ ਮੰਗ ਕਰ ਰਿਹਾ ਹੈ ਅਤੇ ਚੀਨ ਨਾਲ ਮਸਲਿਆਂ ਨੂੰ ਦੇਖਦੇ ਹੋਇਆਂ ਉੱਥੇ ਹੋਰ ਜ਼ਿਆਦਾ ਉਥਲ-ਪੁਥਲ ਨਹੀਂ ਹੋਣ ਦਿੱਤੀ ਜਾਣੀ ਚਾਹੀਦੀ। ਪੰਜਾਬ ਸ਼ਾਂਤ ਹੈ ਪਰ ਕੁਝ ਘਟਨਾਵਾਂ ਜਿਨ੍ਹਾਂ ਕਰ ਕੇ ਕਿਸਾਨਾਂ ਵਲੋਂ ਜ਼ਬਰਦਸਤ ਰੋਸ ਮੁਜ਼ਾਹਰੇ ਕੀਤੇ ਗਏ ਸਨ, ਉਨ੍ਹਾਂ ਨਾਲ ਸਖਤਗੀਰ ਅਨਸਰਾਂ ਨੂੰ ਇਕ ਮੌਕਾ ਮਿਲ ਗਿਆ ਹੈ। ਹਾਲ ਹੀ ਵਿਚ ਹੜ੍ਹ ਅਤੇ ਪੱਛਮੀ ਦੇਸ਼ਾਂ ਤੋਂ ਹੋ ਰਹੀਆਂ ਬੇਦਖ਼ਲੀਆਂ ਭਵਿੱਖ ਲਈ ਕੋਈ ਸ਼ੁਭ ਸੰਕੇਤ ਨਹੀਂ ਹਨ। ਜੇ ਅਸੀਂ ਹੜ੍ਹਾਂ ਦਾ ਪ੍ਰਬੰਧ ਨਹੀਂ ਕਰ ਸਕਦੇ ਤਾਂ ਕੋਈ ਹੋਰ ਚੰਗਾ ਕੰਮ ਕਰਨ ਦੀ ਉਮੀਦ ਕੀਤੀ ਹੀ ਨਹੀਂ ਜਾ ਸਕਦੀ, ਨੌਜਵਾਨਾਂ ਲਈ ਅੱਗੇ ਵਧਣ ਦਾ ਰਸਤਾ ਲੱਭਣਾ ਤਾਂ ਬਹੁਤ ਦੂਰ ਦੀ ਗੱਲ ਹੈ। ਜੇ ਨੌਜਵਾਨ ਬੇਰੁਜ਼ਗਾਰ ਹੋਣਗੇ ਤਾਂ ਪੰਜਾਬ ਦੇ ਗਰੋਹ ਅਤੇ ਪੱਛਮੀ ਦੇਸ਼ਾਂ ਦੇ ਗੈਂਗਸਟਰ ਰਲ ਜਾਣਗੇ ਅਤੇ ਸਾਡੀਆਂ ਜੜ੍ਹਾਂ 'ਤੇ ਹਮਲਾ ਕਰਨਗੇ। ਸੂਬੇ ਦੇ ਚਾਰੇ ਪਾਸੇ ਜ਼ਮੀਨ ਲਗਦੀ ਹੈ; ਇਸ ਕੋਲ ਵਪਾਰ ਲਈ ਖੁੱਲ੍ਹੀ ਕੌਮਾਂਤਰੀ ਸਰਹੱਦ ਨਹੀਂ ਹੈ ਸਗੋਂ ਇਹ ਦੁਸ਼ਮਣਾਂ ਨਾਲ ਘਿਰਿਆ ਹੈ। ਨਿਗੂਣੇ ਕੌਮਾਂਤਰੀ ਹਵਾਈ ਸੰਪਰਕ ਕਾਰਨ ਬੇਗਾਨਗੀ ਹੋਰ ਵਧ ਜਾਂਦੀ ਹੈ, ਨਿਰਮਾਣਕਾਰੀ ਦਾ ਕੋਈ ਜ਼ਿਕਰਯੋਗ ਆਧਾਰ ਨਹੀਂ ਹੈ ਅਤੇ ਸਾਡੇ ਕੋਲ ਸੂਚਨਾ ਤਕਨਾਲੋਜੀ ਲਈ ਕੋਈ ਬੁਨਿਆਦੀ ਢਾਂਚਾ ਨਹੀਂ ਹੈ। ਨੌਜਵਾਨ ਅਪਰਾਧੀ ਗਰੋਹਾਂ ਦਾ ਚਾਰਾ ਨਹੀਂ ਬਣਨਗੇ ਤਾਂ ਹੋਰ ਕੀ ਕਰਨਗੇ? ਅਸੀਂ ਅਸਾਨੀ ਨਾਲ ਫਿਰਕਿਆਂ ਦਰਮਿਆਨ ਵਖਰੇਵਿਆਂ ਉਪਰ ਖੇਡ ਸਕਦੇ ਹਾਂ ਕਿਉਂਕਿ ਇਨ੍ਹਾਂ ਦੀ ਕੋਈ ਕਮੀ ਨਹੀਂ ਹੈ... ਧਾੜਵੀ, ਮੁਗਲ, ਮੰਗੋਲ, ਆਰੀਅਨ—-ਇਨ੍ਹਾਂ ਦੀ ਲੰਮੀ ਸੂਚੀ ਹੈ। ਸਾਰੀਆਂ ਕੌਮਾਂ ਅੰਦਰ ਇਹੋ ਜਿਹੀਆਂ ਵੰਡੀਆਂ ਮੌਜੂਦ ਹਨ। ਬਰਤਾਨਵੀਆਂ ਵਿਚ ਸਕਾਟਿਸ਼, ਆਇਰਿਸ਼, ਵੈਲਸ਼, ਨੌਰਮਨ, ਸੈਕਸਨ, ਵਾਇਕਿੰਗ ਆਦਿ ਦੇ ਰੂਪ ਵਿਚ ਬਹੁਤ ਸਾਰੀਆਂ ਵੰਡੀਆਂ ਸਨ ਪਰ ਰਾਸ਼ਟਰੀ ਰਾਜ ਨੇ ਇਨ੍ਹਾਂ ਵੰਡੀਆਂ ਤੋਂ ਪਾਰ ਪਾਉਣਾ ਹੁੰਦਾ ਹੈ ਅਤੇ ਖੁਸ਼ਹਾਲੀ ਲਈ ਰਾਸ਼ਟਰ ਨਿਰਮਾਣ ਉਪਰ ਧਿਆਨ ਕੇਂਦਰਤ ਕਰਨਾ ਹੁੰਦਾ ਹੈ। ਇੰਗਲੈਂਡ, ਸਕਾਟਲੈਂਡ ਅਤੇ ਆਇਰਲੈਂਡ ਵਿਚ ਸਦੀਆਂ ਤੋਂ ਯੂਨੀਵਰਸਿਟੀਆਂ ਤੇ ਸਕੂਲ ਚੱਲ ਰਹੇ ਹਨ ਅਤੇ ਫ਼ਲ-ਫੁੱਲ ਰਹੇ ਹਨ ਅਤੇ ਇਨ੍ਹਾਂ ਦੇ ਪੁਰਾਣੇ ਵਿਦਿਆਰਥੀ ਹੀ ਹਨ ਜਿਨ੍ਹਾਂ ਨੇ ਅਜਿਹੀਆਂ ਖੋਜਾਂ ਅਤੇ ਵਿਚਾਰ ਪੈਦਾ ਕੀਤੇ ਹਨ ਜਿਨ੍ਹਾਂ ਨੇ ਉਨ੍ਹਾਂ ਨੂੰ ਉਤਸ਼ਾਹਿਤ ਕੀਤਾ ਹੈ। ਸਾਨੂੰ ਨੌਜਵਾਨਾਂ ਨੂੰ ਸਮਰੱਥ ਅਤੇ ਯੋਗ ਬਣਾਉਣ ਲਈ ਆਪਣੀ ਉੱਚ ਸਿੱਖਿਆ ਅਤੇ ਖੋਜ ਸੰਸਥਾਵਾਂ ਨੂੰ ਮਜ਼ਬੂਤ ਬਣਾਉਣਾ ਪਵੇਗਾ। ਸਾਨੂੰ ਵਧੇਰੇ ਸਥਿਰਤਾ, ਸੁਰੱਖਿਆ ਵੱਲ ਲਿਜਾਣ ਅਤੇ ਲੱਖਾਂ ਲੋਕਾਂ ਨੂੰ ਗਰੀਬੀ 'ਚੋਂ ਬਾਹਰ ਕੱਢਣ ਲਈ, ਉਨ੍ਹਾਂ ਨੂੰ ਸਾਡੇ ਦੇਸ਼ ਦੀ ਅਗਵਾਈ ਕਰਨੀ ਚਾਹੀਦੀ ਹੈ।

# ਸੀਨੀਅਰ ਪੱਤਰਕਾਰ ਸ. ਹਮੀਰ ਸਿੰਘ ਦਾ 'ਪਰਦੇਸ ਟਾਇਮਜ਼' ਵੱਲੋਂ ਸਨਮਾਨ











ਹੇਵਰਡ- ਬੀਤੇ ਮੰਗਲਵਾਰ ਸ਼ਾਮ ਨੂੰ ਮੂਨ ਇੰਡੀਅਨ ਕੁਜ਼ੀਨ (ਰੈਸਟੋਰੈਂਟ) ਵਿਖੇ ਸ. ਹਮੀਰ ਸਿੰਘ ਜੋ ਪੰਜਾਬ ਤੋਂ ਸੀਨੀਅਰ ਪੱਤਰਕਾਰ ਹਨ, ਉਹਨਾਂ ਦੇ ਮਾਣ-ਸਨਮਾਨ 'ਚ ਰਾਤ ਨੂੰ ਇਕ ਪ੍ਰੋਗਰਾਮ ਕੀਤਾ ਗਿਆ, ਜਿਸ ਵਿਚ ਪ੍ਰਸਿੱਧ ਨਾਟਕਕਾਰ ਸ. ਸੁਰਿੰਦਰ ਸਿੰਘ ਧਨੋਆ, ਜਸਪਾਲ ਸਿੰਘ ਸੈਣੀ (ਸਾਇੰਟਿਸਟ ਟੈਸਲਾ ਨਾਲ), ਪਰਮਪਾਲ ਸਿੰਘ ਟੈਸਲਾ ਇੰਜੀਨੀਅਰ, ਮਹਿੰਗਾ ਸਿੰਘ ਸੰਧੂ ਸਰਪੰਚ ਆਦਿ ਸ਼ਾਮਲ ਹੋਏ। ਇਸ ਵਾਰ ਗਦਰੀ ਬਾਬਿਆਂ ਦੇ ਮੇਲੇ ਦੇ ਪ੍ਰਧਾਨ ਮੁਖਤਿਆਰ ਸਿੰਘ ਵੜੈਚ (ਸਾਇੰਟਿਸਟ), ਗੋਗੀ ਭੇਲਾ Qukck Lube & Smog ਹੇਵਰਡ, ਸ੍ਰੀ ਅਰਵਿੰਦਰ ਸਾਹਨੀ ਸਕੂਲ ਟੀਚਰ ਤੇ ਮਨਜੀਤ ਸਿੰਘ ਸੰਧੂ ਪਰਦੇਸ ਟਾਇਮਜ਼ ਵੱਲੋਂ ਹਾਜ਼ਰ ਹੋਏ ਤੇ ਮੇਲੇ ਦੀ ਕਮੇਟੀ ਦੇ ਅਹੁਦੇਦਾਰ ਨਰਿੰਦਰ ਸਿੰਘ ਸੁਜੋਂ, ਉਹਨਾਂ ਦੇ ਭਰਾ ਕੁਲਦੀਪ ਸਿੰਘ ਸੂਜੋਂ, ਪ੍ਰੇਮ ਸਮਾਲਸਰ ਤੇ ਗਿੱਲ ਸਾਹਿਬ ਹਾਜ਼ਰ ਹੋਏ। ਸ. ਹਮੀਰ ਸਿੰਘ ਨੇ ਬਹੁਤ ਸਾਰੇ ਸਵਾਲਾਂ ਦੇ ਜਵਾਬ ਬਹੁਤ ਹੀ ਖੁੱਲ੍ਹੇ ਵਿਚਾਰਾਂ ਨਾਲ ਦਿੱਤੇ ਤੇ ਹਰ ਖੇਤਰ 'ਚ ਮੁਹਾਰਤ ਰੱਖਣ ਵਾਲੇ ਪੱਤਰਕਾਰ ਹਮੀਰ ਸਿੰਘ ਨੇ ਕਿਸਾਨੀ ਮੁੱਦੇ ਤੇ ਹਰ ਸਵਾਲ ਦਾ ਜਵਾਬ ਵਿਸਥਾਰ ਨਾਲ ਦਿੱਤਾ। ਸ਼ਨਿਚਰਵਾਰ ਨੂੰ ਹੋਏ ਗਦਰੀ ਬਾਬਿਆਂ ਦੇ ਮੇਲੇ 'ਚ ਜੋ ਰਾਜਾ ਸਵੀਟਸ ਯੂਨੀਅਨ ਸਿਟੀ ਕੋਲ ਹੋਇਆ, 'ਚ ਉਹ ਹਿੱਸਾ ਲੈਣ ਆਏ ਸਨ। ਉਹਨਾਂ ਨੇ ਆਪਣੇ ਦੇ ਵਿਚਾਰ ਹਰ ਪਾਸਿਉਂ ਵਿਸ਼ਾਲਤਾ ਨਾਲ ਪੱਖ ਪੇਸ਼ ਕਰਕੇ ਦਿੱਤੇ ਗਏ।

ਤਿੰਨ ਘੰਟੇ ਦੇ ਪ੍ਰੋਗਰਾਮ ਵਿਚ ਲੰਗਰ-ਪਾਣੀ ਛਕਣ ਤੋਂ ਬਾਅਦ 'ਪਰਦੇਸ ਟਾਇਮਜ਼' ਦੇ ਸਾਰੇ ਅਹੁਦੇਦਾਰਾਂ, ਮਿੱਤਰਾਂ ਵੱਲੋਂ ਸੁਰਿੰਦਰ ਸਿੰਘ ਧਨੋਆ ਅਤੇ ਪਰਮਪਾਲ ਸਿੰਘ ਹੁਰਾਂ ਨੇ ਸ. ਹਮੀਰ ਸਿੰਘ ਜੀ ਨੂੰ ਇੱਜਤ-ਮਾਣ ਦੇ ਤੌਰ ਤੇ ਲੋਈ ਦੇ ਕੇ ਸਨਮਾਨਿਤ ਕੀਤਾ। ਸ. ਜਸਪਾਲ ਸਿੰਘ ਸੈਣੀ, ਮੁਖਤਿਆਰ ਵੜੈਚ, ਗੋਗੀ ਭੇਲਾ ਵੱਲੋਂ ਸ. ਹਮੀਰ ਸਿੰਘ ਜੀ ਨੂੰ ਸਨਮਾਨ ਚਿੰਨ੍ਹ ਭੇਂਟ ਕੀਤਾ ਗਿਆ। ਬਲਬੀਰ ਸਿੰਘ ਐਮ. ਏ., ਅਰਵਿੰਦ ਸਾਹਨੀ ਤੇ ਮਹਿੰਗਾ ਸਿੰਘ ਸਰਪੰਚ ਵੱਲੋਂ ਕੁਝ ਮਾਇਕ ਸਹਾਇਤਾ ਦਾ ਲਿਫਾਫਾ ਭੇਂਟ ਕੀਤਾ ਗਿਆ। ਅਖੀਰ 'ਚ ਆਏ ਦੋਸਤਾਂ-ਮਿੱਤਰਾਂ ਦਾ ਧੰਨਵਾਦ ਕੀਤਾ ਗਿਆ ਤੇ ਸ. ਹਮੀਰ ਸਿੰਘ ਜੀ ਨੇ ਵੀ ਸਾਰੇ ਸੱਜਣਾਂ ਦਾ ਧੰਨਵਾਦ ਕੀਤਾ।



ਪਿਛਲੇ ਦਿਨੀ ਪੰਜਾਬ ਤੋਂ ਪ੍ਰੋਫੈਸਰ ਭੁਪਿੰਦਰ ਸਿੰਘ ਜੱਸਲ (ਜੋ ਕਿ ਸਰਕਾਰੀ ਕਾਲਜ ਗਿੱਦੜਬਾਹਾ 'ਚ ਪ੍ਰੋਫੈਸਰ ਹਨ) ਹੋਰੀ ਸਾਨਫਰਾਂਸਿਸਕੋ ਦੇ ਬੇ ਏਰੀਆ ਵਿੱਚ ਆਏ। ਪ੍ਰੋਫੈਸਰ ਸਾਹਿਬ ਪੰਜਾਬੀ ਵਿੱਚ ਲਿਖੀਆਂ ਮਿੰਨੀ ਕਹਾਣੀਆਂ ਤੇ ਆਲੋਚਨਾਤਮਿਕ ਨਿਬੰਧ ਲਿਖਣ ਲਈ ਜਾਣੇ ਜਾਂਦੇ ਹਨ। ਉਨਾਂ ਦੇ ਸਵਾਗਤ ਵਿੱਚ ਰੱਖੇ ਇੱਕ ਸੰਖੇਪ ਜਿਹੇ ਪ੍ਰੋਗਰਾਮ ਵਿੱਚ ਪ੍ਰੋਫੈਸਰ ਸਾਹਿਬ ਨੇ ਅਜੋਕੇ ਸਮੇ ਦੇ ਨਾਵਲ, ਕਹਾਣੀਆਂ ਤੇ ਲੇਖਾਂ ਦਾ ਆਲੋਚਨਾਤਮਿਕ ਨਜ਼ਰੀਆ ਰੱਖਣ ਵਾਲਿਆਂ ਦੀ ਮਾਨਸਿਕ ਬੌਧਿਕਤਾ ਦਾ ਵਰਣਨ ਕੀਤਾ। ਤਸਵੀਰ ਵਿੱਚ ਪ੍ਰੋਫੈਸਰ ਸਾਹਿਬ ਨਾਲ ਮਨਿੰਦਰ ਸਿੰਘ, ਪਰਮ ਪਾਲ ਸਿੰਘ, ਬਲਬੀਰ ਸਿੰਘ ਐਮ. ਏ. ਅਤੇ ਪ੍ਰੋ. ਸਾਹਿਬ ਦੇ ਸਪੁੱਤਰ ਪ੍ਰਤੀਕ ਸਿੰਘ ਵੀ ਸ਼ਾਮਲ ਸਨ।


GLOBAL ADVISORS, LLC.
168 S. Hillview Drive, Milpitas, CA 95035
contact@globaladvisors.llcwww.globaladvisors.llc
Phone: 408-613-3876 / 408-600-9471

Legal Documentation Services:
Family Law, Estate Planning, Small Claims/ Civil Law, Unlawful Detainer, POA, Social Security Disability.

'Sara'- Saraswatee
Consultant



**Income Tax Preparation:** Strategic individual and business tax filings, tax planning, IRS audit, sales & use tax, and new company formation.
**Financial Accounting & Management:** Strategic accounting & reporting services, which are scalable, tactical, and team-driven.
**Immigration Consulting:** Citizenship; Green Card; Investor EB5 Visa; Business/ Tourist Visa; Student Visa; Religious Visa; OCI, Passport & Others
**Live-Scan and Notary**

GLOBAL ADVISORS, LLC
contact@globaladvisors.llc 408-613-3876 / 408-600-9471



Eden's Liquor &
NEW YORK PIZZA
Phone:- 510-582-3333
1086 A ST, Hayward
HOME OF THE 30" SUPER KING KONG PIZZA
ADD Fries to any deal for $2.99

Slice Deal
1 Topping Slice
1 Bag of Chips
1 Can of Soda
$8.99 *
Upgrade to 2 Toppings for a $1 more

Everyday Special
1 Large 14" Toppings Pizza
$21.99 *
FREE 2LT SODA

Best Deal
1X-Large 18" 1 Topping Pizza
$22.99 *
FREE 2LT SODA

King Kong Deal
1 King Kong 2 Toppings PIZZA
$37.99 *
FREE 2LT SODA

* Minimum Delivery $30.00
* Price subject to change without notice
* Taxes applied on all prices and deals

Sun - Thu 11AM - 10PM
Fri - Sat 11AM - 11PM
EdensLiquorandPizza.com

# ਸੰਪਾਦਕੀ

## ਅਮਰੀਕਾ-ਕੈਨੇਡਾ ਦਾ ਟਰਾਂਸਪੋਰਟ ਖੇਤਰ ਅਤੇ ਪੰਜਾਬੀ

ਹਾਲ ਹੀ ਵਿਚ ਦੋ ਅਜਿਹੀਆਂ ਅਣਹੋਣੀਆਂ ਘਟਨਾਵਾਂ ਵਾਪਰੀਆਂ, ਜਿਹਨਾਂ ਦੇ ਕਾਰਨ ਅਮਰੀਕਾ ਅਤੇ ਕੈਨੇਡਾ ਵਿਚ ਟਰੱਕਿੰਗ ਉਦਯੋਗ ਵਿਚ ਪੰਜਾਬੀਆਂ ਦੀ ਹਿੱਸੇਦਾਰੀ ਤੇ ਸਵਾਲੀਆ ਨਿਸ਼ਾਨ ਲੱਗਣੇ ਆਰੰਭ ਹੋ ਗਏ ਹਨ। ਪਹਿਲੀ ਘਟਨਾ ਵੀ ਅਮਰੀਕਾ ਵਿਚ ਹੀ ਵਾਪਰੀ, ਜਦੋਂ ਇਕ ਪੰਜਾਬੀ ਟਰੱਕ ਡਰਾਈਵਰ ਨੇ ਗਲਤ ਦਿਸ਼ਾ ਵਿਚ ਮੋੜ ਕੱਟਿਆ ਅਤੇ ਹਾਦਸਾ ਵਾਪਰ ਗਿਆ, ਜਿਸ ਕਾਰਨ 3 ਲੋਕਾਂ ਦੀ ਜਾਨ ਚਲੀ ਗਈ। ਦੂਜੀ ਘਟਨਾ ਹਾਲ ਹੀ ਵਿਚ ਵਾਪਰੀ, ਜਦੋਂ ਜਸ਼ਨਪ੍ਰੀਤ ਸਿੰਘ ਨਾਂ ਦੇ ਇਕ ਪੰਜਾਬੀ ਡਰਾਈਵਰ ਨੇ ਕੈਲੇਫੋਰਨੀਆ ਸੜਕ ਹਾਦਸਾ ਵਰਤਾਅ ਮਾਰਿਆ। ਅਮਰੀਕਾ ਦੀ ਪੁਲਿਸ ਕਹਿ ਰਹੀ ਹੈ ਕਿ ਉਸ ਨੇ ਨਸ਼ਾ ਕੀਤਾ ਸੀ, ਜਦਕਿ ਉਸਦੇ ਮਾਪਿਆਂ ਦਾ ਕਹਿਣਾ ਹੈ ਕਿ ਉਹਨਾਂ ਦਾ ਮੁੰਡਾ ਨਸ਼ਾ ਨਹੀਂ ਕਰਦਾ।

ਪੰਜਾਬੀ ਮੂਲ ਦੇ ਟਰੱਕ ਡਰਾਈਵਰ ਜਸ਼ਨਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (ਡੀਐਚਐਸ) ਨੇ ਜਾਣਕਾਰੀ ਦਿੱਤੀ ਹੈ ਕਿ ਅਮਰੀਕੀ ਇਮੀਗ੍ਰੇਸ਼ਨ ਅਤੇ ਕਸਟਮ ਇਨਫੋਰਸਮੈਂਟ (ਆਈਸੀਈ) ਨੇ ਭਾਰਤ ਤੋਂ ਆਏ ਇੱਕ ਅਪਰਾਧੀ, ਗ਼ੈਰ-ਕਾਨੂੰਨੀ ਪਰਵਾਸੀ, ਜਸ਼ਨਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਨ੍ਹਾਂ ਮੁਤਾਬਕ, ਜਸ਼ਨਪ੍ਰੀਤ ਸਿੰਘ ਕੈਲੀਫੋਰਨੀਆ ਦੇ ਸੈਨ ਬਰਨਾਰਡੀਨੋ ਕਾਊਂਟੀ ਵਿੱਚ ਨਸ਼ੇ ਦੀ ਹਾਲਤ ਵਿੱਚ ਗੱਡੀ ਚਲਾਉਣ ਦੇ ਇੱਕ ਹਾਦਸੇ ਲਈ ਜ਼ਿੰਮੇਵਾਰ ਹੈ ਜਿਸ ਵਿੱਚ ਤਿੰਨ ਲੋਕਾਂ ਦੀ ਮੌਤ ਹੋਈ ਸੀ ਜਦਕਿ ਹੋਰ ਲੋਕ ਜ਼ਖ਼ਮੀ ਹੋਏ ਸਨ। ਇਹ ਘਟਨਾ ਵੈਸਟਬਾਉਂਡ 10 ਫ੍ਰੀਵੇਅ 'ਤੇ ਵਾਪਰੀ, ਜਦੋਂ ਇੱਕ ਸੈਮੀ ਟਰੱਕ ਨੇ ਕੁਝ ਗੱਡੀਆਂ ਨੂੰ ਟੱਕਰ ਮਾਰ ਦਿੱਤੀ ਸੀ। ਡੈਸ਼ਕੈਮ ਫੁਟੇਜ ਨੇ ਹਾਦਸੇ ਨੂੰ ਕੈਦ ਕਰ ਲਿਆ। ਗ੍ਰਹਿ ਸੁਰੱਖਿਆ ਵਿਭਾਗ ਮੁਤਾਬਕ ਇਸ ਘਟਨਾ ਦੌਰਾਨ 10 ਫ੍ਰੀਵੇਅ 'ਤੇ ਸੈਮੀ ਟਰੱਕ ਡਰਾਈਵਰ ਜਸ਼ਨਪ੍ਰੀਤ ਸਿੰਘ ਨੇ ਬ੍ਰੇਕ ਨਹੀਂ ਲਗਾਈ ਅਤੇ ਉਸ ਨੇ ਅੱਠ ਗੱਡੀਆਂ ਨੂੰ ਟੱਕਰ ਮਾਰ ਦਿੱਤੀ, ਜਿਨ੍ਹਾਂ ਵਿੱਚ ਚਾਰ ਵਪਾਰਕ ਵਾਹਨ ਵੀ ਸ਼ਾਮਲ ਸਨ।

ਹਾਦਸੇ ਵਿੱਚ ਚਾਰ ਲੋਕ ਹੋਰ ਜ਼ਖ਼ਮੀ ਹੋ ਗਏ ਹਨ, ਜਿਨ੍ਹਾਂ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ। ਉਨਟਾਰਿਓ ਫਾਇਰ ਡਿਪਾਰਟਮੈਂਟ ਦੇ ਮੁਤਾਬਕ ਸਾਰੇ ਪੀੜਤ ਬਾਲਗ ਸਨ।

ਇਹਨਾਂ ਹਾਦਸਿਆਂ ਕਾਰਨ ਅਮਰੀਕਾ ਅਤੇ ਕੈਨੇਡਾ ਵਿਚ ਪੰਜਾਬੀ ਡਰਾਈਵਰ ਸ਼ੱਕ ਦੇ ਘੇਰੇ ਵਿਚ ਆ ਗਏ ਹਨ। ਸਾਰੇ ਡਰਾਈਵਰਾਂ ਦੇ ਲਾਇਸੈਂਸ ਚੈਕ ਹੋ ਰਹੇ ਹਨ ਅਤੇ ਉਹਨਾਂ ਦੇ ਟਰੇਨਿੰਗ ਦੇਣ ਵਾਲੇ ਸਕੂਲਾਂ ਤੇ ਵੀ ਸ਼ਿਕੰਜਾ ਕਸਿਆ ਜਾ ਰਿਹਾ ਹੈ। ਜਾਂਚ ਵਿਚ ਇਹ ਵੀ ਸਾਹਮਣੇ ਆਇਆ ਕਿ ਕਈ ਟਰਾਂਸਪੋਰਟਾਂ ਵਾਲੇ ਪੁਰਾਣੇ ਰੱਦੀ ਟਰੱਕ ਲੈ ਕੇ ਉਹਨਾਂ ਦੀ ਮੁਰੰਮਤ ਕਰਕੇ ਪਾਸ ਕਰਵਾ ਕੇ ਚਲਾ ਰਹੇ ਹਨ ਅਤੇ ਕਈ ਡਰਾਈਵਿੰਗ ਸਕੂਲਾਂ 'ਤੇ ਸਵਾਲੀਆ ਨਿਸ਼ਾਨ ਇੱਥੋਂ ਤੱਕ ਲੱਗ ਰਹੇ ਹਨ ਕਿ ਉਹ ਜੁਗਾੜ ਕਰਕੇ ਲਾਇਸੈਂਸ ਦਿਵਾ ਦਿੰਦੇ ਹਨ, ਜਦਕਿ ਚਲਾਉਣ ਵਾਲਾ ਡਰਾਈਵਿੰਗ ਦੇ ਯੋਗ ਵੀ ਨਹੀਂ ਹੁੰਦਾ। ਅਜਿਹੇ ਦੋਸ਼ਾਂ ਵਿਚਕਾਰ ਇਹਨਾਂ ਦੋਵੇਂ ਮੁਲਕਾਂ ਵਿਚ ਪੰਜਾਬੀ ਟਰੱਕ ਉਦਯੋਗ 'ਤੇ ਖਤਰਾ ਮੰਡਰਾਉਣਾ ਸੁਭਾਵਿਕ ਹੈ। ਪੰਜਾਬੀਆਂ ਨੂੰ ਇਸ ਬਾਰੇ ਬਹੁਤ ਗੰਭੀਰਤਾ ਨਾਲ ਸੋਚਣਾ ਬਣਦਾ ਹੈ ਕਿ ਜੇਕਰ ਇਹੀ ਹਾਲਾਤ ਰਹੇ ਤਾਂ ਜਲਦੀ ਹੀ ਟਰੱਕ ਉਦਯੋਗ ਵਿਚੋਂ ਪੰਜਾਬੀ ਗਾਇਬ ਹੁੰਦੇ ਨਜ਼ਰ ਆਉਣਗੇ।

**-ਬਲਬੀਰ ਸਿੰਘ ਐਮ ਏ**


Balbir Singh M.A.
Editor in Chief & Publisher
e-mail: bsma54@gmail.com
Tel : 510-938-7771

36415 RUSCHIN DR. NEWARK, CA 94560

Buta Ram joshi Staff Reporter, Fresno 559-803-0055

Sanjeev Garg Kali, Reporter Malwa Area, 96713-53789

RAJ BUDWAL
MEDIA PARTNER / REPRESENTATIVE
8350202@gmail.com 408-835-0202

Web designed www.pardestimes.com
by Aman Bansil 510-589-2245


The Pardes Times and people associated with it are Not responsible for any claims made by the advertisers and don't endorse any product or services advertised in the Pardes Times. Please consult your attorney before, buying/hiring contracting through the ads published in the news paper. The Pardes Times is in business of selling spaces and claims made by advertisers are not tested/confirmed by an independent source.

# ਅਮਰੀਕਾ ਵਿਚ ਵਿਰੋਧ ਪ੍ਰਦਰਸ਼ਨਾਂ ਦਾ ਕਾਰਨ ਕੀ?



ਦਰਬਾਰਾ ਸਿੰਘ ਕਾਹਲੋਂ

ਅਮਰੀਕਾ ਦੀ ਸੰਨ 1776 ਵਿਚ ਆਜ਼ਾਦੀ ਅਤੇ ਲੋਕਤੰਤਰ ਦੀ ਸਥਾਪਤੀ ਤੋਂ ਬਾਅਦ ਅਮਰੀਕੀ ਇਤਿਹਾਸ ਵਿਚ ਡੋਨਾਲਡ ਟਰੰਪ ਅਜਿਹਾ ਰਾਸ਼ਟਰਪਤੀ ਹੈ ਜਿਸ ਦੀਆਂ ਆਲਮੀ ਪੱਧਰ 'ਤੇ ਸਥਾਪਤ ਆਲਮੀ ਨਿਜ਼ਾਮ ਮਾਰੂ ਟੈਰਿਫ ਅਤੇ ਹਮਲਾਵਰ ਫ਼ੌਜੀ ਨਸਲਘਾਤੀ ਅਤੇ ਦੇਸ਼ ਅੰਦਰ ਲੋਕਤੰਤਰ ਮਾਰੂ ਹਿਟਲਰਾਨਾ, ਫਾਸ਼ੀਵਾਦੀ, ਆਪਹੁਦਰਾਸ਼ਾਹੀ ਅਤੇ ਏਕਾਧਿਕਾਰ ਨੀਤੀਆਂ ਤੋਂ ਵਿਸ਼ਵ ਭਾਈਚਾਰਾ ਅਤੇ ਅਮਰੀਕੀ ਨਾਗਰਿਕ ਤ੍ਰਾਹੀ-ਤ੍ਰਾਹ ਕਰ ਉਠੇ ਹਨ।

ਟਰੰਪ ਦਾ ਅਮਰੀਕਾ ਦੇ 45ਵੇਂ ਰਾਸ਼ਟਰਪਤੀ ਵਜੋਂ ਕਾਰਜਕਾਲ ਵੀ ਅਤਿ-ਵਿਵਾਦਤ ਰਿਹਾ ਹੈ। ਦੋ ਵਾਰ ਅਮਰੀਕੀ ਕਾਂਗਰਸ ਵੱਲੋਂ ਉਸ 'ਤੇ ਮਹਾਂਦੋਸ਼ ਤਹਿਤ ਕਾਰਵਾਈ ਕੀਤੀ ਗਈ ਸੀ, ਨਵੰਬਰ 2020 ਦੀਆਂ ਰਾਸ਼ਟਰਪਤੀ ਅਹੁਦੇ ਦੀਆਂ ਚੋਣਾਂ ਤੋਂ ਬਾਅਦ ਜਿਵੇਂ 6 ਜਨਵਰੀ 2021 ਨੂੰ ਉਸ ਨੇ ਰਾਸ਼ਟਰਪਤੀ ਪਦ 'ਤੇ ਜਬਰੀ ਬਣੇ ਰਹਿਣ ਲਈ ਅਮਰੀਕੀ ਕੈਪੀਟਲ 'ਤੇ ਆਪਣੇ ਹਿੰਸਕ ਸਮਰਥਕਾਂ ਦੇ ਟੋਲੇ ਨੂੰ ਭੜਕਾ ਕੇ ਹਮਲਾ ਕਰਵਾਇਆ ਸੀ, ਕੋਈ ਹੋਰ ਦੇਸ਼ ਹੁੰਦਾ ਤਾਂ ਦੇਸ਼ਧ੍ਰੋਹ ਦੇ ਦੋਸ਼ ਹੇਠ ਉਸ ਨੂੰ ਫਾਂਸੀ 'ਤੇ ਚੜ੍ਹਾਅ ਦਿੱਤਾ ਹੁੰਦਾ।

ਦੇਸ਼ ਦੇ ਮੁੜ 47ਵੇਂ ਰਾਸ਼ਟਰਪਤੀ ਚੁਣੇ ਜਾਣ ਤੋਂ ਬਾਅਦ 21 ਜਨਵਰੀ 2025 ਨੂੰ ਸੱਤਾ ਸੰਭਾਲਣ ਪਿੱਛੋਂ ਦੇਸ਼ ਅੰਦਰ ਜਿਵੇਂ ਸਰਕਾਰੀ ਸੰਸਥਾਵਾਂ ਅਤੇ ਸੁਰੱਖਿਆ ਏਜੰਸੀਆਂ ਦੀ ਕੁਵਰਤੋਂ ਨਾਲ ਉਸ ਨੇ ਆਪਣੀਆਂ ਦਮਨਕਾਰੀ, ਤਕੱਬਰੀ, ਫਾਸ਼ੀਵਾਦੀ ਨੀਤੀਆਂ ਰਾਹੀਂ ਆਪਣੇ ਰਾਜਨੀਤਕ ਵਿਰੋਧੀਆਂ, ਆਮ ਨਾਗਰਿਕਾਂ, ਪਰਵਾਸੀਆਂ, ਗ਼ੈਰ ਗੋਰੇ ਲੋਕਾਂ 'ਤੇ ਜ਼ੁਲਮ ਦਾ ਕਹਿਰ ਢਾਹੁਣਾ ਸ਼ੁਰੂ ਕੀਤਾ ਹੈ ਤੇ ਤਾਨਾਸ਼ਾਹ ਬਾਦਸ਼ਾਹ ਦੀ ਤਰ੍ਹਾਂ ਕੁਸ਼ਾਸਨ ਰਾਹੀਂ ਦੇਸ਼ ਚਲਾਉਣਾ ਸ਼ੁਰੂ ਕੀਤਾ ਹੈ, ਉਸ ਵਿਰੁੱਧ ਅਮਰੀਕੀ ਤੀਜੀ ਵਾਰ ਪੂਰੇ ਦੇਸ਼ ਅੰਦਰ ਵੱਡੇ ਪੱਧਰ 'ਤੇ ਪ੍ਰਦਰਸ਼ਨ ਕਰਨ ਲਈ ਸੜਕਾਂ, ਗਲੀਆਂ, ਕੂਚਿਆਂ, ਬਾਜ਼ਾਰਾਂ ਅਤੇ ਸ਼ਹਿਰਾਂ ਵਿਚ ਬਾਹਰ ਨਿਕਲਣ ਲਈ ਮਜਬੂਰ ਹੋਏ ਹਨ।

ਟਰੰਪ ਦੇ ਪਹਿਲੇ ਕਾਰਜਕਾਲ ਵੇਲੇ ਸੰਨ 2017 ਵਿਚ ਔਰਤਾਂ ਵੱਲੋਂ ਆਯੋਜਤ ਵੱਡੇ ਪ੍ਰਦਰਸ਼ਨਾਂ ਨੇ ਉਸ ਦੇ ਪ੍ਰਸ਼ਾਸਨ ਦੇ ਪਾਵੇ ਹਿਲਾ ਕੇ ਰੱਖ ਦਿਤੇ ਸਨ। ਇਨ੍ਹਾਂ ਵਿਚ 313 ਤੋਂ 516 ਮਿਲੀਅਨ ਲੋਕਾਂ ਨੇ ਸ਼ਮੂਲੀਅਤ ਕੀਤੀ ਸੀ।

14 ਜੂਨ 2025 ਨੂੰ ਦੂਜੀ ਵਾਰ ਸੱਤਾ ਸੰਭਾਲਣ ਦੇ 5 ਮਹੀਨਿਆਂ ਬਾਅਦ ਉਸ ਦੀਆਂ ਲੋਕਮਾਰੂ, ਕ੍ਰਿਸ਼ਚੀਅਨ ਕੱਟੜ ਰਾਸ਼ਟਰਵਾਦੀ, ਜੈਨੋਫੋਬੀਆ, ਸਰਮਾਏਦਾਰਾਨਾ ਅਤੇ ਭੇਦਭਾਵ ਭਰੀਆਂ ਨੀਤੀਆਂ ਵਿਰੁੱਧ ਹਰ ਜਾਤ, ਰੰਗ, ਇਲਾਕੇ, ਧਰਮ ਦੇ ਲੋਕ ਦੇਸ਼ ਦੇ 50 ਰਾਜਾਂ ਵਿਚ 2150 ਥਾਵਾਂ 'ਤੇ ਵਿਰੋਧ ਪ੍ਰਦਰਸ਼ਨਾਂ ਲਈ ਬਾਹਰ ਨਿਕਲੇ। ਇਨ੍ਹਾਂ ਵਿਚ 4 ਸਾਲ ਦੇ ਨੰਨ੍ਹੇ ਬੱਚਿਆਂ ਤੋਂ ਲੈ ਕੇ 94 ਸਾਲ ਦੇ ਬਜ਼ੁਰਗ ਵੀ ਸ਼ਾਮਲ ਸਨ ਪਰ ਅਰਧ-ਪਾਗਲਨੁਮਾ ਇਸ ਆਗੂ ਨੇ ਕੋਈ ਸਬਕ ਨਾ ਸਿੱਖਿਆ। ਇਸ ਵਾਰ 18 ਅਕਤੂਬਰ ਨੂੰ 2600 ਥਾਵਾਂ 'ਤੇ ਅਮਰੀਕਾ ਦੇ ਸਾਰੇ 50 ਰਾਜਾਂ ਵਿਚ ਯੋਜਨਾਬੱਧ ਢੰਗ ਨਾਲ ਲੋਕ ਟਰੰਪ ਦੇ ਕੁਸ਼ਾਸਨ, ਵਧਦੇ ਭ੍ਰਿਸ਼ਟਾਚਾਰ, ਏਕਾਧਿਕਾਰ, ਆਪ ਹੁਦਰੇਪਣ ਤੇ ਦੇਸ਼ ਨੂੰ ਇਕ ਤਾਨਾਸ਼ਾਹ ਬਾਦਸ਼ਾਹ ਵਾਂਗ ਚਲਾਉਣ ਤੋਂ ਬਾਜ਼ ਨਾ ਆਉਣ 'ਤੇ ਪ੍ਰਦਰਸ਼ਨਾਂ ਲਈ ਮਜਬੂਰ ਹੋਏ।

ਇਨ੍ਹਾਂ ਪ੍ਰਦਰਸ਼ਨਾਂ ਵਿਚ ਇਜ਼ਰਾਈਲ ਦੇ ਨਸਲਵਾਦ ਵਿਰੋਧੀ ਸੋਸ਼ਲਿਸਟ ਗਰੁੱਪ ਜਿਨ੍ਹਾਂ ਵਿਚ ਡੈਮੋਕ੍ਰੇਟਿਕ ਸੋਸ਼ਲਿਸਟ, ਸਟੂਡੈਂਟਸ ਯੂਨੀਅਨਾਂ, ਸਿਵਲ ਆਜ਼ਾਦੀਆਂ ਸਬੰਧੀ ਯੂਨੀਅਨਾਂ, ਅਧਿਆਪਕਾਂ ਦੀ ਰਾਸ਼ਟਰੀ ਫੈਡਰੇਸ਼ਨ, ਮਾਨਵ ਅਧਿਕਾਰ ਮੂਵਮੈਂਟ, ਮੂਵਆਨ, ਯੂਨਾਈਟਿਡ ਵੀ ਡਰੀਮ, ਕੰਜ਼ਰਵੇਸ਼ਨ ਵੋਟਰਜ਼ਲੀਗ, ਕਾਮਨ ਡਿਫੈਂਸ, ਹੋਮਆਫ ਬਰੇਵ ਅਤੇ ਯਹੂਦੀਆਂ ਨਾਲ ਸਬੰਧਤ ਜਿਊ ਵੁਆਇਸ ਆਫ ਪੀਸ ਆਦਿ 265 ਲਾਭ ਰਹਿਤ ਸੰਗਠਨ •ਸ਼ਾਮਲ ਸਨ। ਪ੍ਰਦਰਸ਼ਨਕਾਰੀਆਂ ਦੇ ਹੱਥਾਂ 'ਚ ਪੀਲੇ ਰੰਗ ਦੇ ਬੈਨਰ ਸਨ।

ਪੀਲੇ ਰੰਗ ਤੋਂ ਭਾਵ ਹੈ ਕਿ ਨਜ਼ਰਅੰਦਾਜ਼ ਨਾ ਕਰਨਾ। 'ਨੋ ਕਿੰਗਜ਼' ਮੁੱਖ ਮਾਟੋ ਸੀ। ਇਸ ਤੋਂ ਭਾਵ ਹੈ ਕਿ ਅਮਰੀਕੀ ਲੋਕ ਰਾਜਾਸ਼ਾਹੀ ਅਤੇ ਅਜਿਹੀ ਸਰਕਾਰ ਅਤੇ ਪ੍ਰਸ਼ਾਸਨ ਦੇ ਘੋਰ ਵਿਰੋਧੀ ਹਨ। 'ਥਾਂ-ਥਾਂ ਨਾਅਰੇ ਗੂੰਜ ਰਹੇ ਸਨ 'ਫਾਸ਼ੀਵਾਦ ਰੋਕੋ', 'ਪ੍ਰਦਰਸ਼ਨਾਂ ਤੋਂ ਵੱਡਾ ਕੋਈ ਰਾਸ਼ਟਰਵਾਦ ਨਹੀਂ','ਟਰੰਪ ਬਦਲੋ', 'ਸਰਕਾਰਾਂ ਜਨਤਕ ਸਹਿਮਤੀ ਤੋਂ ਸ਼ਕਤੀ ਪ੍ਰਾਪਤ ਕਰਦੀਆਂ ਹਨ', 'ਡਿਕਟੇਟਰਸ਼ਿਪ ਨਹੀਂ ਚੱਲੇਗੀ' ਆਦਿ।

ਵਾਸ਼ਿੰਗਟਨ ਡੀਸੀ, ਨਿਊਯਾਰਕ, ਅਟਲਾਂਟਾ, ਮਾਨਡੀਗੋ, ਹਾਊਸਟਨ, ਸਾਨਫ੍ਰਾਂਸਿਸਕੋ, ਸ਼ਿਕਾਗੋ, ਨਿਊਓਰਲੀਨਜ਼, ਵਰਜੀਨੀਆ, ਵਰਮੋਂਟ ਮਿਨੇਸੋਟਾ, ਕੈਲੇਫੋਰਨੀਆ, ਟੈਕਸਾਸ, ਅਲਾਸਕਾ ਪੋਰਟੋਰੀਕੋ, ਹਵਾਈ ਆਦਿ ਸਭ ਵੱਡੇ-ਛੋਟੇ ਸ਼ਹਿਰਾਂ, ਸੂਬਿਆਂ, ਰਾਜਧਾਨੀਆਂ ਵਿਚ ਪੂਰੀ ਸ਼ਿੱਦਤ ਅਤੇ ਜਲੌਅ ਨਾਲ ਜਲਸੇ, ਜਲੂਸ, ਮੁਜ਼ਾਹਰੇ ਹੁੰਦੇ ਵੇਖੇ ਗਏ।

ਇਹ ਮੁਜ਼ਾਹਰੇ ਇਸ ਲਈ ਵੀ ਹੋਏ ਕਿਉਂਕਿ ਅਮਰੀਕੀ ਸਮਝਦੇ ਹਨ ਕਿ ਟਰੰਪ ਸੱਤਾ 'ਤੇ ਕਬਜ਼ੇ ਲਈ ਲੋਕਾਂ ਦੇ ਟੈਕਸਾਂ ਦੁਆਰਾ ਭਰੇ ਖ਼ਜ਼ਾਨੇ ਦੀ ਕੁਵਰਤੋਂ ਕਰ ਰਹੇ ਹਨ। ਉਹ ਅਮਰੀਕੀ ਸ਼ਹਿਰਾਂ 'ਤੇ ਕੰਟਰੋਲ ਕਰਨ ਲਈ ਮਿਲਟਰੀ ਤੇ ਨੈਸ਼ਨਲ ਗਾਰਡਜ਼ ਤਾਇਨਾਤ ਕਰ ਰਿਹਾ ਹੈ। ਉਹ ਇਕ ਰਾਜੇ ਦੀ ਤਰ੍ਹਾਂ ਸ਼ਾਸਨ ਚਲਾ ਰਿਹਾ ਹੈ।

ਅਜਿਹੇ ਹਾਲਾਤ ਪੈਦਾ ਕਰਨਾ ਚਾਹੁੰਦਾ ਹੈ ਤਾਂ ਕਿ ਉਹ ਤੀਸਰੀ ਵਾਰ ਰਾਸ਼ਟਰਪਤੀ ਪਦ ਦੀ ਚੋਣ ਲੜ ਸਕੇ। ਟਰੰਪ ਅਮਰੀਕੀ ਨਿਆਪਾਲਿਕਾ ਦੀ ਹੁਕਮਅਦੂਲੀ ਕਰ ਰਿਹਾ ਹੈ। ਸਰਕਾਰੀ ਸੇਵਾਵਾਂ ਅਤੇ ਵਿਭਾਗਾਂ ਵਿੱਚੋਂ ਕਰਮ-ਚਾਰੀਆਂ ਦੀ ਛਾਂਟੀ ਕਰ ਰਿਹਾ।

ਉਸ ਨਾਲ ਮਤਭੇਦਾਂ ਕਰਕੇ ਵੱਖ ਹੋਏ ਖਰਬਪਤੀ ਐਲਨ ਮਸਕ ਨੂੰ ਇਹ ਕੰਮ ਸੌਂਪਿਆ ਗਿਆ ਸੀ। ਦੇਸ਼ ਅੰਦਰ ਨਾਗਰਿਕਾਂ ਨੂੰ ਸੰਵਿਧਾਨਕ ਤੌਰ 'ਤੇ ਹਾਸਲ ਮੁੱਢਲੇ ਅਧਿਕਾਰਾਂ ਦਾ ਘਾਣ ਕਰ ਰਿਹਾ ਹੈ। ਟੈਰਿਫ ਨੀਤੀ ਪੁੱਠੀ ਪੈ ਰਹੀ ਹੈ। ਕੀਮਤਾਂ ਵਧ ਰਹੀਆਂ ਹਨ। ਲੋਕ ਗਰੋਸਰੀ ਅਤੇ ਰੋਜ਼ਮੱਰਾ ਦੀਆਂ ਵਸਤਾਂ ਖ਼ਰੀਦਣ ਤੋਂ ਆਤੁਰ ਹੋਏ ਪਏ ਹਨ। ਸਿਹਤ, ਸਿੱਖਿਆ ਖੇਤਰਾਂ ਵਿੱਚੋਂ ਸਬਸਿਡੀਆਂ ਦੀ ਵੱਡੇ ਪੱਧਰ 'ਤੇ ਕਟੌਤੀ ਕੀਤੀ ਗਈ ਹੈ।

ਬਿਮਾਰੀਆਂ ਦੇ ਕੰਟਰੋਲ ਤੇ ਰੋਕਥਾਮ ਕੇਂਦਰ ਬੰਦ ਕੀਤੇ ਗਏ ਹਨ। ਵਾਤਾਵਰਨ ਸੰਭਾਲ ਏਜੰਸੀਆਂ ਠੱਪ ਕਰ ਦਿੱਤੀਆਂ ਹਨ। ਹਾਊਸਿੰਗ ਅਤੇ ਅਰਬਨ ਵਿਕਾਸ ਕਾਰਜ ਬੰਦ ਕਰ ਦਿੱਤੇ ਗਏ ਹਨ। ਪਰਵਾਸੀਆਂ ਨੂੰ ਬੇਇੱਜ਼ਤ ਕਰ ਕੇ ਅਮਰੀਕਾ 'ਚੋਂ ਜ਼ੰਜੀਰਾਂ ਵਿਚ ਜਕੜ ਕੇ ਬਾਹਰ ਕੱਢਣ ਤੋਂ ਸੱਭਿਅਕ ਅਮਰੀਕੀ ਬਹੁਤ ਦੁਖੀ ਤੇ ਨਾਰਾਜ਼ ਹਨ। ਗਾਜ਼ਾ ਦੀ ਬਰਬਾਦੀ, ਨਸਲਘਾਤ, ਫਲਸਤੀਨੀਆਂ ਦੀ ਹੋਂਦ ਮਿਟਾਉਣ ਦੇ ਇਜ਼ਰਾਈਲੀ ਮਨਸੂਬਿਆਂ ਪਿੱਛੇ ਟਰੰਪ ਦਾ ਹੱਥ ਮੰਨਦੇ ਹਨ। ਗੁਆਂਢੀ ਦੇਸ਼ਾਂ ਜਿਵੇਂ ਕੈਨੇਡਾ (ਜਿਸ 'ਤੇ ਅਮਰੀਕਾ ਦਾ 51ਵਾਂ ਰਾਜ ਬਣਾਉਣ ਦਾ ਵਾਰ-ਵਾਰ ਦਬਾਅ ਪਾ ਰਿਹਾ ਹੈ) ਅਤੇ ਮੈਕਸੀਕੋ ਨੂੰ ਟੈਰਿਫ ਅਤੇ ਡਰੱਗ ਦੋਸ਼ਾਂ ਨਾਲ ਤੰਗ-ਪਰੇਸ਼ਾਨ ਕਰਨ ਤੋਂ ਅਮਰੀਕੀ ਨਾਰਾਜ਼ ਹਨ।

ਟਰੰਪ ਦੀ ਗਲੋਬਲ ਪੱਧਰ 'ਤੇ ਟੈਰਿਫ ਨੀਤੀ ਤੇ ਅਜੋਕੀ ਸਥਾਪਤ ਵਿਵਸਥਾ ਨੂੰ ਅਮਰੀਕੀ ਹਿੱਤਾਂ ਅਤੇ ਏਕਾਧਿਕਾਰ ਅਨੁਸਾਰ ਟਕਰਾਅ ਰਾਹੀਂ ਬਦਲਣ ਤੋਂ ਪੂਰਾ ਵਿਸ਼ਵ ਨਾਰਾਜ਼ ਹੈ।

ਅਮਰੀਕੀ ਲੋਕ ਵਿਸ਼ਵ ਭਾਈਚਾਰੇ ਤੋਂ ਅਲੱਗ-ਥਲੱਗ ਨਹੀਂ ਹੋਣਾ ਚਾਹੁੰਦੇ ਜਦਕਿ ਟਰੰਪ ਉਨ੍ਹਾਂ ਨੂੰ ਬਦਨਾਮ ਕਰ ਰਿਹਾ ਹੈ। ਟਰੰਪ ਵਿਰੁੱਧ ਕੈਨੇਡਾ, ਮੈਕਸੀਕੋ ਤੇ ਹੋਰ ਥਾਈਂ ਵੀ ਮੁਜ਼ਾਹਰੇ ਹੋਏ।

ਟਰੰਪ ਕੁਨਬਾ ਜਰਮਨ ਮੂਲ ਦਾ ਪਰਵਾਸੀ ਹੈ। ਇਸ ਦਾ ਦਾਦਾ ਇੱਥੇ ਅਮਰੀਕਾ ਆਇਆ। ਇਸ ਦੇ ਪਿਤਾ ਫਰੈਡ ਟਰੰਪ ਸੰਨ 1905 ਵਿਚ ਬਰੋਨਕਸ, ਨਿਊਯਾਰਕ ਸ਼ਹਿਰ ਵਿਚ ਪੈਦਾ ਹੋਇਆ। ਟਰੰਪ ਪਹਿਲਾ ਅਜਿਹਾ ਰਾਸ਼ਟਰਪਤੀ ਹੈ ਜੋ ਖ਼ੁਦ ਪਰਵਾਸੀ ਕੁਨਬੇ ਨਾਲ ਸਬੰਧਤ ਹੋਣ ਦੇ ਬਾਵਜੂਦ ਪਰਵਾਸੀਆਂ 'ਤੇ ਜ਼ੁਲਮੋ-ਸਿਤਮ ਕਰ ਰਿਹਾ ਹੈ ਜਿਨ੍ਹਾਂ ਦੇ ਮੋਢਿਆਂ 'ਤੇ ਅਮਰੀਕੀ ਆਰਥਿਕਤਾ, ਸਮਾਜ ਅਤੇ ਦੇਸ਼ ਖੜ੍ਹਾ ਹੈ।

ਉਹ ਰਾਸ਼ਟਰਪਤੀ ਰੋਨਾਲਡ ਰੀਗਨ ਦੇ ਇਤਿਹਾਸਕ ਬੋਲ ਭੁੱਲ ਰਿਹਾ ਹੈ ਕਿ ਵਿਸ਼ਵ ਦਾ ਕੋਈ ਵਿਅਕਤੀ ਅਮਰੀਕਾ ਆ ਕੇ ਅਮਰੀਕੀ ਬਣ ਜਾਂਦਾ ਹੈ ਪਰ ਫਰਾਂਸ, ਜਾਪਾਨ, ਤੁਰਕੀ, ਜਰਮਨੀ ਜਾ ਕੇ ਉਹ ਫਰਾਂਸੀਸੀ, ਜਾਪਾਨੀ, ਤੁਰਕ, ਜਰਮਨ ਨਹੀਂ ਬਣ ਸਕਦਾ। ਇਹੀ ਅਮਰੀਕਾ ਦੀ ਖ਼ੂਬਸੂਰਤੀ ਹੈ। ਵ੍ਹਾਈਟ ਹਾਊਸ ਦੇ ਤਿੰਨ, ਗ੍ਰਹਿ ਸੁਰੱਖਿਆ ਅਤੇ ਜਸਟਿਸ ਵਿਭਾਗ ਦੇ ਚਾਰ ਅਧਿਕਾਰੀਆਂ ਨੇ ਦੱਸਿਆ ਕਿ ਟਰੰਪ ਅਗਾਂਹਵਧੂ ਰਾਜਨੀਤਕ ਆਗੂਆਂ ਤੇ ਸੋਸ਼ਲ ਗਰੁੱਪਾਂ ਵਿਰੁੱਧ ਸਖ਼ਤੀ ਕਰਨ ਜਾ ਰਿਹਾ ਹੈ। ਅੱਤਵਾਦ ਵਿਰੋਧੀ ਏਜੰਸੀਆਂ ਸਮੇਤ ਐੱਫਬੀਆਈ, ਅੰਦਰੂਨੀ ਸੁਰੱਖਿਆ, ਮਾਲ ਅਤੇ ਖ਼ਜ਼ਾਨਾ ਵਿਭਾਗ ਸਬੰਧਤ ਏਜੰਸੀਆਂ ਨੂੰ ਖੱਬੇ-ਪੱਖੀ ਝੁਕਾਅ ਰੱਖਣ ਵਾਲੇ ਲੋਕਾਂ ਵਿਰੁੱਧ ਅਪਰਾਧਕ ਜਾਂਚ ਕਰਨ ਦੇ ਹੁਕਮ ਜਾਰੀ ਕਰ ਰਿਹਾ ਹੈ। ਆਈਆਰਸੀ ਦੇ 2000 ਅਪਰਾਧਕ ਜਾਂਚ ਡਵੀਜ਼ਨ ਦੇ ਏਜੰਟ ਇਸ ਵਿਚ ਸ਼ਾਮਲ ਹਨ।

ਨਿਊਯਾਰਕ ਦੇ ਅਟਾਰਨੀ ਜਨਰਲ ਲੇਟੀਟੀਆਂ ਜੇਮਜ਼ ਅਤੇ ਐੱਫਬੀਆਈ ਦੇ ਸਾਬਕਾ ਡਾਇਰੈਕਟਰ ਜੇਮਜ਼ ਕਾਮੇ ਖ਼ਿਲਾਫ਼ ਜਾਂਚ ਰਾਜਨੀਤੀ ਤੋਂ ਜਿਵੇਂ ਪ੍ਰੇਰਿਤ ਹੈ, ਅਜਿਹੀ ਹੀ ਇਹ ਹੋਵੇਗੀ। ਟਰੰਪ ਤੇ ਉਸ ਦਾ ਪ੍ਰਸ਼ਾਸਨ ਚਾਹੁੰਦਾ ਸੀ ਕਿ 18 ਅਕਤੂਬਰ ਦੇ 'ਨੋ ਕਿੰਗਜ਼' ਪ੍ਰਦਰਸ਼ਨਾਂ ਨੂੰ ਹਿੰਸਾ ਵਿਚ ਤਬਦੀਲ ਕਰ ਕੇ ਪ੍ਰਦਰਸ਼ਨਕਾਰੀਆਂ 'ਤੇ ਜ਼ੁਲਮ ਢਾਹਿਆ ਜਾਵੇ ਪਰ ਉਹ ਆਪਣੇ ਇਰਾਦਿਆਂ ਵਿਚ ਸਫਲ ਨਹੀਂ ਹੋ ਸਕਿਆ।

ਟਰੰਪ ਇਕ ਅੱਤ ਦਾ ਭ੍ਰਿਸ਼ਟ, ਝੂਠਾ ਤੇ ਧੋਖੇਬਾਜ਼ ਆਗੂ ਹੈ, ਇਹ ਅਮਰੀਕੀ ਕੋਰਟ ਦਾ ਫ਼ੁਰਮਾਨ ਹੈ। ਰਾਸ਼ਟਰਪਤੀ ਹੁੰਦੇ ਹੋਏ ਉਹ ਖ਼ੁਦ ਵਾਸਤੇ, ਪਰਿਵਾਰ ਅਤੇ ਮਿੱਤਰਾਂ ਲਈ ਧਨ ਦੇ ਅੰਬਾਰ ਲਗਾ ਰਿਹਾ ਹੈ। ਅਜਿਹਾ ਹਰ ਤੀਸਰਾ ਅਮਰੀਕੀ ਕਹਿ ਰਿਹਾ ਹੈ ਤੇ 49 ਪ੍ਰਤੀਸ਼ਤ ਅਮਰੀਕੀ ਬਾਲਗ ਮੰਨਦੇ ਹਨ ਕਿ ਉਹ ਰਾਸ਼ਟਰਪਤੀ ਵਾਲੀਆਂ ਸ਼ਕਤੀਆਂ ਦੀ ਬਹੁਤ ਦੁਰਵਰਤੋਂ ਕਰ ਰਿਹਾ ਹੈ।

ਅਮਰੀਕੀ ਲੋਕ ਇਸ ਆਗੂ ਤੋਂ ਬਹੁਤ ਤੰਗ ਆ ਚੁੱਕੇ ਹਨ ਅਤੇ ਇਸ ਤੋਂ ਖਹਿੜਾ ਛਡਾਉਣਾ ਚਾਹੁੰਦੇ ਹਨ। ਭਾਰਤੀ ਇਤਿਹਾਸ ਵਿਚ ਕਨਿਸ਼ਕ (ਸੰਨ 127 ਤੋਂ 151) ਬਾਦਸ਼ਾਹ ਦੀਆਂ ਨਿੱਤ ਦੀਆਂ ਜੰਗਾਂ ਤੋਂ ਉਸ ਦੇ ਜਰਨੈਲ ਏਨੇ ਤੰਗ-ਪਰੇਸ਼ਾਨ ਸਨ ਕਿ ਇਕ ਦਿਨ ਜਦੋਂ ਉਸ ਨੂੰ ਤੇਜ਼ ਬੁਖ਼ਾਰ ਹੋ ਗਿਆ ਤਾਂ ਉਨ੍ਹਾਂ ਨੇ ਉਸ ਨੂੰ ਰਜਾਈ ਵਿਚ ਨੱਪ ਕੇ ਮਾਰ ਦਿੱਤਾ।

ਅਮਰੀਕੀਆਂ ਨੂੰ ਮੱਧਕਾਲੀ ਚੋਣਾਂ ਵਿਚ ਡੈਮੋਕ੍ਰੇਟਾਂ ਨੂੰ ਸੈਨੇਟ ਅਤੇ ਕਾਂਗਰਸ ਵਿਚ ਬਹੁਮਤ ਨਾਲ ਜਿਤਾ ਕੇ ਟਰੰਪ ਦੀ ਤਾਨਾਸ਼ਾਹੀ ਨੂੰ ਲਗਾਮ ਲਗਾਉਣੀ ਹੋਵੇਗੀ।

ਹੁਣ ਵੀ ਸ਼ਟਡਾਊਨ ਵਿਵਸਥਾ ਇਸ ਦੀ ਡਿਕਟੇਟਰਸ਼ਿਪ ਕਰਕੇ ਤੀਸਰੇ ਹਫ਼ਤੇ ਵਿਚ ਦਾਖ਼ਲ ਹੋ ਗਈ ਹੈ। ਤਾਂ ਵੀ ਉਹ ਸਿਹਤ, ਭਲਾਈ, ਸਿੱਖਿਆ, ਖੋਜ ਆਦਿ ਖੇਤਰਾਂ ਵਿਚ ਸਬਸਿਡੀ ਦੇਣ ਲਈ ਰਾਜ਼ੀ ਨਹੀਂ। ਇਸ ਦੇ ਪਿਛਲੇ ਕਾਰਜਕਾਲ ਵਿਚ 20 ਦਸੰਬਰ, 2018 ਤੋਂ 25 ਜਨਵਰੀ, 2019 ਤੱਕ ਚੱਲੇ 35 ਰੋਜ਼ਾ ਸ਼ਟਡਾਊਨ ਕਰਕੇ ਬਿਲੀਅਨ ਡਾਲਰ ਦਾ ਨੁਕਸਾਨ ਹੋਇਆ ਸੀ। ਅਮ-ਰੀਕੀ ਲੋਕ ਟਰੰਪ ਕੁਸ਼ਾਸਨ ਤੋਂ ਬੁਰੀ ਤਰ੍ਹਾਂ ਬੇਜ਼ਾਰ ਹਨ। ਉਸ ਦੀ ਦੁਬਾਰਾ ਚੋਣ ਉਨ੍ਹਾਂ ਦੀ ਇਤਿਹਾਸਕ ਭੁੱਲ ਸਿੱਧ ਹੋਈ ਹੈ।


## 'ਪਰਦੇਸ ਟਾਇਮਜ਼' ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

| | | |
|---|---|---|
| (1) ਰਣਜੀਤ ਕੰਦੋਲਾ | (9) ਕੁਲਦੀਪ ਸਿੰਘ ਅਟਵਾਲ | (17) ਪ੍ਰੋ. ਜਸਪਾਲ ਸਿੰਘ ਸੈਣੀ |
| (2) ਅਵਤਾਰ ਸਿੰਘ ਸਹੋਤਾ | (10) ਸੁਰਜੀਤ ਸਿੰਘ ਅਟਵਾਲ | (18) ਜਸਵੀਰ ਸਿੰਘ ਤੱਖਰ |
| (3) ਇੰਦਰਜੀਤ ਸਿੰਘ, ਹੇਵਰਡ | (11) ਭੁਪਿੰਦਰ ਸਿੰਘ ਪਦਮ | (19) ਸੁਖਵਿੰਦਰ ਭੇਲਾ |
| (4) ਜਸਵੀਰ ਸਿੰਘ ਕੁਲਾਰ | (12) ਡਾ. ਹਰਮੇਸ਼ ਕੁਮਾਰ | (20) ਰਵਿੰਦਰ ਪਾਲ |
| (5) ਗੁਰਚਰਨ ਸਿੰਘ ਮਾਨ | (13) ਸੁਰਿੰਦਰ ਸਿੰਘ ਧਨੋਆ | (21) ਅਟਾਰਨੀ ਤਨਵੀਰ ਜੋਸ਼ੀ |
| (6) ਡਾ. ਚਰਨਜੀਤ ਸਿੰਘ ਉਪਲ | (14) ਕਸ਼ਮੀਰ ਸਿੰਘ ਸ਼ੁੱਗਾ | (22) ਰੋਜ਼ੀ ਕਮਲ ਕੌਰ |
| (7) ਪਰਮਪਾਲ ਸਿੰਘ | (15) ਬਲਦੇਵ ਸਿੰਘ ਮਾਨ | (23) ਦਵਿੰਦਰ ਸਿੰਘ ਪਾਬਲਾ |
| (8) ਸ. ਮਹਿੰਗਾ ਸਿੰਘ ਸਰਪੰਚ | (16) ਰਾਜ ਬਡਵਾਲ | |

# ਜ਼ੈਨ ਬਾਜਵਾ-ਲਹਿੰਦੇ ਪੰਜਾਬ ਦੀ ਮਸ਼ਹੂਰ ਟੈਲੀਵਿਜ਼ਨ ਸ਼ਖਸੀਅਤ

ਲਾਹੌਰ ਦੇ ਜੰਮਪਲ ਜ਼ੈਨ ਬਾਜਵਾ ਦਾ ਪਿਛੋਕੜ ਪਿੰਡ ਭਾਵੇਂ ਫੈਸਲਾਬਾਦ ਹੀ ਹੈ, ਜਿਸ ਨੂੰ ਪਹਿਲਾਂ ਅਸੀਂ 1947 ਤੱਕ ਲਾਇਲਪੁਰ ਕਹਿੰਦੇ ਹੁੰਦੇ ਸੀ। 2011 ਤੋਂ ਮੀਡੀਆ ਦੇ ਨਾਲ ਜੁੜੇ ਤੇ ਡੀ. ਐਮ. ਡਿਜ਼ੀਟਲ ਚੈਨਲ ਤੇ ਖ਼ਬਰਾਂ ਪੜ੍ਹਨੀਆਂ ਸ਼ੁਰੂ ਕੀਤੀਆਂ ਤੇ ਇੱਥੇ ਹੀ ਖ਼ਬਰਾਂ ਦੇ ਕਾਲਮ



ਵੀ ਲਿਖਣੇ ਸ਼ੁਰੂ ਕੀਤੇ। ਜਦੋਂ 7-8 ਮਹੀਨਿਆਂ ਵਿਚ ਕਾਫ਼ੀ ਮੁਹਾਰਤ ਹੋ ਗਈ ਤੇ ਫਿਰ ਖੁੱਲ੍ਹ ਕੇ ਲਿਖਣਾ ਸ਼ੁਰੂ ਕੀਤਾ ਤੇ ਦੁਨੀਆਂ ਨਿਊਜ਼ ਵਾਲਿਆਂ ਨੇ ਜੈਨ ਬਾਜਵਾ ਦੇ ਕਾਲਮਾਂ ਨੂੰ ਛਾਪਣਾ ਬੰਦ ਕਰ ਦਿੱਤਾ।

ਬਜਾਏ ਬਾਜਵਾ ਨੇ ਆਪਣੇ ਕਾਲਮਾਂ ਨੂੰ ਲਿਖਣ ਦੀ ਥੀਏਟਰ ਲਈ ਸਕ੍ਰਿਪਟ ਵਿਚ ਹੱਥ ਅਜ਼ਮਾਈ ਸ਼ੁਰੂ ਕੀਤੀ। ਨਾਲ-ਨਾਲ ਸਟੇਜ ਤੇ ਐਕਟਿੰਗ ਵੀ ਕਰਨੀ ਸ਼ੁਰੂ ਕਰ ਦਿੱਤੀ। ਥੀਏਟਰ ਕਰਨ ਦੇ ਨਾਲ ਨਾਲ ਆਜ਼ਾਦ ਸਕ੍ਰਿਪਟ ਲਿਖਣੀ ਸ਼ੁਰੂ ਕਰ ਦਿੱਤੀ, ਨਾਲ ਨਾਲ ਆਵਾਜ ਵੀ ਦੇਣੀ ਸ਼ੁਰੂ ਕੀਤੀ। ਤਕਰੀਬਨ ਸਾਰੀ ਸਕ੍ਰਿਪਟ ਵਿਚ ਪੰਜਾਬੀ ਰੰਗ ਜ਼ਿਆਦਾ ਦਿਸਦਾ ਤੇ ਇਸ ਤਰ੍ਹਾਂ ਦੀਆਂ ਕਹਾਣੀਆਂ ਲਿਖਣਾ ਉਸਦਾ ਸ਼ੌਂਕ ਹੋ ਗਿਆ। ਜ਼ਿੰਦਗੀ ਵਿਚ ਉਤਰਾਅ-ਚੜ੍ਹਾਅ ਆਉਂਦੇ ਰਹਿੰਦੇ ਹਨ। ਫਿਰ ਮੀਡੀਆ ਦੇ ਖੇਤਰ ਵਿਚ 8 ਸਾਲਾਂ ਦੀ ਮਿਹਨਤ ਤੋਂ ਮਗਰੋਂ ਕਾਮਯਾਬੀ ਮਿਲੀ। ਲਾਹੌਰ 'ਚ ਏਨਾ ਕੰਮ ਕੀਤਾ ਕਿ ਹਰ ਗਲੀ, ਹਰ ਸੜਕ ਤੇ ਸਾਰੀਆਂ ਪੁਰਾਣੀਆਂ ਇਮਾਰਤਾਂ ਪੈਰਾਂ ਤੇ ਤੁਰ-ਤੁਰ ਕੇ ਵੇਖੀਆਂ।



ਪਰਿਵਾਰ ਵੱਲੋਂ ਇਹੀ ਮਦਦ ਹੈ ਕਿ ਜੋ ਅੱਜ ਉਹ ਕਰ ਰਿਹਾ ਹੈ, ਉਹਨਾਂ ਨੇ ਕਿਸੇ ਗੱਲ ਤੋਂ ਨਹੀਂ ਰੋਕਿਆ। ਇਕ ਵਾਰ ਸਮਾਂ ਇੰਨਾ ਨੀਵੇਂ ਪੱਧਰ ਦਾ ਵੀ ਆਇਆ ਕਿ ਮੈਂ ਆਪਣੇ ਘਰ 'ਚ ਹੀ ਪ੍ਰਾਹੁਣਾ ਲੱਗਣ ਲੱਗ ਪਿਆ।

2016 'ਚ ਜਦੋਂ ਚੰਗੀ ਨੌਕਰੀ ਲੱਗੀ ਤੇ ਘਰ ਵਾਲਿਆਂ ਨੇ ਮੰਨਿਆ ਕਿ ਮੈਂ ਕਾਮਯਾਬੀ ਵੱਲ ਵੱਧ ਰਿਹਾ ਹਾਂ ਪਰ ਇਕ-ਦੋ ਮਹੀਨਿਆਂ ਬਾਅਦ ਇਹੀ ਗੱਲ ਅੱਗੇ ਆਈ ਕਿ ਲਿਖਣ-ਬੋਲਣ ਦਾ ਵੀ ਕੋਈ ਲਾਭ ਨਹੀਂ ਹੋਇਆ। ਇਸੇ ਦੌਰਾਨ ਘਰ ਵਾਲੇ, ਦੋਸਤ, ਰਿਸ਼ਤੇਦਾਰ ਵੀ ਦੂਰ ਹੋਣ ਲੱਗ ਪਏ ਕਿਉਂਕਿ ਉਹਨਾਂ ਨੂੰ ਜ਼ੈਨ ਬਾਜਵਾ ਦੀਆਂ ਗੱਲਾਂ ਚੰਗੀਆਂ ਨਹੀਂ ਲੱਗਦੀਆਂ ਸਨ ਪਰ ਗੱਲਾਂ ਸੁਣ-ਸੁਣ ਕੇ ਵੀ ਆਪਣੇ ਕੰਮ 'ਚ ਲੱਗਾ ਰਿਹਾ ਤੇ ਇਸੇ ਦੌਰਾਨ ਉਹ 'ਸੁਣੋ ਪੰਜਾਬ' 'ਚ ਆ ਕੇ ਮਿਲ ਗਿਆ ਤੇ ਕੰਮ ਕਰਨਾ ਸ਼ੁਰੂ ਕੀਤਾ। ਉਦੋਂ ਉਸਦੇ ਨਾਲ ਰਮੀਜ਼ ਰਾਜ਼ਾ ਦੇ ਲਈ ਵੀ ਸਕ੍ਰਿਪਟ ਬਾਜਵਾਂ ਹੀ ਲਿਖਦਾ ਸੀ- ਲਾਹੌਰ 'ਚ ਜਦੋਂ 'ਸੁਣੋ ਪੰਜਾਬ' ਚੈਨਲ ਸ਼ੁਰੂ ਹੋਇਆ ਤੇ ਉਸ ਤੇ 'ਹਵੇਲੀ ਮਿੱਤਰਾਂ ਦੀ' ਦੀ ਹੋਸਟਿੰਗ ਸ਼ੁਰੂ ਕੀਤੀ ਜੋ 7-8 ਮਹੀਨਿਆਂ ਤੱਕ ਬਹੁਤ ਹੀ ਕਾਮਯਾਬ ਸ਼ੋਅ ਚੱਲਿਆ। ਚੈਨਲ ਵਾਲਿਆਂ ਨਾਲ ਕੁਝ ਐਸੀ ਗੱਲ ਹੋਈ ਕਿ ਖੜ੍ਹੇ ਪੈਰ ਹੀ ਸ਼ੋਅ ਛੱਡਣਾ ਪਿਆ ਪਰ ਇਹ ਸ਼ੋਅ ਅਮਰੀਕਾ, ਕੈਨੇਡਾ, ਇੰਗਲੈਂਡ, ਆਸਟ੍ਰੇਲੀਆ ਤੇ ਪੰਜਾਬ 'ਚ ਬਹੁਤ ਹੀ ਲੋਕਾਂ ਨੇ ਪਿਆਰ ਨਾਲ ਵੇਖਿਆ ਜਾਂਦਾਤੇ ਪਸੰਦ ਕੀਤਾ ਜਾਂਦਾ ਰਿਹਾ।

ਕੁਝ ਦਿਨਾਂ ਦੇ ਵਕਫੇ ਨਾਲ ਹੁਣ ਮੈਂ ਉਸਦਾ ਪੌਡਕਾਸਟ 'ਜ਼ੈਨ ਬਾਜਵਾ ਦੇ ਨਾਲ' ਚਲਾਉਣਾ ਸ਼ੁਰੂ ਕੀਤਾ। ਹੁਣ ਤੱਕ ਉਸਨੇ ਬਹੁਤ ਸਾਰੇ ਨਾਟਕ ਥੀਏਟਰ 'ਚ ਕੀਤੇ, ਛੋਟੀਆਂ ਫਿਲਮਾਂ ਕੀਤੀਆਂ, ਐਕਟਿੰਗ ਵੀ ਕੀਤੀ, ਡਾਕੂਮੈਂਟਰੀ ਟੀ. ਵੀ. ਸ਼ੋਅ ਵੀ ਕੀਤੇ ਤੇ ਇੰਟਰਵਿਊ ਦੇ ਨਾਲ ਨਾਲ ਆਵਾਜ਼ ਵੀ ਦਿੱਤੀ।

ਇਸ ਤਰ੍ਹਾਂ ਜ਼ਿੰਦਗੀ ਇਕ-ਦੂਜੀ ਥਾਂ ਵਾਰ-ਵਾਰ ਲੈ ਕੇ ਜਾਂਦੀ ਰਹੀ ਤੇ ਉਹ ਨਾਲ-ਨਾਲ ਟੁਰਦਾ ਰਿਹਾ। ਫਿਲਮਾਂ ਤੋਂ ਇਲਾਵਾ ਸਭ ਕੁਝ ਵਕਤ ਹੀ ਲਾਉਣ ਤੱਕ ਰਿਹਾ ਪਰ ਉਸਨੇ ਇਸ ਲਈ ਜ਼ਿਆਦਾ ਸੋਚਿਆ ਵੀ ਨਹੀਂ।

ਪਰ ਇਕ ਗੱਲ ਪੱਕੀ ਹੈ ਕਿ ਮਾਂ-ਬੋਲੀ ਦਾ ਪ੍ਰਚਾਰ ਕਰਨਾ ਤੇ ਆਉਣ ਵਾਲੀ ਪੀੜ੍ਹੀ ਨੂੰ ਦੱਸਣਾ ਹੋਵੇਗਾ ਕਿ ਪੰਜਾਬੀ ਕੌਣ ਹੁੰਦੇ ਸੀ ਪਰ ਕੀ ਹੋ ਗਏ ਜਾਂ ਬਣ ਗਏ ਹਨ ਤੇ ਹੁਣ ਅਸੀਂ ਆਪਣਾ ਪੰਜਾਬ ਆਪਣੀ ਮਾਂ-ਬੋਲੀ ਦਾ ਮਾਣ ਕਿਵੇਂ ਵਧਾਉਣਾ ਹੈ, ਉਸ ਲਈ ਹੀ ਕੰਮ ਕਰਨਾ ਹੈ।

'ਸੁਣੋ ਪੰਜਾਬ' ਦੇ ਸ਼ੋਅ ਨੂੰ ਬਹੁਤ ਹੀ ਵਧੀਆ ਤਰੀਕੇ ਨਾਲ ਜ਼ੈਨ ਬਾਜਵਾ ਨੇ ਹਮੇਸ਼ਾ ਪੇਸ਼ ਕੀਤਾ। ਉਹਨਾਂ ਦੇ ਨਾਲ ਹਰ ਰੋਜ਼ ਦੇ ਸ਼ੋਅ 'ਚ ਫਾਤਿਮਾ ਤੁਝ ਜਾਹਿਰਾ ਬੈਠਦੀ ਸੀ, ਦੋਵਾਂ ਦੇ ਸ਼ੋਅ ਕਰਨ ਦਾ ਅੰਦਾਜ਼ ਬਿਲਕੁਲ ਸਾਦਾ ਜਿਵੇਂ ਢਾਣੀਆਂ 'ਚ ਬੈਠ ਕੇ ਗੱਲਾਂ ਕਰਦੇ ਰਹੇ ਹਨ, ਲੋਕ ਉਵੇਂ ਦੀ ਹੀ ਗੱਲਬਾਤ ਉਹ ਦੋਵੇਂ ਵੀ ਕਰਦੇ ਸਨ। ਦੁਨੀਆਂ ਦੇ ਹਰ ਮੁਲਕ 'ਚ ਇਹਨਾਂ ਦਾ ਸ਼ੋਅ ਬਹੁਤ ਹੀ ਮਸ਼ਹੂਰ ਹੋਇਆ ਤੇ ਅੱਜ ਇਕ ਸਾਲ ਬਾਅਦ ਵੀ ਜ਼ੈਨ ਬਾਜਵਾ ਹੁਰਾਂ ਨੂੰ ਲੋਕ ਚੇਤੇ ਕਰਦੇ ਰਹਿੰਦੇ ਹਨ।

ਅਸੀਂ ਰੱਬ ਅੱਗੇ ਅਰਦਾਸ ਕਰਦੇ ਹਾਂ ਕਿ ਇਸ ਤਰ੍ਹਾਂ ਦੇ ਸ਼ੋਅ ਆਉਂਦੇ ਰਹਿਣਤੇ ਇਹਨਾਂ ਨੂੰ ਇਕ ਵਾਰ ਕਿਸੇ ਚੈਨਲ 'ਤੇ ਮੌਕਾ ਮਿਲੇ ਤਾਂ ਕਿ ਉਹ ਆਪਣੀ ਕਾਬਲੀਅਤ ਦਿਖਾ ਸਕਣ ਤੇ ਉਮੀਦ ਹੈ ਉਹਨਾਂ ਦਾ ਜੋ ਪੰਜਾਬੀ ਫਿਲਮਾਂ ਦੀਆਂ ਕਹਾਣੀਆਂ ਲਿਖਣ ਵੱਲ ਮਨ ਹੈ, ਉਹ ਵੀ ਕਿਸੇ ਵੇਲੇ ਵੀ ਪੂਰਾ ਹੋਵੇ, ਸਾਡੀ ਇਹ ਰੱਬ ਅੱਗੇ ਅਰਦਾਸ ਹੈ ਕਿ ਉਹ ਤਰੱਕੀ ਕਰਕੇ ਲਹਿੰਦੇ ਪੰਜਾਬ 'ਚੋਂ ਪੰਜਾਬੀ ਬੋਲੀ ਦਾ ਨਾਂ ਉੱਚਾ ਕਰਨ ਤੇ ਇਕ ਸ਼ਾਨਦਾਰ ਪ੍ਰੋਗਰਾਮ ਫਿਰ ਲੈ ਕੇ ਆਉਣ।

ਉਮੀਦ ਕਰਦੇ ਹਾਂ ਜ਼ੈਨ ਬਾਜਵਾ ਹੁਰਾਂ ਦੀ ਅਗਲੀ ਪੇਸ਼ਕਸ਼ ਇਕ ਵਧੀਆ ਕਿਸਮ ਦੀ ਹੋਵੇ।

ਜ਼ੈਨ ਬਾਜਵਾ ਨਾਲ ਸੰਪਰਕ ਕਰਨ ਲਈ ਫੋਨ ਨੰਬਰ ਹੈ +92 34243 44125

**- ਬਲਬੀਰ ਸਿੰਘ ਐਮ. ਏ.**




**'ਪਰਦੇਸ ਟਾਇਮਜ਼' ਇਕ ਯੋਗ ਵਰ ਲੱਭਣ ਵਿਚ ਤੁਹਾਡੀ ਬਹੁਤ ਸਹਾਇਤਾ ਕਰ ਸਕਦਾ ਹੈ। ਆਪਣਾ ਇਸ਼ਤਿਹਾਰ ਬੁੱਕ ਕਰਨ ਲਈ**

**ਸੰਪਰਕ ਕਰੋ: 510-938-7771 shaadi@pardestimes.com**

## ਲੜਕੀ ਦੀ ਲੋੜ

ਗੁਰਸਿੱਖ ਰਾਮਗੜ੍ਹੀਆ ਲੜਕਾ ਦਿਲਸ਼ੇਰ ਸਿੰਘ (SAHNS), ਜਨਮ ਸਤੰਬਰ 1994, ਨਾਨਕਿਆਂ ਦਾ ਗੋਤ ਮਠਾਰੂ, ਕੱਦ 5 ਫੁੱਟ 10 ਇੰਚ, ਅਮਰੀਕੀ ਨਾਗਰਿਕ, BACHELOR OR SCIENCE IN MECHANICAL ENGINEERING MANAGEME ਦੀ ਸਿੱਖਿਆ ਪ੍ਰਾਪਤ, ਲੜਕੇ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ ਕਰੋ: singhkulwant4434@yahoo.com

## ਲੜਕੀ ਦੀ ਲੋੜ

ਅਮਰੀਕਾ ਦਾ ਜੰਮਪਲ, 27 ਸਾਲਾ, ਕੱਦ 6 ਫੁੱਟ 1 ਇੰਚ, ਸਿੱਖ (ਰਾਮਗੜ੍ਹੀਆ), Bachelor in Biochemistry n Molecular Biology, Masters in Bioinformatics, ਸਾਇੰਟਿਸਟ ਲਈ ਪੜ੍ਹੀ-ਲਿਖੀ, ਸੁੰਦਰ ਲੜਕੀ ਦੀ ਲੋੜ ਹੈ। ਸੰਪਰਕ ਕਰੋ: (510) 774-7006 ਜਾਂ (510) 485-1133

## ਲੜਕੀ ਦੀ ਲੋੜ

27 ਸਾਲਾ ਲੜਕਾ, ਕੱਦ 5 ਫੁੱਟ 7 ਇੰਚ, ਸ਼ਰਾਬ ਸਿਗਰਟਨੋਸ਼ੀ ਰਹਿਤ, Bachelor's in physiotherapy, ਇਸ ਵਕਤ ਲੈਥਰੋਪ (ਕੈਲੇਫੋਰਨੀਆ) ਰਹਿ ਰਿਹਾ ਹੈ। ਗ੍ਰੀਨ ਕਾਰਡ ਹੋਲਡਰ, ਆਪਣਾ ਘਰ, ਲਈ ਪੜ੍ਹੀ-ਲਿਖੀ ਅਤੇ ਚੰਗੇ ਪਰਿਵਾਰਕ ਮਾਹੌਲ ਦੀ ਲੜਕੀ ਦੀ ਲੋੜ ਹੈ।
ਸੰਪਰਕ ਕਰੋ: 510-434-4263

## ਲੜਕੀ ਦੀ ਲੋੜ

ਬਹੁਤ ਹੀ ਸੋਹਣਾ ਸੁਨੱਖਾ ਲੜਕਾ, ਉਮਰ 33 ਸਾਲ, ਕੱਦ 6 ਫੁੱਟ, ਸੰਗਰ ਗੋਤ, ਨਰਸਿੰਗ ਪਾਸ, ਕੈਲੇਫੋਰਨੀਆ 'ਚ ਗੈਸ ਸਟੇਸ਼ਨ ਤੇ ਹੋਰ ਸਟੋਰਾਂ ਦਾ ਮਾਲਕ, ਲਈ ਬਰਾਬਰ ਦੀ ਪੜ੍ਹਾਈ ਵਾਲੀ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਸੁਰਜੀਤ ਜੀ ਨੂੰ 707-291-2901 ਤੇ ਸੰਪਰਕ ਕਰੋ ਜੀ।

## ਲੜਕੀ ਦੀ ਲੋੜ

31 ਸਾਲਾ ਰਾਮਗੜ੍ਹੀਆ ਸਿੱਖ ਸਿਟੀਜ਼ਨ, ਕੱਦ 5 ਫੁੱਟ 8 ਇੰਚ, ਸੋਹਣਾ-ਸੁਨੱਖਾ, ਬੀ. ਐਸ.: ਹੈਲਥ ਸਾਇੰਸ, ਐਮਰਜੈਂਸੀ ਰੂਮ ਟੈਕਨੀਸ਼ੀਅਨ, ਕੈਲੇਫੋਰਨੀਆ ਦੇ ਬੇਅ-ਏਰੀਆ 'ਚ ਰਹਿੰਦੇ ਲੜਕੇ ਲਈ ਖੂਬਸੂਰਤ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਪਿਤਾ ਹਰਮਿੰਦਰ ਸਿੰਘ ਲੱਲ ਨਾਲ 510-468-5436 'ਤੇ ਸੰਪਰਕ ਕਰੋ।

## ਵਰ ਦੀ ਲੋੜ

36 ਸਾਲਾ, ਤਲਾਕਸ਼ੁਦਾ, ਚੰਡੀਗੜ੍ਹ ਦੀ ਰਹਿਣ ਵਾਲੀ, (ਨਾਂ ਅਮਨਪ੍ਰੀਤ ਕੌਰ) ਮਾਪੇ ਕੈਲੇਫੋਰਨੀਆ ਰਹਿ ਰਹੇ ਹਨ, ਲਈ ਪੜ੍ਹਿਆ-ਲਿਖਿਆ, ਅਮਰੀਕਾ ਸੈਟਲਡ, ਸਿਗਰਟਨੋਸ਼ੀ ਤੋਂ ਦੂਰ, ਚੰਗੇ ਪਰਿਵਾਰ ਦੇ ਲੜਕੇ ਦੀ ਲੋੜ ਹੈ। ਸੰਪਰਕ ਕਰੋ: ਵਟਸਐਪ 91-79734-381880, +1 (408) 422, 8585 (ਵਟਸਐਪ)

# ਮੋਦੀ-ਟਰੰਪ ਦੀ ਫੋਨ ਗੱਲਬਾਤ

ਦੀਵਾਲੀ ਦੇ ਮੌਕੇ 'ਤੇ ਪ੍ਰਧਾਨ ਮੰਤਰੀ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵਿਚਕਾਰ ਸ਼ੁਭਕਾਮਨਾਵਾਂ ਦਾ ਆਦਾਨ-ਪ੍ਰਦਾਨ ਹੋਣ ਦੇ ਨਾਲ-ਨਾਲ ਦੋਹਾਂ ਦੇਸ਼ਾਂ ਵਿਚਕਾਰ ਵਪਾਰ ਸਮਝੌਤੇ ਦੇ ਸਿਰੇ ਚੜ੍ਹਨ ਦੇ ਆਸਾਰ ਵਧਣਾ ਇਕ ਸ਼ੁਭ ਸੰਕੇਤ ਹੈ। ਇਹ ਮੰਨਿਆ ਜਾ ਰਿਹਾ ਹੈ ਕਿ ਦੋਹਾਂ ਦੇਸ਼ਾਂ ਵਿਚਕਾਰ ਅਗਲੇ ਮਹੀਨੇ ਵਪਾਰ ਸਮਝੌਤਾ ਹੋ ਸਕਦਾ ਹੈ। ਇਸ ਤੋਂ ਪਹਿਲਾਂ ਮਲੇਸ਼ੀਆ ਵਿਚ ਆ-ਸੀਆਨ ਸਿਖਰ ਸੰ-ਮੇਲਨ ਵਿਚ ਦੋਹਾਂ ਨੇਤਾਵਾਂ ਵਿਚਕਾਰ ਮੁਲਾਕਾਤ ਵੀ ਹੋ ਸਕਦੀ ਹੈ। ਵਪਾਰ ਸਮਝੌਤਾ ਹੋਣ ਦੇ ਆਸਾਰ ਇਸ ਲਈ ਵਧੇ ਹਨ ਕਿਉਂਕਿ ਪਹਿਲਾਂ ਤਾਂ ਦੋਹਾਂ ਨੇਤਾਵਾਂ ਨੇ ਵਿਸ਼ਵ ਸੁਰੱਖਿਆ, ਖੇਤਰੀ ਸਥਿਰਤਾ, ਅੱਤਵਾਦ ਅਤੇ ਰਣਨੀਤਕ ਭਾਗੀਦਾਰੀ ਸਮੇਤ ਵਪਾਰ ਵਾਰਤਾ 'ਤੇ ਵੀ ਗੱਲ ਕੀਤੀ ਹੈ ਅਤੇ ਦੂਜਾ, ਅਮਰੀਕੀ ਰਾਸ਼ਟਰਪਤੀ ਆਪਣੇ ਇਸ ਦਾਅਵੇ ਤੋਂ ਪਿੱਛੇ ਹਟਦੇ ਦਿਖਾਈ ਦਿੱਤੇ ਹਨ ਕਿ ਭਾਰਤ ਰੂਸ ਤੋਂ ਤੇਲ ਖ਼ਰੀਦ ਬੰਦ ਕਰਨ 'ਤੇ ਸਹਿਮਤ ਹੋ ਗਿਆ ਹੈ। ਇਸ ਦੇ ਬਦਲੇ ਉਨ੍ਹਾਂ ਨੇ ਇਹ ਕਿਹਾ ਕਿ ਭਾਰਤ ਰੂਸ ਤੋਂ ਵੱਧ ਤੇਲ ਨਹੀਂ ਖ਼ਰੀਦੇਗਾ। ਦੋਹਾਂ ਗੱਲਾਂ ਵਿਚ ਫ਼ਰਕ ਹੈ। ਇਹ ਫ਼ਰਕ ਸਮਝੌਤੇ ਦੀਆਂ ਸੰਭਾਵਨਾਵਾਂ ਨੂੰ ਜਨਮ ਦੇਣ ਵਾਲਾ ਹੈ। ਟਰੰਪ ਦੀ ਬਦਲੀ ਹੋਈ ਭਾਸ਼ਾ ਇਸ ਗੱਲ ਦਾ ਸੰਕੇਤ ਦਿੰਦੀ ਹੈ ਕਿ ਉਹ ਰੂਸ ਤੋਂ ਤੇਲ ਖ਼ਰੀਦ ਦੇ ਮਾਮਲੇ ਵਿਚ ਕੋਈ ਵਿਚਾਲੇ ਦਾ ਰਸਤਾ ਕੱਢਣ ਅਤੇ ਭਾਰਤ ਨੂੰ ਰਿਆਇਤ ਦੇਣ ਦੇ ਇੱਛੁਕ ਹਨ। ਉਨ੍ਹਾਂ ਨੂੰ ਇਹ ਕਰਨਾ ਪਵੇਗਾ ਕਿਉਂਕਿ ਭਾਰਤ ਆਪਣੀ ਊਰਜਾ ਸੁਰੱਖਿਆ ਨਾਲ ਸਮਝੌਤਾ ਨਹੀਂ ਕਰ ਸਕਦਾ। ਭਾਰਤ ਇਹ ਵੀ ਨਹੀਂ ਕਰ ਸਕਦਾ ਕਿ ਅਮਰੀਕੀ ਰਾਸ਼ਟਰਪਤੀ ਜੋ ਕੁਝ ਕਹਿਣ, ਉਸ ਨੂੰ ਅੱਖਾਂ ਮੀਚ ਕੇ ਮੰਨ ਲਵੇ।



ਇਕ ਪ੍ਰਭੂਸੱਤਾ ਸੰਪੰਨ ਰਾਸ਼ਟਰ ਭਾਰਤ ਨੂੰ ਆਪਣੇ ਹਿੱਤਾਂ ਦੀ ਰੱਖਿਆ ਕਰਨ ਅਤੇ ਆਪਣੀ ਆਜ਼ਾਦ ਵਿਦੇਸ਼ ਨੀਤੀ 'ਤੇ ਚੱਲਣ ਦਾ ਓਨਾ ਹੀ ਹੱਕ ਹੈ ਜਿੰਨਾ ਕਿ ਅਮਰੀਕਾ ਨੂੰ। ਸ਼ਾਇਦ ਟਰੰਪ ਨੂੰ ਇਹ ਗੱਲ ਸਮਝ ਆਉਣ ਲੱਗੀ ਹੈ ਕਿ ਭਾਰਤ ਨੂੰ ਉਸ ਤਰ੍ਹਾਂ ਨਹੀਂ ਝੁਕਾਇਆ ਜਾ ਸਕਦਾ ਜਿਵੇਂ ਉਨ੍ਹਾਂ ਨੇ ਕਈ ਦੇਸ਼ਾਂ ਨੂੰ ਝੁਕਾਇਆ ਹੈ। ਭਾਰਤ ਨੇ ਅਮਰੀਕੀ ਰਾਸ਼ਟਰਪਤੀ ਦੇ ਮਨਘੜਤ ਦਾਅਵਿਆਂ ਅਤੇ ਬੜਬੋਲੇ ਬਿਆਨਾਂ ਦਾ ਜਵਾਬ ਕੂਟਨੀਤਕ ਭਾਸ਼ਾ ਵਿਚ ਦੇਣ ਦੀ ਜੋ ਰਣਨੀਤੀ ਅਪਣਾਈ ਹੈ, ਉਹ ਉਨ੍ਹਾਂ ਦੇ ਅੜੀਅਲ ਰਵੱਈਏ ਤੋਂ ਪਾਰ ਪਾਉਣ ਦਾ ਸਹੀ ਤਰੀਕਾ ਹੈ। ਭਾਰਤ ਨੂੰ ਟਰੰਪ ਨੂੰ ਉਨ੍ਹਾਂ ਦੀ ਹੀ ਭਾਸ਼ਾ ਵਿਚ ਜਵਾਬ ਦੇਣ ਦੀ ਬਜਾਏ ਕੂਟਨੀਤਿਕ ਕੌਸ਼ਲ ਦਾ ਸਹਾਰਾ ਲੈ ਕੇ ਆਪਣੇ ਹਿੱਤਾਂ ਦੀ ਰੱਖਿਆ ਨੂੰ ਤਰਜੀਹ ਦੇਣੀ ਚਾਹੀਦੀ ਹੈ। ਭਾਰਤ ਦੀ ਪਹਿਲੀ ਤਰਜੀਹ ਇਹ ਹੋਣੀ ਚਾਹੀਦੀ ਹੈ ਕਿ ਉਸ ਦੇ ਮਨ-ਮਾਫ਼ਕ ਅਮਰੀਕਾ ਨਾਲ ਕੋਈ ਵਪਾਰ ਸਮਝੌਤਾ ਹੋ ਜਾਵੇ। ਇਕ ਵਾਰ ਅਜਿਹਾ ਸਮਝੌਤਾ ਹੋ ਜਾਵੇ ਤਾਂ ਸਬੰਧਾਂ ਦੇ ਪਟੜੀ 'ਤੇ ਚੜ੍ਹਨ ਵਿਚ ਜ਼ਿਆਦਾ ਸਮਾਂ ਨਹੀਂ ਲੱਗੇਗਾ ਕਿਉਂਕਿ ਅਮਰੀਕਾ ਨੂੰ ਵੀ ਭਾਰਤ ਦੇ ਸਹਿਯੋਗ ਦੀ ਲੋੜ ਹੈ। ਇਸ ਤੱਥ ਦੀ ਅਣਦੇਖੀ ਨਹੀਂ ਕੀਤੀ ਜਾਣੀ ਚਾਹੀਦੀ ਕਿ ਜੇ ਅਮਰੀਕਾ ਨਾਲ ਜਲਦ ਵਪਾਰ ਸਮਝੌਤਾ ਸਾਡੀ ਤਰਜੀਹ ਹੈ ਤਾਂ ਅਮਰੀਕਾ ਨੂੰ ਵੀ ਆਪਣੇ ਹਿੱਤਾਂ ਦੀ ਪੂਰਤੀ ਲਈ ਭਾਰਤ ਦੀ ਲੋੜ ਹੈ।

# ਸਤਿਗੁਰੂ ਨਾਨਕ ਪ੍ਰਗਟਿਓ ਮਿਟੀ ਧੁੰਦ ਜਗ ਚਾਨਣ ਹੋਆ



ਗੁਰੂ ਨਾਨਕ ਦੇਵ ਜੀ (1469–1539 ਈਸਵੀ) ਦਾ ਜਨਮ ਤਲਵੰਡੀ ਨਾਮਕ ਇੱਕ ਪਿੰਡ ਵਿੱਚ ਹੋਇਆ ਸੀ, ਜੋ ਲਾਹੌਰ ਤੋਂ ਲਗਭਗ 40 ਮੀਲ ਦੂਰ ਹੈ, ਜੋ ਅੱਜ ਪਾਕਿਸਤਾਨ ਹੈ। ਕਿਹਾ ਜਾਂਦਾ ਹੈ ਕਿ ਉਹ ਇੱਕ ਵਪਾਰੀ ਪਰਿਵਾਰ ਤੋਂ ਸਨ। ਉਨ੍ਹਾਂ ਦਾ ਵਿਆਹ ਹੋਇਆ ਅਤੇ ਉਨ੍ਹਾਂ ਦੇ ਦੋ ਪੁੱਤਰ ਜਨਮੇ। 20 ਸਾਲ ਦੇ ਹੋਣ ਦੇ ਕਰੀਬ ਬਾਬਾ ਨਾਨਕ ਸੁਲਤਾਨਪੁਰ ਚਲੇ ਗਏ, ਜੋ ਕਿ ਲਾਹੌਰ ਅਤੇ ਦਿੱਲੀ ਦੇ ਵਿਚਕਾਰ ਮੁੱਖ ਸੜਕ 'ਤੇ ਇੱਕ ਮਹੱਤਵਪੂਰਨ ਕਸਬਾ ਹੈ, ਜਿੱਥੇ ਉਹ ਲੋਧੀ ਪ੍ਰਸ਼ਾਸਨ ਵਿਚ ਇੱਕ ਕਲਰਕ ਵਜੋਂ ਕੰਮ ਕਰਨ ਲੱਗ ਪਏ। ਜਦੋਂ ਉਹ ਲਗਭਗ ਤੀਹ ਸਾਲਾਂ ਦੇ ਸਨ, ਤਾਂ ਉਨ੍ਹਾਂ ਨੂੰ ਇੱਕ ਅਨੁਭਵ ਹੋਇਆ ਜਿਸਨੂੰ ਉਨ੍ਹਾਂ ਨੇ ਇੱਕ ਪ੍ਰਕਾਸ਼ ਵਜੋਂ ਦਰਸਾਇਆ – ਪਰਮਾਤਮਾ ਨਾਲ ਸਿੱਧੀ ਮੁਲਾਕਾਤ ਜਿਸਨੇ ਉਨ੍ਹਾਂ ਦੇ ਬਾਕੀ ਜੀਵਨ ਨੂੰ ਆਕਾਰ ਦਿੱਤਾ।

ਸਮੇਂ ਦੇ ਲੇਖਕਾਰਾਂ ਨੇ ਬਾਅਦ ਵਿੱਚ ਗੁਰੂ ਨਾਨਕ ਦੇਵ ਜੀ ਬਾਰੇ ਜੋ ਕਹਾਣੀਆਂ ਸੁਣਾਈਆਂ, ਜਿਨ੍ਹਾਂ ਨੂੰ ਜਨਮ ਸਾਖੀਆਂ ਕਿਹਾ ਜਾਂਦਾ ਹੈ, ਉਨ੍ਹਾਂ ਦੇ ਬਚਪਨ ਤੋਂ ਹੀ ਗਿਆਨੀ ਹੋਣ ਦੇ ਨਾਲ–ਨਾਲ ਸਮਾਜਿਕ ਮੁੱਦਿਆਂ ਨਾਲ ਉਨ੍ਹਾਂ ਦੀ ਸਾਂਝ ਨੂੰ ਵੀ ਬਿਆਨ ਕਰਦੀਆਂ ਹਨ। ਉਹ ਜਵਾਨੀ ਵਿੱਚ ਉਨ੍ਹਾਂ ਦੀ ਇਮਾਨਦਾਰੀ ਅਤੇ ਸੱਚਾਈ ਪ੍ਰਤੀ ਸ਼ਰਧਾ ਬਾਰੇ ਦੱਸਦੇ ਹਨ ਅਤੇ ਉਹ ਪਰਮਾਤਮਾ ਨਾਲ ਇਸ ਸ਼ਾਨਦਾਰ ਅਤੇ ਪਰਿਵਰਤਨਸ਼ੀਲ ਮੁਲਾਕਾਤ ਦੀ ਕਹਾਣੀ ਦੱਸਦੇ ਹਨ। ਇੱਕ ਦਿਨ ਬਾਬਾ ਨਾਨਕ ਆਪਣੇ ਇੱਕ ਦੋਸਤ ਦੇ ਨਾਲ ਇੱਕ ਨਦੀ ਵਿੱਚ ਇਸ਼ਨਾਨ ਕਰਨ ਗਏ। ਨਾਨਕ ਰਹੱਸਮਈ ਢੰਗ ਨਾਲ ਗਾਇਬ ਹੋ ਗਏ ਅਤੇ ਉਸਦਾ ਬੇਚੈਨ ਦੋਸਤ, ਉਸਨੂੰ ਬਚ–ਾਉਣ ਦੀਆਂ ਕਈ ਕੋਸ਼ਿਸ਼ਾਂ ਤੋਂ ਬਾਅਦ, ਭਿਆਨਕ ਖ਼ਬਰਾਂ ਅਤੇ ਨਾਨਕ ਦੁਆਰਾ ਕੰਢੇ ਛੱਡੇ ਗਏ ਕੱਪੜੇ ਲੈ ਕੇ ਸੁਲਤਾਨਪੁਰ ਵਾਪਸ ਆਇਆ। ਹਾਲਾਂਕਿ, ਤਿੰਨ ਦਿਨਾਂ ਬਾਅਦ, ਨਾਨਕ ਦੁਬਾਰਾ ਪ੍ਰਗਟ ਹੋਏ। ਉਹ ਪਾਣੀ ਵਿੱਚੋਂ ਬਾਹਰ ਆਏ ਅਤੇ ਉਹਨਾਂ ਦੇ ਪਹਿਲੇ ਸ਼ਬਦ ਸਨ: "ਨਾ ਤਾਂ ਕੋਈ ਹਿੰਦੂ ਹੈ ਅਤੇ ਨਾ ਹੀ ਮੁਸਲਮਾਨ।" ਉਹਨਾਂ ਅੱਗੇ ਕਿਹਾ ਕਿ ਪਰਮਾਤਮਾ ਨਾ ਤਾਂ ਹਿੰਦੂ ਹੈ ਅਤੇ ਨਾ ਹੀ ਮੁਸਲਮਾਨ ਅਤੇ ਇਸ ਲਈ ਉਹ, ਨਾਨਕ, ਪਰਮਾਤਮਾ ਦੇ ਮਾਰਗ 'ਤੇ ਚੱਲਣਾ ਚੁਣੇਗਾ। ਗੁਰੂ ਨਾਨਕ ਦੇਵ ਜੀ ਨੇ ਆਪਣੇ ਇੱਕ ਪ੍ਰਵਚਨ ਵਿੱਚ ਪਰਮਾਤਮਾ ਨਾਲ ਆਪਣੀ ਰਹੱਸਮਈ ਮੁਲਾਕਾਤ ਦਾ ਵਰਣਨ ਕੀਤਾ: ਉਸਨੂੰ ਪਰਮਾਤਮਾ ਦੇ ਦਰਬਾਰ ਵਿੱਚ ਲਿਜਾਇਆ ਗਿਆ ਅਤੇ ਅੰਮ੍ਰਿਤ ਨਾਮਕ ਬ੍ਰਹਮ ਅੰਮ੍ਰਿਤ ਦਾ ਪਿਆਲਾ ਪੀਣ ਲਈ ਦਿੱਤਾ ਗਿਆ। ਇਸ ਅੰਮ੍ਰਿਤ ਨੇ ਉਸਨੂੰ ਪਰਮਾਤਮਾ ਦੇ ਨਾਮ ਦੀ ਦਾਤ ਦਿੱਤੀ ਅਤੇ ਪਰਮਾਤਮਾ ਦੁਆਰਾ ਉਸਨੂੰ ਬ੍ਰਹਮ ਨਾਮ ਦੇ ਪ੍ਰਚਾਰ ਦਾ ਕੰਮ ਸੌਂਪਿਆ ਗਿਆ।

ਇਸ ਜ਼ਿੰਮੇਵਾਰੀ ਦੇ ਨਾਲ, ਗੁਰੂ ਨਾਨਕ ਨੇ ਆਪਣੀ ਨੌਕਰੀ ਛੱਡ ਦਿੱਤੀ ਅਤੇ ਕਈ ਸਾਲ ਪੂਰੇ ਭਾਰਤ ਵਿੱਚ ਯਾਤਰਾ ਕਰਦੇ ਰਹੇ ਅਤੇ ਸ਼ੁਰੂਆਤੀ ਸਿੱਖ ਸਰੋਤਾਂ ਦੇ ਅਨੁਸਾਰ, ਇੱਥੋਂ ਤੱਕ ਕਿ ਮੱਧ ਪੂਰਬ ਵਿੱਚ ਵੀ ਉਹਨਾਂ ਯਾਤਰਾਵਾਂ ਕੀਤੀ, ਜਿਹਨਾਂ ਨੂੰ ਉਦਾਸੀਆਂ ਕਿਹਾ ਜਾਂਦਾ ਹੈ। ਉਹਨਾਂ ਸ਼ਬਦ ਨਾਮਕ ਸੁੰਦਰ ਭਜਨਾਂ ਦੇ ਰੂਪ ਵਿੱਚ ਬਾਣੀ ਦਾ ਸੰਦੇਸ਼ ਪ੍ਰਚਾਰ ਕੀਤਾ। ਪਰੰਪਰਾ ਦੇ ਅਨੁਸਾਰ, ਉਹਨਾਂ ਨਾਲ ਮਰਦਾਨਾ ਵੀ ਸੀ, ਜੋ ਇੱਕ ਸੰਗੀਤਕਾਰ ਸੀ ਅਤੇ ਜਨਮ ਤੋਂ ਮੁਸਲਮਾਨ ਸੀ। ਗੁਰੂ ਨਾਨਕ ਦੇਵ ਜੀ ਨੇ ਪਰਮ–ਾਤਮਾ ਦੀ ਏਕਤਾ, ਸਾਰੇ ਲੋਕਾਂ ਦੀ ਸਮਾਨਤਾ, ਖਾਲੀ ਰਸਮਾਂ ਦੀ ਵਿਅਰਥਤਾ ਦਾ ਪ੍ਰਚਾਰ ਕੀਤਾ।

ਉਨ੍ਹਾਂ ਦੇ ਚੇਲਿਆਂ ਦੀ ਸੰਗਤ ਵਿੱਚ ਪ੍ਰਚਲਿਤ ਕਹਾਣੀਆਂ ਉਨ੍ਹਾਂ ਦੀਆਂ ਸਿੱਖਿਆਵਾਂ ਦੀ ਸਿਆਣਪ ਦੀ ਝਲਕ ਦਿੰਦੀਆਂ ਹਨ। ਉਦਾਹਰਣ ਵਜੋਂ, ਕਿਹਾ ਜਾਂਦਾ ਹੈ ਕਿ ਉਹ ਮੱਕਾ ਤੱਕ ਗਏ ਸਨ। ਆਪਣੀ ਯਾਤਰਾ ਦੇ ਅੰਤ ਵਿੱਚ, ਉਹ ਮੱਕਾ ਦੇ ਪਵਿੱਤਰ ਕਾਬਾ ਦੇ ਚੌੜੇ ਆਰਚਾਂ ਵਿੱਚ ਸੌਂ ਗਏ। ਇੱਕ ਅਧਿਕਾਰੀ ਨੇ ਉਸਨੂੰ ਜਗਾ ਕੇ ਹਿਲਾ ਦਿੱਤਾ ਜਿਸਨੇ ਉਸਨੂੰ ਪਰਮਾਤਮਾ ਦੇ ਪਵਿੱਤਰ ਘਰ ਦੀ ਦਿਸ਼ਾ ਵਿੱਚ ਪੈਰ ਰੱਖ ਕੇ ਸੌਣ ਲਈ ਝਿੜਕਿਆ। ਉਹਨਾਂ ਜਵਾਬ ਦਿੱਤਾ, "ਫਿਰ ਮੇਰੇ ਪੈਰ ਉਸ ਦਿਸ਼ਾ ਵੱਲ ਲੈ ਜਾਓ ਜਿੱਥੇ ਪਰਮਾਤਮਾ ਨਹੀਂ ਹੈ, ਅਤੇ ਮੈਂ ਉਸ ਦਿਸ਼ਾ ਵਿੱਚ ਆਪਣੇ ਪੈਰ ਰੱਖ ਕੇ ਸੌਂ ਜਾਵਾਂਗਾ।" ਕਿਹਾ ਜਾਂਦਾ ਹੈ ਕਿ ਜਿਉਂ ਹੀ ਉਸਨੇ ਪੈਰ ਘੁੰਮਾਏ, ਕਾਬਾ ਵੀ ਉਧਰ ਹੀ ਘੁੰਮ ਗਿਆ।

ਅੰਤ ਵਿੱਚ ਗੁਰੂ ਨਾਨਕ ਦੇਵ ਜੀ ਆਪਣੇ ਪਰਿਵਾਰ ਨਾਲ ਪੰਜਾਬ ਵਿੱਚ ਦੁਬਾਰਾ ਵਸ ਗਏ। ਉਹ ਇੱਕ ਕਿਸਾਨ ਬਣ ਗਏ ਅਤੇ ਕਰਤਾਰਪੁਰ ਪਿੰਡ ਵਿਖੇ ਆਪਣੇ ਸ਼ਰਧਾਲੂਆਂ ਨਾਲ ਇੱਕ ਪਿੰਡ ਸਥਾਪਤ ਕੀਤਾ ਜਿੱਥੇ ਉਹ ਪ੍ਰਚਾਰ ਕਰਦੇ ਰਹੇ। ਚੇਲੇ ਉਨ੍ਹਾਂ ਦੇ ਆਲੇ–ਦੁਆਲੇ ਕਿਰਤ ਸਭਿਆਚਾਰ ਅਤੇ ਪ੍ਰਮਾਤਮਾਂ ਦੀ ਭਗਤੀ ਕਰਨ ਵਾਲੇ ਇੱਕ ਭਾਈਚਾਰੇ ਵਜੋਂ ਇਕੱਠੇ ਹੋਏ। ਉਨ੍ਹਾਂ ਨੇ ਆਪਣੇ ਜੀਵਨ ਦੇ ਆਖਰੀ 20 ਸਾਲ ਪਹਿਲੇ ਸਿੱਖ ਭਾਈਚਾਰੇ ਨੂੰ ਬਣ–ਾਉਣ ਲਈ ਸਮਰਪਿਤ ਕੀਤੇ।

ਆਪਣੀ ਅਕਾਲ ਚਲਾਣੇ ਤੋਂ ਪਹਿਲਾਂ, ਗੁਰੂ ਨਾਨਕ ਦੇਵ ਜੀ ਨੇ ਆਪਣੇ ਪੈਰੋਕਾਰਾਂ ਵਿੱਚੋਂ ਇੱਕ ਨੂੰ ਭਾਈਚਾਰੇ ਦੀ ਦੇਖਭਾਲ ਅਤੇ ਅਗਵਾਈ ਵਿੱਚ ਉੱਤਰਾਧਿ–ਕਾਰੀ ਵਜੋਂ ਨਿਯੁਕਤ ਕੀਤਾ। ਉਸਨੇ ਉਸਦਾ ਨਾਮ ਗੁਰੂ ਅੰਗਦ ਰੱਖਿਆ, ਗੁਰੂ ਨਾਨਕ ਦੇਵ ਜੀ ਦਾ "ਅੰਗ"।

ਗੁਰੂ ਨਾਨਕ ਦੇਵ ਜੀ ਸੱਤਰ ਸਾਲ ਦੀ ਉਮਰ ਵਿੱਚ ਅਕਾਲ ਚਲਾਣਾ ਕਰ ਗਏ। ਸਿੱਖ ਪਰੰਪਰਾ ਅਨੁਸਾਰ, ਉਨ੍ਹਾਂ ਦੀ ਮੌਤ ਦੇ ਦਿਨ, ਭਾਈਚਾਰਾ ਨਾਨਕ ਜੀ ਦੇ ਆਲੇ–ਦੁਆਲੇ ਇਕੱਠਾ ਹੋਇਆ ਜਦੋਂ ਉਹ ਉਨ੍ਹਾਂ ਨੂੰ ਭਰੋਸਾ ਦਿਵਾਉਂਦੇ ਸਨ। ਹਿੰਦੂ ਪਿ–ਛੋਕੜ ਵਾਲੇ ਲੋਕਾਂ ਨੇ ਜ਼ੋਰ ਦਿੱਤਾ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਸਰੀਰ ਦਾ ਸਸਕਾਰ ਕਰਨਾ ਚਾਹੀਦਾ ਹੈ, ਜਦੋਂ ਕਿ ਮੁਸਲਮਾਨ ਉਨ੍ਹਾਂ ਨੂੰ ਇੱਕ ਮਹਾਨ ਸੰਤ ਵਜੋਂ ਦਫ਼ਨਾਉਣਾ ਚਾਹੁੰਦੇ ਸਨ। ਨਾਨਕ ਜੀ ਨੇ ਕਿਹਾ, "ਮੇਰੇ ਸਰੀਰ ਦੇ ਦੋਵੇਂ ਪਾਸੇ ਫੁੱਲ ਰੱਖੋ – ਸੱਜੇ ਪਾਸੇ ਹਿੰਦੂਆਂ ਦੇ ਫੁੱਲ ਅਤੇ ਖੱਬੇ ਪਾਸੇ ਮੁਸਲਮਾਨਾਂ ਦੇ ਫੁੱਲ। ਜੇ ਕੱਲ੍ਹ ਹਿੰਦੂਆਂ ਦੇ ਫੁੱਲ ਅਜੇ ਵੀ ਤਾਜ਼ੇ ਮਿਲੇ, ਤਾਂ ਮੇਰਾ ਸਰੀਰ ਸਾੜ ਦਿੱਤਾ ਜਾਵੇ, ਅਤੇ ਜੇ ਮੁਸਲਮਾਨਾਂ ਦੇ ਫੁੱਲ ਅਜੇ ਵੀ ਤਾਜ਼ੇ ਮਿਲੇ, ਤਾਂ ਮੈਨੂੰ ਦਫ਼ਨ–ਾਇਆ ਜਾਵੇ।" ਉਹ ਅਕਾਲ ਚਲਾਣਾ ਕਰ ਗਏ ਅਤੇ ਉਹਨਾਂ ਦਾ ਸਰੀਰ ਇੱਕ ਚਾਦਰ ਨਾਲ ਢੱਕਿਆ ਗਿਆ। ਅਗਲੇ ਦਿਨ ਜਦੋਂ ਦੇਖਿਆ, ਮੁਸਲਿਮ ਅਤੇ ਹਿੰਦੂ ਦੋਵੇਂ ਫੁੱਲ ਤਾਜ਼ੇ ਸਨ, ਪਰ ਚਾਦਰ ਦੇ ਹੇਠਾਂ ਕੋਈ ਸਰੀਰ ਨਹੀਂ ਸੀ।

ਗੁਰੂ ਨਾਨਕ ਦੇਵ ਜੀ, ਅਸਲ ਵਿੱਚ, ਨਾ ਤਾਂ ਮੁਸਲਮਾਨ ਸਨ ਅਤੇ ਨਾ ਹੀ ਹਿੰਦੂ, ਹਾਲਾਂਕਿ ਦੋਵਾਂ ਪਰੰਪਰਾਵਾਂ ਦੇ ਲੋਕ ਉਨ੍ਹਾਂ ਦੇ ਪੈਰੋਕਾਰ ਸਨ। ਉਹਨਾਂ ਦੋਵਾਂ ਪਰੰਪਰਾਵਾਂ ਦੇ ਅੰਧ–ਵਿਸ਼ਵਾਸਾਂ ਦੀ ਆਲੋਚਨਾ ਕੀਤੀ। ਇਸ ਵਿੱਚ ਉਹ ਰਹੱਸਵਾਦੀਆਂ ਦੀ ਸੰਗਤ ਵਿੱਚ ਸਨ – ਸੂਫੀ ਸੰਤਾਂ ਅਤੇ ਭਗਤੀ ਗਾਇਕਾਂ ਜਿਨ੍ਹਾਂ ਦੇ ਪਰਮਾਤਮਾ ਦੇ ਅਨੁਭਵਾਂ ਨੂੰ ਉਨ੍ਹਾਂ ਦੀਆਂ ਸਥਾਪਿਤ ਪਰੰਪਰਾਵਾਂ ਵਿੱਚ ਚੁਣੌਤੀ ਮਿਲੀ।

ਗੁਰੂ ਨਾਨਕ ਦੇਵ ਜੀ ਦੇ ਬ੍ਰਹਮ ਭਜਨ ਉਸ ਪਰਮਾਤਮਾ ਦੀ ਉਸਤਤ ਕਰਦੇ ਸਨ ਜਿਸਨੂੰ ਮਨੁੱਖਾਂ ਦੁਆਰਾ ਪਰਿਭਾਸ਼ਿਤ ਨਹੀਂ ਕੀਤਾ ਜਾ ਸਕਦਾ ਜਾਂ ਮਨੁੱਖੀ ਸੰਸਥਾਵਾਂ ਤੱਕ ਸੀਮਤ ਨਹੀਂ ਕੀਤਾ ਜਾ ਸਕਦਾ। ਉਹਨਾਂ ਦੀ ਸਖ਼ਤ ਮਿਹਨਤ ਅਤੇ ਜੋਸ਼ੀਲੀ ਉਸਤਤ ਦਾ ਸਰਲ ਰਸਤਾ ਅੰਤ ਵਿੱਚ ਇੱਕ ਨਵੀਂ ਧਾਰਮਿਕ ਪਰੰਪਰਾ ਬਣ ਗਿਆ, ਜਿਸ ਨੂੰ ਸਿੱਖ ਧਾਰਮਿਕ ਪ੍ਰੰਪਰਾ ਕਿਹਾ ਜਾਂਦਾ ਹੈ।

# ਠੱਗੀਆਂ ਮਾਰਨ ਦੇ ਆਧੁਨਿਕ ਤਰੀਕੇ



ਇਹ ਸੁਣਨ ਵਿੱਚ ਚਾਹੇ ਅਜੀਬ ਲੱਗੇ, ਪਰ ਅਜਿਹੇ ਇਲਜ਼ਾਮ ਹਨ ਕਿ ਭਾਰਤ ਵਿੱਚ ਰਹਿੰਦੇ ਕੁਝ ਲੋਕ ਹੁਣ ਨਾ ਸਿਰਫ਼ ਆਪਣੇ ਦੇਸ਼ ਦੇ ਲੋਕਾਂ ਨੂੰ ਸਗੋਂ ਅਮਰੀਕਾ ਅਤੇ ਕੈਨੇਡਾ ਵਿੱਚ ਰਹਿਣ ਵਾਲੇ ਲੋਕਾਂ ਨੂੰ ਵੀ 'ਡਿਜੀਟਲ ਗ੍ਰਿਫ਼ਤਾਰੀ' ਦੇ ਜਾਲ ਵਿੱਚ ਫਸਾ ਰਹੇ ਹਨ। ਬੈਂਗਲੁਰੂ ਪੁਲਿਸ ਨੇ ਇੱਕ ਕਾਲ ਸੈਂਟਰ 'ਤੇ ਛਾਪਾ ਮਾਰਿਆ ਅਤੇ 16 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ, ਇਹ ਲੋਕ ਦੇਸ਼ ਭਰ ਦੇ ਪੰਜ ਸੂਬਿਆਂ ਪੱਛਮੀ ਭਾਰਤ, ਪੂਰਬੀ ਭਾਰਤ ਅਤੇ ਉੱਤਰ–ਪੂਰਬੀ ਭਾਰਤ ਨਾਲ ਸਬੰਧ ਰੱਖਦੇ ਹਨ।

ਮੁਲਜ਼ਮਾਂ 'ਤੇ ਇਲਜ਼ਾਮ ਹੈ ਕਿ ਉਹ ਜਾਣੇ–ਪਛਾਣੇ ਤਰੀਕੇ ਨਾਲ ਠੱਗੀ ਮਾਰ ਰਹੇ ਸਨ। ਉਹ ਝੂਠਾ ਇਲਜ਼ਾਮ ਲਾਉਂਦੇ ਸਨ ਕਿ ਕਿਸੇ ਦੇ ਨਾਮ 'ਤੇ ਭੇਜਿਆ ਗਿਆ ਇੱਕ ਪਾਰਸਲ ਜ਼ਬਤ ਕੀਤਾ ਗਿਆ ਹੈ ਜਿਸ ਵਿੱਚ ਨਸ਼ੀਲੇ ਪਦਾਰਥ ਜਾਂ ਗ਼ੈਰ–ਕਾਨੂੰਨੀ ਸਮਾਨ ਸੀ। ਫਿਰ ਉਨ੍ਹਾਂ ਲੋਕਾਂ ਨੂੰ ਡਰਾਇਆ–ਧਮਕਾਇਆ ਜਾਂਦਾ ਸੀ ਜਾਂ ਉਨ੍ਹਾਂ ਤੋਂ 'ਸੁਰੱਖਿਆ' ਦੀ ਆੜ ਵਿੱਚ ਪੈਸੇ ਵਸੂਲੇ ਜਾਂਦੇ ਸਨ। ਭਾਰਤ ਵਿੱਚ ਅਜਿਹੇ ਸਾਈਬਰ ਅਪਰਾਧੀ ਅਕਸਰ ਸੀਬੀਆਈ, ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ), ਜਾਂ ਕਸਟਮ ਵਰਗੀਆਂ ਏਜੰਸੀਆਂ ਦੇ ਰੂਪ ਵਿੱਚ ਲੋਕਾਂ ਨੂੰ ਡਰਾਉਂਦੇ ਹਨ। ਹਾਲਾਂਕਿ, ਇਸ ਤਾਜ਼ਾ ਮਾਮਲੇ ਵਿੱਚ ਜੋ ਕਿ ਬੈਂਗਲੁਰੂ ਦੇ ਇੱਕ ਅਮੀਰ ਖੇਤਰ ਵਿੱਚ ਵਾਪਰਿਆ ਸੀ, ਮੁਲਜ਼ਮ ਅਮਰੀਕੀ ਅਤੇ ਕੈਨੇਡੀਅਨ ਜਾਂਚ ਏਜੰਸੀਆਂ ਦੇ ਨਾਵਾਂ ਦੀ ਵਰਤੋਂ ਕਰ ਰਹੇ ਸਨ। ਉਨ੍ਹਾਂ ਦਾ ਮਕਸਦ ਲੋਕਾਂ ਨੂੰ ਡਰਾਉਣਾ ਅਤੇ ਉਨ੍ਹਾਂ ਤੋਂ ਪੈਸੇ ਵਸੂਲਣਾ ਸੀ।

ਇਹ ਹਾਲੇ ਸਪੱਸ਼ਟ ਨਹੀਂ ਹੈ ਕਿ ਕਿੰਨੀ ਰਕਮ ਦੀ ਠੱਗੀ ਮਾਰੀ ਗਈ ਹੈ। ਕੁਝ ਕਰਮਚਾਰੀਆਂ ਨੇ ਪੁਲਿਸ ਨੂੰ ਦੱਸਿਆ ਕਿ ਉਨ੍ਹਾਂ ਨੂੰ ਮਹਿਜ਼ 22,000 ਰੁਪਏ ਪ੍ਰਤੀ ਮਹੀਨਾ ਤਨਖਾਹ ਦਿੱਤੀ ਜਾਂਦੀ ਸੀ, ਜਿਸ ਵਿੱਚ ਖਾਣਾ ਅਤੇ ਰਿਹਾਇਸ਼ ਸ਼ਾਮਲ ਸੀ। ਇੱਕ ਪੁਲਿਸ ਅਧਿਕਾਰੀ ਨੇ ਕਿਹਾ ਕਿ ਉਨ੍ਹਾਂ ਨੂੰ ਨਕਦੀ ਵਿੱਚ ਕਮਿਸ਼ਨ ਵੀ ਦਿੱਤਾ ਜਾਂਦਾ ਸੀ। ਬੈਂਗਲੁਰੂ ਪੁਲਿਸ ਕਮਿਸ਼ਨਰ ਸੀਮੰਤ ਕੁਮਾਰ ਸਿੰਘ ਨੇ ਬੀਬੀਸੀ ਨੂੰ ਦੱਸਿਆ, "ਸਾਨੂੰ ਸ਼ੱਕ ਹੈ ਕਿ ਇਹ ਗਿਰੋਹ ਵਿਦੇਸ਼ਾਂ ਵਿੱਚ ਕੰਮ ਕਰ ਰਹੇ ਇੱਕ ਵੱਡੇ ਨੈੱਟਵਰਕ ਦਾ ਹਿੱਸਾ ਹੈ, ਜੋ ਉੱਥੋਂ ਦੇ ਨਾਗਰਿਕਾਂ ਨਾਲ ਧੋਖਾ ਕਰਦਾ ਹੈ।" "ਸਾਡੀ ਜਾਣਕਾਰੀ ਮੁਤਾਬਕ, ਇਹ ਕਰਮਚਾਰੀ ਇੱਥੇ ਸੰਭਾਵੀ ਪੀੜਤਾਂ ਦੀ ਪਛਾਣ ਕਰਦੇ ਸਨ ਤਾਂ ਜੋ ਅਮਰੀਕਾ ਜਾਂ ਕੈਨੇਡਾ ਵਿੱਚ ਬੈਠੇ ਉਨ੍ਹਾਂ ਦੇ ਸਹਿਯੋਗੀ ਉਨ੍ਹਾਂ ਨਾਲ ਠੱਗੀ ਮਾਰ ਸਕਣ।"

ਪੁਲਿਸ ਸਟੇਸ਼ਨ ਤੋਂ ਮਹਿਜ਼ 200 ਮੀਟਰ ਦੀ ਦੂਰੀ 'ਤੇ ਸਥਿਤ ਇਹ ਕਾਲ ਸੈਂਟਰ ਇੱਕ ਸਾਲ ਤੋਂ ਵੱਧ ਸਮੇਂ ਤੋਂ ਕੰਮ ਕਰ ਰਿਹਾ ਸੀ। ਦੋ ਮੰਜ਼ਿਲਾ ਦਫ਼ਤਰ ਤਕਰੀਬਨ ਦੋ ਸਾਲ ਪਹਿਲਾਂ ਕਿਰਾਏ 'ਤੇ ਲਈ ਗਈ ਸੀ।

ਗ੍ਰਿਫ਼ਤਾਰ ਕੀਤੇ ਗਏ ਲੋਕਾਂ ਵਿੱਚ ਮਹਾਰਾਸ਼ਟਰ ਦੇ ਅੱਠ, ਮੇਘਾਲਿਆ ਦੇ ਚਾਰ ਅਤੇ ਓਡੀਸ਼ਾ, ਮੱਧ ਪ੍ਰਦੇਸ਼, ਪੱਛਮੀ ਬੰਗਾਲ ਅਤੇ ਗੁਜਰਾਤ ਤੋਂ ਇੱਕ–ਇੱਕ ਵਿਅਕਤੀ ਸ਼ਾਮਲ ਹੈ। ਸਾਰਿਆਂ ਨੂੰ ਕਾਲ ਸੈਂਟਰ ਕੰਪਨੀ ਸਾਈਬਿਟਸ ਸਲਿਊਸ਼ਨਜ਼ ਦੇ ਮਾਲਕਾਂ ਨੇ ਦੋ ਵੱਖ–ਵੱਖ ਘਰਾਂ ਵਿੱਚ ਰਿਹਾਇਸ਼ ਮੁਹੱਈਆ ਕਰਵਾਈ ਸੀ। ਇਨ੍ਹਾਂ ਲੋਕਾਂ ਨੇ ਬਿਜ਼ਨਸ ਪ੍ਰੋਸੈੱਸ ਆਊਟਸੋਰਸਿੰਗ (ਬੀਪੀਓ) ਦੇ ਨਾਮ ਦੇ ਜੌਬ ਪੋਰਟਲਾਂ 'ਤੇ ਪੋਸਟ ਕੀਤੇ ਇਸ਼ਤਿਹਾਰਾਂ ਰਾਹੀਂ ਨੌਕਰੀ ਹਾਸਿਲ ਕਰਨ ਲਈ ਅਰਜ਼ੀ ਦਿੱਤੀ ਸੀ। ਉਨ੍ਹਾਂ ਨੂੰ ਦਫ਼ਤਰ ਵਿੱਚ ਹੀ ਸਿਖਲਾਈ ਦਿੱਤੀ ਗਈ ਸੀ ਅਤੇ ਫਿਰ ਕਥਿਤ ਤੌਰ 'ਤੇ ਇੰਟਰਨੈੱਟ ਕਾਲਾਂ ਰਾਹੀਂ ਵਿਦੇਸ਼ੀ ਨਾਗਰਿਕਾਂ ਨਾਲ ਧੋਖਾਧੜੀ ਕਰਨ ਦਾ ਕੰਮ ਸੌਂਪਿਆ ਗਿਆ ਸੀ।

ਬੈਂਗਲੁਰੂ ਪੁਲਿਸ ਕਮਿਸ਼ਨਰ ਸੀਮੰਤ ਕੁਮਾਰ ਸਿੰਘ ਦਾ ਦਾਅਵਾ ਹੈ, "ਉਨ੍ਹਾਂ ਲੋਕਾਂ ਨੂੰ ਕਿਹਾ ਗਿਆ ਸੀ ਕਿ ਕਿਸੇ ਨਾਲ ਗੱਲ ਨਹੀਂ ਕਰਨੀ ਹੈ। ਉਨ੍ਹਾਂ ਤੋਂ ਰਾਤ ਦੀ ਸ਼ਿਫਟ ਵਿੱਚ ਕੰਮ ਕਰਵਾਇਆ ਜਾਂਦਾ ਸੀ ਅਤੇ ਫਿਰ ਉਸੇ ਰਿਹਾਇਸ਼ ਵਿੱਚ ਵਾਪਸ ਜਾਣ ਲਈ ਕਿਹਾ ਜਾਂਦਾ ਸੀ ਜਿੱਥੇ ਉਨ੍ਹਾਂ ਨੂੰ ਰੱਖਿਆ ਗਿਆ ਸੀ।" "ਜਦੋਂ ਉਹ ਦੁਬਾਰਾ ਕੰਮ 'ਤੇ ਆਉਂਦੇ ਸਨ, ਤਾਂ ਉਨ੍ਹਾਂ ਨੂੰ ਦਫ਼ਤਰ ਵਿੱਚ ਹੀ ਖਾਣਾ ਦਿੱਤਾ ਜਾਂਦਾ ਸੀ। ਉਸ ਤੋਂ ਬਾਅਦ ਦਫ਼ਤਰ ਦੇ ਸ਼ਟਰ ਬੰਦ ਕਰ ਦਿੱਤੇ ਜਾਂਦੇ ਸਨ।"

ਅਜੀਬ ਗੱਲ ਇਹ ਸੀ ਕਿ ਦਫ਼ਤਰ ਦੇ ਬਾਹਰ ਕੋਈ ਸਾਈਨ ਬੋਰਡ ਨਹੀਂ ਸੀ। ਕੰਪਨੀ ਦੇ ਮਾਲਕ ਅਜੇ ਤੱਕ ਪੁਲਿਸ ਦੀ ਗ੍ਰਿਫ਼ਤ ਵਿੱਚ ਨਹੀਂ ਆਏ ਹਨ। ਪੁਲਿਸ ਨੂੰ ਸ਼ੱਕ ਹੈ ਕਿ ਇਸ ਤਰ੍ਹਾਂ ਦੇ ਕਾਲ ਸੈਂਟਰ ਦੇਸ਼ ਦੇ ਹੋਰ ਹਿੱਸਿਆਂ ਵਿੱਚ ਵੀ ਕੰਮ ਕਰ ਰਹੇ ਹੋ ਸਕਦੇ ਹਨ। ਪੁਲਿਸ ਕਮਿਸ਼ਨਰ ਨੇ ਕਿਹਾ, "ਜਾਂਚ ਜਾਰੀ ਹੈ।" ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਕੰਮ ਇੰਟਰਨੈੱਟ ਤੋਂ ਅਜਨਬੀਆਂ ਬਾਰੇ ਜਾਣਕਾਰੀ ਇਕੱਠੀ ਕਰਨਾ, ਉਨ੍ਹਾਂ ਨੂੰ ਫ਼ੋਨ ਕਰਨਾ ਅਤੇ ਉਨ੍ਹਾਂ ਨੂੰ ਕੰਟਰੋਲਡ ਸਬਸਟਾਂਸ ਐਕਟ (ਡਰੱਗ ਤਸਕਰੀ), ਮਨੀ ਲਾਂਡਰਿੰਗ ਐਕਟ ਜਾਂ ਧੋਖੇ ਨਾਲ ਚੋਰੀ ਵਰਗੇ ਝੂਠੇ ਮਾਮਲਿਆਂ ਵਿੱਚ ਫਸਾਉਣ ਦੀ ਧਮਕੀ ਦੇਣਾ ਸੀ। ਇਹ ਇਲਜ਼ਾਮ ਹੈ ਕਿ ਉਹ ਆਪਣੇ ਆਪ ਨੂੰ ਕਿਸੇ ਏਜੰਸੀ ਦੇ ਅਧਿਕਾਰੀ ਵਜੋਂ ਪੇਸ਼ ਕਰਦੇ ਸਨ ਅਤੇ ਕਹਿੰਦੇ ਸਨ, "ਅਸੀਂ ਤੁਹਾਨੂੰ ਗ੍ਰਿਫ਼ਤਾਰ ਹੋਣ ਤੋਂ ਬਚਾਉਣ ਵਿੱਚ ਮਦਦ ਕਰ ਸਕਦੇ ਹਾਂ।" ਬਦਲੇ ਵਿੱਚ, ਉਹ ਲੋਕਾਂ ਤੋਂ ਪੈਸੇ ਦੀ ਮੰਗ ਕਰਦੇ ਸਨ। ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਬੇਗੁਨਾਹ ਲੋਕਾਂ ਨੂੰ ਅਮਰੀਕੀ ਅਦਾਲਤਾਂ ਤੋਂ ਨਕਲੀ ਗ੍ਰਿਫ਼ਤਾਰੀ ਦੇ ਹੁਕਮ ਵੀ ਦਿਖਾਏ ਜਾਂਦੇ ਸਨ।

**ਧੋਖਾਧੜੀ ਕਿਵੇਂ ਕੀਤੀ ਜਾਂਦੀ ਸੀ?**

ਜ਼ਿਆਦਾਤਰ ਕਰਮਚਾਰੀ ਗ੍ਰੈਜੂਏਟ ਵੀ ਨਹੀਂ ਸਨ। ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਮੁਤਾਬਕ, ਉਨ੍ਹਾਂ ਨੂੰ ਕੰਪਿਊਟਰ 'ਤੇ ਪਹਿਲਾਂ ਤੋਂ ਤਿਆਰ ਕੀਤੀ ਗਈ ਸਕ੍ਰਿਪਟ ਦਿੱਤੀ ਗਈ ਸੀ, ਜਿਸ ਵਿੱਚ ਲਿਖਿਆ ਸੀ: "ਯੂਨਾਈਟਿਡ ਸਟੇਟਸ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਤੋਂ ਗੱਲ ਕਰ ਰਹੇ ਹਾਂ। ਮੈਂ ਅਫ਼ਸਰ ਗੱਲ ਕਰ ਰਿਹਾਂ ਹਾਂ (ਇੱਕ ਕਾਲਪਨਿਕ ਨਾਮ)। ਕੀ ਮੈਂ ਪੁੱਛ ਸਕਦਾਂ ਹਾਂ ਕਿ ਮੈਂ ਕਿਸ ਨਾਲ ਗੱਲ ਕਰ ਰਿਹਾ ਹਾਂ?"

ਪੁਲਿਸ ਨੇ ਉਨ੍ਹਾਂ ਦੇ ਜਾਅਲੀ ਦਸਤਾਵੇਜ਼ਾਂ ਦੀਆਂ ਫ਼ੋਟੋਆਂ ਵੀ ਲਈਆਂ ਹਨ ਜੋ ਇਨ੍ਹਾਂ ਕਰਮਚਾਰੀਆਂ ਨੇ ਪੀੜਤਾਂ ਨੂੰ ਦਿਖਾਏ ਸਨ। ਇੱਕ ਦਸਤਾਵੇਜ਼ ਵਿੱਚ ਲਿਖਿਆ ਸੀ, "ਯੁਨਾਈਟਿਡ ਸਟੇਟਸ ਡਿਸਟ੍ਰਿਕਟ ਕੋਰਟ, ਕਾਉਂਟੀ ਹਾਊਸ, (ਕਾਉਂਟੀ ਅਤੇ ਸੂਬੇ ਦਾ ਨਾਮ)।" ਦਸਤਾਵੇਜ਼ ਦੇ ਉੱਪਰ ਕੇਸ ਫਾਈਲ ਨੰਬਰ ਅਤੇ ਵਾਰੰਟ ਨੰਬਰ ਲਿਖਿਆ ਹੁੰਦਾ ਸੀ। ਹੇਠਾਂ 'ਗ੍ਰਿਫਤਾਰੀ ਵਾਰੰਟ' ਲਿਖਿਆ ਹੁੰਦਾ ਸੀ। ਵਾਰੰਟ 'ਡਿਟੈਂਸ਼ਨ ਡਿਪਟੀ' ਨਾਮ ਦੇ ਇੱਕ ਫਰਜ਼ੀ ਅਧਿਕਾਰੀ ਨੂੰ ਸੰਬੋਧਿਤ ਸੀ। ਦਸਤਾਵੇਜ਼ ਵਿੱਚ ਲਿਖਿਆ ਸੀ, "ਤੁਹਾਨੂੰ ਹੁਕਮ ਦਿੱਤਾ ਜਾਂਦਾ ਹੈ (ਫ਼ਰਜ਼ੀ ਨਾਮ ਵਾਲੇ ਵਿਅਕਤੀ ਨੂੰ) ਬਿਨ੍ਹਾਂ ਕਿਸੇ ਦੇਰੀ ਦੇ ਸੰਯੁਕਤ ਰਾਜ ਮੈਜਿਸਟ੍ਰੇਟ ਜੱਜ ਸਾਹਮਣੇ ਪੇਸ਼ ਹੋਵੋ, ਜਿਸ 'ਤੇ ਅਦਾਲਤ ਵਿੱਚ ਦਾਇਰ ਕੀਤੀ ਗਈ ਫਾਈਲਿੰਗ ਦੇ ਅਧਾਰ 'ਤੇ ਜੁਰਮ ਲਗਾਇਆ ਜਾਂਦਾ ਸੀ।"

ਹੇਠਾਂ ਜੁਰਮਾਂ ਦੀ ਲਿਸਟ ਦਿੱਤੀ ਗਈ ਸੀ:
ਨਸ਼ੀਲੇ ਪਦਾਰਥਾਂ ਦੀ ਤਸਕਰੀ
ਮਨੀ ਲਾਂਡਰਿੰਗ ਐਕਟ
ਧੋਖੇ ਨਾਲ ਚੋਰੀ
ਮਿਤੀ: 18 ਸਤੰਬਰ, 2025
ਅਧਿਕਾਰੀ ਦਾ ਨਾਮ ਅਤੇ ਬੈਜ ਆਈਡੀ
ਸ਼ਹਿਰ ਅਤੇ ਸਟੇਟ, ਕਾਉਂਟੀ ਦਾ ਨਾਮ ਅਤੇ ਸੂਬੇ ਦਾ ਨਾਮ

ਇਹ ਇਲਜ਼ਾਮ ਲਗਾਇਆ ਜਾਂਦਾ ਹੈ ਕਿ ਕਾਲ ਦੌਰਾਨ, 'ਅਧਿਕਾਰੀ' ਪੀੜਤ ਨੂੰ ਪੁੱਛਦਾ ਸੀ, "ਕੀ ਇਹ ਪਹਿਲੀ ਵਾਰ ਹੈ ਜਦੋਂ ਤੁਸੀਂ ਇਸ ਮਾਮਲੇ ਬਾਰੇ ਸੁਣਿਆ ਹੈ?"

"ਜਦੋਂ ਪੀੜਤ 'ਹਾਂ' ਕਹਿੰਦਾ, ਤਾਂ ਅਗਲਾ ਸਵਾਲ ਹੁੰਦਾ ਸੀ, "ਕੀ ਤੁਹਾਨੂੰ ਕਿਸੇ 'ਤੇ ਸ਼ੱਕ ਹੈ? ਕੀ ਤੁਸੀਂ ਕਿਸੇ ਅਜਿਹੇ ਵਿਅਕਤੀ ਨੂੰ ਜਾਣਦੇ ਹੋ ਜੋ ਨਸ਼ੇ ਦੇ ਕਾਰੋਬਾਰ ਵਿੱਚ ਸ਼ਾਮਲ ਹੈ ਜਾਂ ਕਿਸੇ ਨੇ ਤੁਹਾਡੀ ਪਛਾਣ ਦੀ ਵਰਤੋਂ ਕੀਤੀ ਹੈ?" ਪੀੜਤਾਂ ਨੂੰ 'ਯੁਨਾਈਟਿਡ ਸਟੇਟਸ ਕੋਰਟ' ਦੇ ਨਾਮ 'ਤੇ ਬਣਾਏ ਜਾਅਲੀ ਦਸਤਾਵੇਜ਼ ਵੀ ਦਿਖਾਏ ਜਾਂਦੇ ਸੀ, ਜਿਸ ਵਿੱਚ ਉਨ੍ਹਾਂ 'ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦਾ ਇਲਜ਼ਾਮ ਲਗਾਇਆ ਹੁੰਦਾ ਸੀ। ਬੀਪੀਓ ਦਫ਼ਤਰ ਦੀਆਂ ਕੰਧਾਂ 'ਤੇ ਘੱਟੋ–ਘੱਟ ਛੇ ਦੇਸ਼ਾਂ ਦੇ ਸਮਾਂ ਜ਼ੋਨ ਦਰਸਾਉਂਦੀਆਂ ਘੜੀਆਂ ਲੱਗੀਆਂ ਹੋਈਆਂ ਸਨ। ਇੱਕ ਛੋਟੇ ਜਿਹੇ ਫਰੇਮ ਵਾਲੇ ਪੋਸਟਰ 'ਤੇ ਲਿਖਿਆ ਸੀ, "ਸੋਚਣਾ ਬੰਦ ਕਰੋ, ਕੰਮ ਕਰਨਾ ਸ਼ੁਰੂ ਕਰੋ।"

ਬੈਂਗਲੁਰੂ ਪੁਲਿਸ ਕਮਿਸ਼ਨਰ ਨੇ ਕਿਹਾ ਕਿ ਉਸ ਇਮਾਰਤ ਦੇ ਮਾਲਕ ਜਿੱਥੇ ਨਕਲੀ ਬੀਪੀਓ ਕੰਮ ਕਰ ਰਿਹਾ ਸੀ ਅਤੇ ਦੋ ਘਰਾਂ ਵਿੱਚ ਜਿੱਥੇ ਕਰਮਚਾਰੀ ਰੱਖੇ ਗਏ ਸਨ, ਉਨ੍ਹਾਂ 'ਤੇ ਵੀ ਇਲਜ਼ਾਮ ਲਗਾਏ ਜਾ ਰਹੇ ਹਨ ਕਿਉਂਕਿ ਉਹ ਉਸ ਮਕਸਦ ਦੀ ਨਿਗਰਾਨੀ ਕਰਨ ਵਿੱਚ ਅਸਫਲ ਰਹੇ ਜਿਸ ਲਈ ਉਨ੍ਹਾਂ ਦੀ ਜਗ੍ਹਾ ਦੀ ਵਰਤੋਂ ਕੀਤੀ ਜਾ ਰਹੀ ਸੀ। ਪੁਲਿਸ ਨੇ ਜਾਂਚ ਲਈ ਅਪਰਾਧ ਵਿੱਚ ਵਰਤੇ ਗਏ ਸਾਰੇ ਇਲੈਕਟ੍ਰਾਨਿਕ ਉਪਕਰਣ ਜ਼ਬਤ ਕਰ ਲਏ ਹਨ। ਇਨ੍ਹਾਂ ਵਿੱਚ 41 ਕੰਪਿਊਟਰ ਸਿਸਟਮ, 41 ਮਾਨੀਟਰ, 40 ਸੀਪੀਯੂ, 41 ਮਾਊਸ, 41 ਕੀਬੋਰਡ, 41 ਏਜੀਏ ਕੇਬਲ, 82 ਪਾਵਰ ਕੇਬਲ, 21 ਐੱਲਏਐੱਨ ਕੇਬਲ, ਦੋ ਹਾਜ਼ਰੀ ਰਜਿਸਟਰ, ਚਾਰ ਕਾਪੀਆਂ, 25 ਮੋਬਾਈਲ ਫ਼ੋਨ, ਪਛਾਣ ਪੱਤਰ, ਇੱਕ ਈਪੀਏਬੀਐੱਕਸ ਡਿਵਾਈਸ, ਚਾਰ ਡੀ–ਲਿੰਕ ਸਵਿੱਚ ਅਤੇ ਚਾਰ ਰਾਊਟਰ ਸ਼ਾਮਲ ਹਨ।

# ਦਰਿਆ ਪਲੀਤ ਹੋਣ ਤੋਂ ਕੌਣ ਰੋਕੇਗਾ



**ਕੁਲਬੀਰ ਸਿੰਘ ਮਿੰਟੂ**

ਪੰਜਾਬ ਦੀ ਜਿੰਦ-ਜਾਨ ਅਖਵਾਉਂਦੇ ਇਸ ਦੇ ਦਰਿਆ ਪਲੀਤ ਹੋਣ ਕਾਰਨ ਹਰ ਪੰਜਾਬੀ ਦੁਖੀ ਹੈ। ਆਪਣੇ ਦਰਿਆਵਾਂ ਦੀ ਇਸ ਦੁਰਦਸ਼ਾ ਨੂੰ ਦੇਖੇ ਹਰ ਕਿਸੇ ਦੇ ਮਨ ਅੰਦਰ ਇਕ ਟੀਸ ਉੱਠਦੀ ਹੈ। ਇਸੇ ਟੀਸ ਨੂੰ ਮਹਿਸੂਸ ਕਰਦਿਆਂ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਬੁੱਢੇ ਦਰਿਆ ਦੇ ਪ੍ਰਦੂਸ਼ਣ ਨੂੰ ਗੰਭੀਰਤਾ ਨਾਲ ਲਿਆ ਹੈ। ਹੁਣ ਤੱਕ ਉਹ 5 ਵਾਰ ਲੁਧਿਆਣਾ ਪ੍ਰਸ਼ਾਸਨ ਨਾਲ ਮੀਟਿੰਗਾਂ ਕਰ ਚੁੱਕੇ ਹਨ। ਉਨ੍ਹਾਂ ਨੇ ਪਹਿਲੀ ਮੀਟਿੰਗ ਦੌਰਾਨ ਹੀ ਕਿਹਾ ਸੀ ਕਿ ਬੁੱਢੇ ਦਰਿਆ ਬਾਰੇ ਮੀਟਿੰਗਾਂ ਰਾਜ ਭਵਨ ਵਿਚ ਨਹੀਂ ਸਗੋਂ ਲੁਧਿਆਣੇ ਸ਼ਹਿਰ ਵਿਚ ਹੋਣਗੀਆਂ। ਉਨ੍ਹਾਂ ਵੱਲੋਂ ਕੀਤੀ ਗਈ ਪੰਜਵੀਂ ਮੀਟਿੰਗ ਇਕ ਉਮੀਦ ਜਗਾ ਗਈ ਕਿਉਂਕਿ ਉਨ੍ਹਾਂ ਨੇ ਲੁਧਿਆਣਾ ਦੇ ਸਾਰੇ ਅਧਿਕਾਰੀਆਂ ਨੂੰ ਇਹ ਸਪਸ਼ਟ ਕਹਿ ਦਿੱਤਾ ਹੈ ਕਿ ਜੇਕਰ ਤੁਸੀ ਬੁੱਢੇ ਦਰਿਆ ਨੂੰ ਸਾਫ਼ ਨਹੀ ਕਰਨਾ ਚਾਹੁੰਦੇ ਤਾਂ ਇਸ ਕੰਮ ਨੂੰ ਇੱਥੇ ਹੀ ਬੰਦ ਕਰ ਦਿਉ। ਜਦੋਂ ਤੱਕ ਤਾਂ ਤੁਸੀ-ਮੈਂ ਜਾਂ ਅਸੀਂ ਇੱਥੇ ਹਾਂ, ਸਭ ਠੀਕ ਹੈ ਪਰ ਬਾਅਦ 'ਚ ਮੁੜ ਪਹਿਲਾਂ ਵਾਲੇ ਹਾਲਾਤ ਬਣ ਜਾਂਦੇ ਹਨ। ਪੰਜਾਬ ਦੇ ਸੰਵਿਧਾਨਕ ਮੁਖੀ ਦੀ ਇਹ ਟਿੱਪਣੀ ਬੇਹੱਦ ਸਖ਼ਤ ਸੀ। ਪੰਜਾਬ ਦੇ ਗਵਰਨਰ ਗੁਲਾਬ ਚੰਦ ਕਟਾਰੀਆ ਜੀ ਨੇ ਹੁਣ ਤੱਕ ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਬੁੱਢੇ ਦਰਿਆ 'ਤੇ ਕੀਤੇ ਕਾਰਜਾਂ ਲਈ ਉਨ੍ਹਾਂ ਦੀ ਪ੍ਰਸ਼ੰਸਾ ਕੀਤੀ ਤੇ ਕਿਹਾ ਕਿ "ਮੈਂ ਆਪ ਕੇ ਸਾਥ ਖੜਾ ਹੂੰ, ਅਬ ਜੋ ਕਰਨਾ ਹੈ, ਆਪ ਨੇ ਹੀ ਕਰਨਾ ਹੈ" ਇਨ੍ਹਾਂ ਸ਼ਬਦਾਂ ਦੇ ਅਰਥ ਬੜੇ ਵੱਡੇ ਹਨ ਤੇ ਅਰਥ-ਭਰਪੂਰ ਵੀ। ਪੰਜਾਬ ਜਿਹੜਾ ਦੇਸ਼ ਦੀ ਕਈ ਪੱਖਾਂ ਤੋਂ ਅਗਵਾਈ ਕਰਦਾ ਰਿਹਾ ਹੈ, ਉਸ ਨੂੰ ਹੁਣ ਲੀਡਰ-ਵਿਹੂਣਾ ਕੀਤਾ ਜਾ ਰਿਹਾ ਹੈ।

ਪੰਜਾਬ ਨੂੰ ਇਸ ਵੱਲ ਧੱਕ ਰਹੀਆਂ ਤਾਕਤਾਂ ਦੇ ਕਈ ਲੋਕ ਹੱਥ ਠੋਕੇ ਬਣ ਗਏ ਹਨ। ਉਹ ਦੁਸ਼ਮਣ ਪਛਾਣਨ ਦੀ ਥਾਂ ਆਪਣਿਆਂ ਨੂੰ ਹੀ ਭੰਡਣ ਲੱਗੇ ਹੋਏ ਹਨ ਤਾਂ ਜੋ ਕਿਧਰੇ ਪੰਜਾਬ ਨੂੰ ਮਜ਼ਬੂਤ ਲੀਡਰਸ਼ਿਪ ਨਾ ਮਿਲ ਜਾਵੇ। ਹੁਣ ਜਦੋਂ ਪੰਜਾਬ ਦੇ ਦਰਿਆਵਾਂ ਨੂੰ ਪ੍ਰਦੂਸ਼ਣ ਮੁਕਤ ਕਰਨ ਦੀ ਜੰਗ ਲੜੀ ਜਾ ਰਹੀ ਹੈ ਤਾਂ ਅਜਿਹੀਆਂ ਤਾਕਤਾਂ ਫਿਰ ਸਿਰ ਚੁੱਕ ਰਹੀਆਂ ਹਨ ਕਿ ਕਿਧਰੇ ਪੰਜਾਬੀਆਂ ਦੇ ਮਨਾਂ ਵਿਚ ਆਪਣੇ ਦਰਿਆਵਾਂ ਨੂੰ ਸੰਭਾਲਣ ਦੀ ਚਿਣਗ ਨਾ ਫੁੱਟ ਪਵੇ। ਦਰਿਆਵਾਂ ਦੇ ਵਾਰਿਸ ਅਖਵਾਉਂਦੇ, ਦਰਿਆਵਾਂ ਦੇ ਮਾਲਕ ਪੰਜਾਬੀ ਅਜਿਹੀਆਂ ਤਾਕਤਾਂ ਦੇ ਸ਼ਿਕੰਜੇ ਵਿਚ ਆ ਜਾਣਗੇ, ਇਹ ਹੈਰਾਨੀ ਵਾਲੀ ਗੱਲ ਹੈ। ਬੁੱਢੇ ਦਰਿਆ ਦੀ ਕਾਰ ਸੇਵਾ ਦਾ ਬੇਲੋੜਾ ਵਿਰੋਧ ਕਰਨ ਵਾਲੇ ਅਸਲ ਵਿਚ ਅਜਿਹੀਆਂ ਤਾਕਤਾਂ ਦੇ ਹੱਥਾਂ ਵਿੱਚ ਖੇਡ ਰਹੇ ਹਨ ਜਿਹੜੀਆਂ ਪੰਜਾਬੀਆਂ ਨੂੰ ਮੱਠਾ ਜ਼ਹਿਰ ਦੇ ਕੇ ਮਾਰਨਾ ਚਹੁੰਦੀਆਂ ਹਨ। ਸਾਡੇ ਬਾਬੇ ਨੇ ਤਾਂ ਸੰਵਾਦ ਦੀ ਰੀਤ ਚਲਾਈ ਸੀ, ਜਿਹੜੀ ਅਸੀਂ ਭੁੱਲ ਬੈਠੇ ਹਾਂ। ਸਾਡੇ ਬਾਬੇ ਨੇ ਕਿਹਾ ਸੀ;-'ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥' ਭਾਵ ਕਿ ਆ ਸੰਵਾਦ ਕਰੀਏ। ਪਹਿਲਾਂ ਸੁਚੱਜੇ ਵਿਚਾਰ ਸੁਣੀਏ, ਫਿਰ ਜੋ ਕਹਿਣਾ ਹੈ, ਉਸ ਨੂੰ ਸਲੀਕੇ ਨਾਲ ਕਹੀਏ। ਪਰ ਅਸੀਂ ਬਾਬੇ ਨਾਨਕ ਦਾ ਰਾਹ ਛੱਡ ਕੇ ਆਪਣੇ-ਆਪ ਹੀ ਬਹਿਸ ਦੀ ਉੱਖੜਵੀਂ ਪਗਡੰਡੀ 'ਤੇ ਚੱਲ ਪਏ ਹਾਂ ਜਿਹੜੀ ਨਾ ਖ਼ਤਮ ਹੁੰਦੀ ਹੈ ਤੇ ਨਾ ਹੀ ਸਾਨੂੰ ਕਿਸੇ ਮੰਜ਼ਿਲ 'ਤੇ ਪਹੁੰਚਾਉਂਦੀ ਹੈ। ਚਰਚਾ ਕਰਨ ਦੀ ਥਾਂ ਬਿਨਾਂ ਸਿਰ-ਪੈਰ ਦੀ ਨਿੰਦਾ ਕਰਨ ਨੂੰ ਪੰਜਾਬ ਦੇ ਲੋਕ ਕਦੇ ਬਰਦਾਸ਼ਤ ਨਹੀਂ ਕਰਦੇ। ਪੰਜਾਬੀ , ਇਹ ਦਰਿਆ ਸਾਡੇ ਹੀ ਹਨ। ਅਸੀਂ ਇਨ੍ਹਾਂ ਦੇ ਪਹਿਰੇਦਾਰ ਬਣ ਕੇ ਇਨ੍ਹਾਂ ਨੂੰ ਜ਼ਹਿਰਾਂ ਤੋਂ ਮੁਕਤ ਕਰਨ ਦਾ ਅਹਿਦ ਕਰੀਏ ਤੇ ਬਾਬੇ ਨਾਨਕ ਦੀ ਚਰਨ ਛੋਹ ਪ੍ਰਾਪਤ ਪਵਿੱਤਰ ਵੇਈਂ ਵਾਂਗ ਹੀ ਪਵਿੱਤਰ ਬੁੱਢੇ ਦਰਿਆ ਨੂੰ ਜ਼ਹਿਰ ਮੁਕਤ ਕਰਨ ਵਿਚ ਲੱਗੇ ਸੰਤ ਬਲਬੀਰ ਸਿੰਘ ਸੀਚੇਵਾਲ ਦੇ ਮੋਢੇ ਨਾਲ ਮੋਢਾ ਜੋੜੀਏ ਤਾਂ ਜੋ ਬੁੱਢਾ ਦਰਿਆ ਮੌਤ ਦੀ ਥਾਂ ਜੀਵਨਧਾਰਾ ਦੇ ਰੂਪ ਵਿਚ ਵਗੇ ਜਿਵੇਂ ਬਾਬੇ ਨਾਨਕ ਦੇ ਵੇਲਿਆਂ ਵਿਚ ਵਗਦਾ ਸੀ। ਬੁੱਢੇ ਦਰਿਆ ਨੂੰ ਨਿੱਠ ਕੇ ਸਾਫ਼ ਕਰਨ ਦਾ ਦ੍ਰਿੜ੍ਹ ਇਰਾਦਾ ਧਾਰ ਕੇ ਹੀ ਸੰਤ ਸੀਚੇਵਾਲ ਨੇ ਇਸ ਦਰਿਆ ਦੀ ਕਾਰਸੇਵਾ ਨੂੰ ਹੱਥ ਪਾਇਆ। ਉਹ ਪਹਿਲਾਂ ਵੀ 25 ਸਾਲਾਂ ਵਿਚ 165 ਕਿੱਲੋਮੀਟਰ ਲੰਬੀ ਬਾਬੇ ਨਾਨਕ ਦੀ ਨਦੀ ਕਾਲੀ ਵੇਈਂ ਨੂੰ ਸਾਫ਼ ਕਰ ਚੁੱਕੇ ਹਨ ਜਿਸ ਦੀ ਚਰਚਾ ਕੌਮਾਂਤਰੀ ਪੱਧਰ 'ਤੇ ਹੋ ਰਹੀ ਹੈ। ਹੁਣ ਬੁੱਢੇ ਦਰਿਆ ਦੀ ਕਾਲਖ਼ ਨੂੰ ਮੁਕਾਉਣ ਦਾ ਬੀੜਾ ਚੁੱਕਿਆ ਗਿਆ ਹੈ। ਸੰਤ ਸੀਚੇਵਾਲ ਸਪਸ਼ਟਵਾਦੀ ਸ਼ਖ਼ਸੀਅਤ ਦੇ ਮਾਲਕ ਹਨ। ਸਿੱਧੀ ਤੇ ਸਾਫ਼ ਗੱਲ ਕਰਨੀ ਉਨ੍ਹਾਂ ਦੇ ਸੁਭਾਅ ਦਾ ਹਿੱਸਾ ਹੈ। ਇਹ ਸਾਫ਼ਗੋਈ ਹੀ ਉਨ੍ਹਾਂ ਦੀ ਤਾਕਤ ਹੈ ਜੋ ਸੱਚ ਦੇ ਮਾਰਗ 'ਤੇ ਤੋਰਨ ਦਾ ਰਾਹ ਦਿਖਾਉਂਦੀ ਹੈ। ਸਾਲ 2006 ਵਿਚ ਇਸ ਨਦੀ ਨੂੰ ਪਵਿੱਤਰ ਵੇਈਂ ਦਾ ਦਰਜਾ ਪੰਜਾਬ ਸਰਕਾਰ ਨੇ ਦੇ ਦਿੱਤਾ ਸੀ। ਬੁੱਢੇ ਦਰਿਆ ਵਿਚ ਨਿੱਕਲ, ਜ਼ਿੰਕ, ਹੈਵੀ ਮੈਟਲ ਵਗਣ ਲੱਗੀਆਂ। ਇੱਥੋਂ ਤੱਕ ਕਿ ਪਾਬੰਦੀਸ਼ੁਦਾ ਸਾਈਨਾਈਡ ਵੀ ਬੁੱਢੇ ਦਰਿਆ ਦੇ ਹਿੱਸੇ ਆਈ ਜਿਸ ਨੇ ਇਸ ਵਿਚਲੇ ਜਲ ਜੀਵਾਂ ਨੂੰ ਤਬਾਹ ਕਰ ਕੇ ਰੱਖ ਦਿੱਤਾ। ਜ਼ਹਿਰਾਂ ਢੋਅ ਰਿਹਾ ਬੁੱਢਾ ਦਰਿਆ ਜਦੋਂ ਆਪਣੀ ਹੀ ਮੁੱਖ ਧਾਰਾ ਸਤਲੁਜ ਵਿਚ ਵਲੀਪੁਰ ਕਲਾਂ ਨੇੜੇ ਜਾ ਕੇ ਰਲਦਾ ਤਾਂ ਇਸ ਦੀ ਤਬਾਹੀ ਦਾ ਕੋਈ ਅੰਤ ਨਾ ਰਿਹਾ। ਇਸ ਜਲ ਪ੍ਰਦੂਸ਼ਣ ਨੇ ਜਲ ਜੀਵਾਂ ਦੇ ਨਾਲ-ਨਾਲ ਮਨੁੱਖ ਜਾਤੀ ਨੂੰ ਆਪਣੀ ਲਪੇਟ ਵਿਚ ਲੈ ਲਿਆ। ਬੁੱਢੇ ਦਰਿਆ ਤੋਂ ਬੁੱਢਾ ਨਾਲਾ ਬਣੇ ਪਾਣੀ ਦੇ ਇਸ ਸਰੋਤ ਨੂੰ ਸਰਕਾਰੀ ਕਾਗਜ਼ਾਂ ਵਿਚ ਵੀ ਬੁੱਢਾ ਨਾਲਾ ਹੀ ਸਵੀਕਾਰ ਕੀਤਾ ਜਾਣ ਲੱਗ ਪਿਆ। ਕਿਸੇ ਨੇ ਵੀ ਉਜਰ ਨਹੀਂ ਕੀਤਾ। ਨਾ ਸਾਡੇ ਬੁੱਧੀਜੀਵੀਆਂ ਨੇ ਨਾ ਕਵੀਆਂ ਨੇ, ਨਾ ਲੇਖਕਾਂ ਨੇ ਤੇ ਨਾ ਹੀ ਵਾਤਾਵਰਨ ਪ੍ਰੇਮੀਆਂ ਨੇ। ਬੁੱਢੇ ਦਰਿਆ ਤੋਂ ਬੁੱਢਾ ਨਾਲਾ ਬਣ ਚੁੱਕੇ ਪਾਣੀ ਦੇ ਇਸ ਸਰੋਤ ਤੋਂ ਹੋਈ ਤਬਾਹੀ ਦਾ ਕਿਸੇ ਨੇ ਵੀ ਕੋਈ ਹਿਸਾਬ-ਕਿਤਾਬ ਨਾ ਰੱਖਿਆ। ਮਾਲਵੇ ਤੇ ਰਾਜਸਥਾਨ ਵਿਚ ਕੈਂਸਰ ਨਾਲ ਹੋਣ ਵਾਲੀਆਂ ਮੌਤਾਂ ਕਾਰਨ ਘਰਾਂ 'ਚ ਸੱਥਰ ਵਿਛਦੇ ਰਹੇ ਤੇ ਸਾਡੇ ਹਾਕਮ ਬੁੱਢੇ ਨਾਲੇ ਨੂੰ ਸਾਫ਼ ਕਰਨ ਲਈ ਮੋਟੇ ਫੰਡ ਇੱਧਰ-ਉੱਧਰ ਕਰਦੇ ਰਹੇ ਕਿਉਕਿ ਕਿਸੇ ਵੀ ਧਿਰ ਨੂੰ ਲੋਕਾਂ ਦੇ ਦਰਦ ਦਾ ਅਹਿਸਾਸ ਨਹੀਂ ਸੀ ਹੋ ਰਿਹਾ।

ਜਦੋਂ ਸਮੁੱਚੇ ਪੰਜਾਬ ਵਿੱਚੋਂ ਬੁੱਢੇ ਦਰਿਆ ਲਈ ਕੋਈ ਹਾਅ ਦਾ ਨਾਅਰਾ ਨਾ ਵੱਜਾ ਤਾਂ ਸਾਰੇ ਪਾਸੇ ਨਿਰਾਸ਼ਾ ਫੈਲ ਗਈ। ਯਤਨ ਤਾਂ ਕਈਆਂ ਨੇ ਬਥੇਰੇ ਕੀਤੇ ਪਰ ਸਫਲਤਾ ਕਿਸੇ ਦੇ ਹੱਥ ਨਾ ਲੱਗੀ। ਸਮੇਂ ਦੀ ਖੇਡ ਦੇਖੋ ਜਾਂ ਫਿਰ ਬੁੱਢੇ ਦਰਿਆ ਦੀ ਪੁਕਾਰ, ਬਾਬੇ ਨਾਨਕ ਦੀ ਵੇਈਂ ਨੂੰ ਬਿਲਕੁਲ ਨਿਰਮਲ ਬਣਾ ਕੇ ਪੂਰੀ ਦੁਨੀਆ ਵਿਚ ਜਸ ਖੱਟਣ ਵਾਲੇ ਬਾਬੇ ਨਾਨਕ ਦੇ ਅਦਨੇ ਸੇਵਕ ਨੇ ਹੀ 25 ਸਾਲ ਵੇਈਂ ਦੇ ਲੇਖੇ ਲਾ ਕੇ ਬਾਬੇ ਨਾਨਕ ਦੇ ਚਰਨਾਂ ਦੀ ਛੋਹ ਪ੍ਰਾਪਤ ਬੁੱਢੇ ਦਰਿਆ ਨੂੰ ਪ੍ਰਦੂਸ਼ਣ ਮੁਕਤ ਕਰਨ ਦੀ ਠਾਣ ਲਈ। ਪੱਚੀ ਸਾਲਾਂ ਦਾ ਜਿਹੜਾ ਕਾਲ ਚੱਕਰ ਚੱਲਿਆ ਹੈ, ਕੀ ਉਹ ਇਤਿਹਾਸ ਨੂੰ ਦੁਹਰਾਅ ਰਿਹਾ ਹੈ? ਇਹ ਕਾਲ ਚੱਕਰ ਅਜੇ ਸਮੇਂ ਦੇ ਗਰਭ ਵਿਚ ਹੈ ਜਿਸ ਦੇ ਨਤੀਜਿਆਂ ਦੀ ਆਸ ਪੰਜਾਬ ਦੇ ਲੋਕ ਲਾ ਕੇ ਬੈਠੇ ਹਨ ਤੇ ਨਾਲ ਹੀ ਉਮੀਦ ਲਾ ਕੇ ਉਡੀਕ ਕਰ ਰਹੇ ਹਨ ਕਿ ਹੁਣ ਬੁੱਢਾ ਦਰਿਆ ਵੀ ਸਾਫ਼ ਹੋ ਜਾਵੇਗਾ।






# ਸਿੱਖਿਆ ਬਦਲ ਸਕਦੀ ਹੈ ਕੁੜੀਆਂ ਦੀ ਕਿਸਮਤ

**ਡਾ. ਸ਼ਮਿਕਾ ਰਵੀ**

ਗੁਜਰਾਤ ਦੇ ਦਵਾਰਕਾ 'ਚ ਇਕ ਪ੍ਰੋਗਰਾਮ ਦੌਰਾਨ ਪੀਐੱਮ ਨਰਿੰਦਰ ਮੋਦੀ ਨੇ ਪੁੱਛਿਆ ਸੀ ਕਿ ਕਿੰਨੀਆਂ ਔਰਤਾਂ ਨੇ ਪੰਜਵੀਂ ਜਮਾਤ ਤੋਂ ਅੱਗੇ ਪੜ੍ਹਾਈ ਕੀਤੀ ਹੈ। ਉਨ੍ਹਾਂ ਨੂੰ ਇਹ ਜਾਣ ਕੇ ਹੈਰਾਨੀ ਹੋਈ ਕਿ ਜ਼ਿਆਦਾਤਰ ਬਜ਼ੁਰਗ ਔਰਤਾਂ ਨੇ ਹੱਥ ਚੁੱਕੇ। ਜਦ ਕਾਰਨ ਪੁੱਛਿਆ ਗਿਆ ਤਾਂ ਦੱਸਿਆ ਗਿਆ ਕਿ ਗਾਇਕਵਾੜ ਸ਼ਾਸਨ ਕਾਲ 'ਚ ਜੇ ਪਿਤਾ ਆਪਣੀਆਂ ਧੀਆਂ ਨੂੰ ਨਹੀਂ ਪੜ੍ਹਾਉਂਦੇ ਸਨ ਤਾਂ ਉਨ੍ਹਾਂ 'ਤੇ ਜੁਰਮਾਨਾ ਲੱਗਦਾ ਸੀ। ਉਸ ਸਮੇਂ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਹੁੰਦੀ ਸੀ। ਇਸੇ ਕਾਰਨ ਕਈ ਸੱਸਾਂ ਤਾਂ ਪੜ੍ਹੀਆਂ-ਲਿਖੀਆਂ ਹਨ, ਪਰ ਉਨ੍ਹਾਂ ਦੀਆਂ ਨੂੰਹਾਂ ਨਹੀਂ ਪੜ੍ਹ ਸਕੀਆਂ। ਇਹ ਮਿਸਾਲ ਇਕ ਵੱਡੀ ਸੱਚਾਈ ਦੱਸਦੀ ਹੈ ਕਿ ਸਿਰਫ਼ ਚੰਗੀ ਨੀਅਤ ਹੀ ਕਾਫ਼ੀ ਨਹੀਂ ਹੈ। ਇਸ ਦੇ ਨਾਲ ਜਵਾਬਦੇਹੀ, ਅਗਵਾਈ ਤੇ ਨੀਤੀਆਂ ਵੀ ਜ਼ਰੂਰੀ ਹਨ। ਮੋਦੀ ਦੀ ਅਗਵਾਈ 'ਚ ਭਾਰਤ 'ਚ ਇਹੀ ਤਬਦੀਲੀ ਦੇਖਣ ਨੂੰ ਮਿਲ ਰਹੀ ਹੈ। ਇਹ ਤਬਦੀਲੀ ਨਿਯਮ-ਕਾਨੂੰਨਾਂ ਨਾਲ ਨਹੀਂ, ਬਲਕਿ ਸੋਚ ਬਦਲਣ ਨਾਲ ਜੁੜੀ ਹੈ। ਇਹ ਤਬਦੀਲੀ ਸਿਰਫ਼ ਧੀਆਂ ਦੇ ਸਕੂਲ ਜਾਣ ਤੱਕ ਸੀਮਤ ਨਹੀਂ ਹੈ, ਬਲਕਿ ਭਾਰਤੀ ਸਮਾਜ ਦੀ ਨੀਂਹ, ਸਿਹਤ, ਅਰਥਚਾਰੇ ਤੇ ਜਨਸੰਖਿਆ ਤਬਦੀਲੀ ਤੱਕ ਹੈ, ਤਾਂ ਜੋ ਧੀਆਂ ਨੂੰ ਤਬਦੀਲੀ ਦਾ ਸਭ ਤੋਂ ਮਜ਼ਬੂਤ ਸ੍ਰੋਤ ਬਣਾਇਆ ਜਾ ਸਕੇ ਤੇ ਇਹ ਸਿੱਖਿਆ ਦੇ ਜ਼ਰੀਏ ਹੀ ਸੰਭਵ ਹੈ।

ਗੁਜਰਾਤ 'ਚ ਮੁੱਖ ਮੰਤਰੀ ਰਹਿਣ ਦੌਰਾਨ ਮੋਦੀ ਨੇ ਸਮਝਿਆ ਕਿ ਕੰਨਿਆ ਭਰੂਣ ਹੱਤਿਆ ਤੇ ਕੁੜੀਆਂ ਦੀ ਅਨਪੜ੍ਹਤਾ ਵਰਗੀਆਂ ਮੁਸ਼ਕਲਾਂ ਸਿਰਫ਼ ਕਾਨੂੰਨਾਂ ਨਾਲ ਹੱਲ ਨਹੀਂ ਹੋ ਸਕਦੀਆਂ। ਇਸ ਲਈ ਜਨਤਾ ਦੀ ਸੋਚ 'ਚ ਤਬਦੀਲੀ ਜ਼ਰੂਰੀ ਸੀ। ਬਿਹਤਰ ਸਹੂਲਤਾਂ ਤੇ ਪ੍ਰੋਤਸਾਹਨ ਵੀ ਦੇਣੇ ਸਨ। ਸਾਲ 2003 'ਚ ਸ਼ੁਰੂ ਹੋਈ ਕੰਨਿਆ ਕੇਲਵਣੀ ਮੁਹਿੰਮ ਇਸੇ ਤਬਦੀਲੀ ਦਾ ਜ਼ਰੀਆ ਬਣੀ। ਇਸ ਮੁਹਿੰਮ ਨੇ ਧੀਆਂ ਦੀ ਸਿੱਖਿਆ ਦੇ ਮਹੱਤਵ ਬਾਰੇ ਜਾਗਰੂਕਤਾ ਵਧਾਈ ਤੇ ਸਕੂਲਾਂ 'ਚ ਕੁੜੀਆਂ ਲਈ ਵੱਖ ਪਖਾਨੇ ਵਰਗੀ ਵੱਡੀ ਮੁਸ਼ਕਲ ਦਾ ਹੱਲ ਕੱਢਿਆ। ਪਖਾਨੇ ਦੀ ਥੁੜ੍ਹ 'ਚ ਕਈ ਬੱਚੀਆਂ ਛੋਟੀ ਉਮਰ 'ਚ ਪੜ੍ਹਾਈ ਛੱਡ ਦਿੰਦੀਆਂ ਸਨ। ਉਕਤ ਯੋਜਨਾ ਦੇ ਨਤੀਜੇ ਬਹੁਤ ਸਕਾਰਾਤਮਕ ਰਹੇ। ਇਕ ਸਮੇਂ ਰਾਸ਼ਟਰੀ ਔਸਤ ਤੋਂ ਘੱਟ ਰਹੀ ਗੁਜਰਾਤ 'ਚ ਮਹਿਲਾ ਸਾਖਰਤਾ ਦਰ ਵਧ ਕੇ 70 ਫ਼ੀਸਦੀ ਤੱਕ ਪੁੱਜ ਗਈ। ਤਦ ਰਾਸ਼ਟਰੀ ਔਸਤ 64 ਫ਼ੀਸਦੀ ਸੀ। ਸਭ ਤੋਂ ਵੱਡੀ ਉਪਲੱਬਧੀ ਇਹ ਰਹੀ ਕਿ ਟੀਚੇ 'ਤੇ ਲਏ ਗਏ ਜ਼ਿਲ੍ਹਿਆਂ 'ਚ ਕੁੜੀਆਂ ਦੇ ਸਕੂਲ ਛੱਡਣ ਦੀ ਦਰ 90 ਫ਼ੀਸਦੀ ਤੱਕ ਘਟ ਗਈ। ਮੋਦੀ ਨੇ ਇਸ ਨੀਤੀ ਨੂੰ ਸਿਰਫ਼ ਸਰਕਾਰੀ ਯੋਜਨਾ ਨਹੀਂ ਰਹਿਣ ਦਿੱਤਾ, ਬਲਕਿ ਜਨ-ਅੰਦੋਲਨ ਬਣਾ ਦਿੱਤਾ। ਉਨ੍ਹਾਂ ਨੇ ਜਨਤਕ ਪ੍ਰੋਗਰਾਮਾਂ 'ਚ ਮਿਲੇ ਤੋਹਫ਼ਿਆਂ ਦੀ ਨੀਲਾਮੀ ਨਾਲ ਕੁੜੀਆਂ ਦੀ ਸਿੱਖਿਆ ਲਈ 19 ਕਰੋੜ ਰੁਪਏ ਇਕੱਠੇ ਕੀਤੇ ਤੇ ਖ਼ੁਦ 21 ਲੱਖ ਰੁਪਏ ਦਾ ਨਿੱਜੀ ਯੋਗਦਾਨ ਵੀ ਦਿੱਤਾ। ਇਨ੍ਹਾਂ ਕੋਸ਼ਿਸ਼ਾਂ ਨਾਲ ਇਕ ਮਜ਼ਬੂਤ ਸੁਨੇਹਾ ਗਿਆ ਕਿ ਧੀਆਂ ਦੀ ਸਿੱਖਿਆ ਸਿਰਫ਼ ਸਰਕਾਰ ਦਾ ਕੰਮ ਨਹੀਂ ਬਲਕਿ ਪੂਰੇ ਸਮਾਜ ਦੀ ਜ਼ਿੰਮੇਵਾਰੀ ਹੈ।

ਗੁਜਰਾਤ ਦੀ ਕਾਮਯਾਬੀ ਤੋਂ ਪ੍ਰੇਰਿਤ ਹੋ ਕੇ ਬੇਟੀ ਬਚਾ , ਬੇਟੀ ਪੜ੍ਹਾ ਮੁਹਿੰਮ ਨੂੰ 2015 'ਚ ਪੂਰੇ ਦੇਸ਼ 'ਚ ਸ਼ੁਰੂ ਕੀਤਾ ਗਿਆ। ਇਸ ਦੇ ਦੋ ਟੀਚੇ ਸਨ। ਪਹਿਲਾ ਕੰਨਿਆ ਭਰੂਣ ਹੱਤਿਆ ਨੂੰ ਰੋਕਣਾ ਤੇ ਦੂਜਾ ਬੱਚੀਆਂ ਦੀ ਸਿੱਖਿਆ ਨੂੰ ਉਤਸ਼ਾਹ ਦੇਣਾ। ਸ਼ੁਰੂਆਤ 'ਚ ਇਹ ਯੋਜਨਾ 100 ਅਜਿਹੇ ਜ਼ਿਲ੍ਹਿਆਂ 'ਚ ਲਾਗੂ ਹੋਈ ਜਿੱਥੇ ਲਿੰਗ ਅਨੁਪਾਤ ਦੀ ਸਥਿਤੀ ਸਭ ਤੋਂ ਖ਼ਰਾਬ ਸੀ। ਬਾਅਦ 'ਚ ਇਹ ਪੂਰੇ ਦੇਸ਼ 'ਚ ਲਾਗੂ ਕੀਤੀ ਗਈ। ਇਸ ਯੋਜਨਾ ਦਾ ਲਿੰਗ ਅਨੁਪਾਤ ਸੁਧਾਰ 'ਤੇ ਸਿੱਧਾ ਅਸਰ ਪਿਆ। ਸਾਲ 2015 'ਚ ਪ੍ਰਤੀ 1000 ਮੁੰਡਿਆਂ 'ਤੇ ਕੁੜੀਆਂ ਦੀ ਜੋ ਸੰਖਿਆ 919 ਸੀ, ਉਹ 2019-21 ਤੱਕ ਵਧ ਕੇ 929 ਹੋ ਗਈ। ਲਿੰਗ ਅਨੁਪਾਤ 'ਚ ਸੁਧਾਰ ਤਾਂ ਇਸ ਤਸਵੀਰ ਦਾ ਸਿਰਫ਼ ਇਕ ਪਹਿਲੂ ਹੈ। ਵੱਡੀ ਤਬਦੀਲੀ ਸਿੱਖਿਆ ਰਾਹੀਂ ਆਕਾਰ ਲੈ ਰਹੀ ਹੈ। ਧੀਆਂ ਦੀ ਸਿੱਖਿਆ ਕਈ ਸਕਾਰਾਤਮਕ ਤਬਦੀਲੀਆਂ ਦਾ ਜ਼ਰੀਆ ਬਣਦੀ ਹੈ। ਪੜ੍ਹੀਆਂ-ਲਿਖੀਆਂ ਔਰਤਾਂ ਆਮ ਤੌਰ 'ਤੇ ਦੇਰ ਨਾਲ ਵਿਆਹ ਕਰਦੀਆਂ ਹਨ ਤੇ ਘੱਟ ਬੱਚੇ ਪੈਦਾ ਕਰਦੀਆਂ ਹਨ। ਭਾਰਤ ਦੀ ਕੁੱਲ ਜਣਨ ਦਰ (ਟੀਐੱਫਆਰ) ਹੁਣ 2.0 'ਤੇ ਆ ਗਈ ਹੈ, ਜੋ ਜਨਸੰਖਿਆ ਨੂੰ ਸਥਿਰ ਰੱਖਣ ਦੇ ਪੱਧਰ ਤੋਂ ਵੀ ਘੱਟ ਹੈ। ਇਹ ਤਬਦੀਲੀ ਸਿੱਧੇ ਤੌਰ 'ਤੇ ਔਰਤਾਂ ਦੀ ਵਧਦੀ ਸਿੱਖਿਆ ਤੇ ਕੰਮਕਾਰ 'ਚ ਹਿੱਸੇਦਾਰੀ ਨਾਲ ਜੁੜੀ ਹੈ। ਸਿੱਖਿਅਤ ਔਰਤਾਂ ਗਰਭ ਅਵਸਥਾ ਤੇ ਬੱਚੇ ਦੇ ਜਨਮ ਸਮੇਂ ਦੇਖਭਾਲ ਨੂੰ ਲੈ ਕੇ ਵੀ ਸਾਵਧਾਨੀ ਵਰਤਦੀਆਂ ਹਨ। ਛੋਟੀਆਂ ਬੱਚੀਆਂ ਦੀ ਮੌਤ ਦੀ ਦਰ 'ਚ ਆ ਰਹੀ ਕਮੀ ਇਸ ਰੁਝਾਨ ਦੀ ਪੁਸ਼ਟੀ ਵੀ ਕਰਦੀ ਹੈ।

ਕੰਮਕਾਰ ਵਾਲੀ ਆਬਾਦੀ 'ਚ ਔਰਤਾਂ ਦੀ ਹਿੱਸੇਦਾਰੀ ਨੂੰ ਲੈ ਕੇ ਜ਼ਰੂਰ ਕੁਝ ਚੁਣੌਤੀਆਂ ਕਾਇਮ ਹਨ, ਪਰ ਸਿਹਤ, ਸਿੱਖਿਆ, ਵਿਗਿਆਨ-ਤਕਨੀਕ ਤੇ ਉੱਦਮਤਾ ਵਰਗੇ ਖੇਤਰਾਂ 'ਚ ਉਨ੍ਹਾਂ ਦੀ ਗਿਣਤੀ ਵਧ ਰਹੀ ਹੈ। ਇਹ ਉਹ ਖੇਤਰ ਹਨ, ਜਿੱਥੇ ਪੜ੍ਹਾਈ ਤੇ ਹੁਨਰ ਦਾ ਸਭ ਤੋਂ ਵੱਧ ਮਹੱਤਵ ਹੈ। ਔਰਤਾਂ ਹੁਣ ਫ਼ੌਜੀ ਅਧਿਕਾਰੀਆਂ ਤੋਂ ਲੈ ਕੇ ਟੈੱਕ ਸਟਾਰਟਅਪਸ ਦੇ ਸੀਈ ਅਹੁਦੇ ਤੱਕ ਪ੍ਰਾਪਤ ਕਰ ਰਹੀਆਂ ਹਨ, ਜਿਨ੍ਹਾਂ ਦੀ ਕਲਪਨਾ ਕਦੀ ਉਨ੍ਹਾਂ ਦੇ ਕਰੀਬੀਆਂ ਨੇ ਵੀ ਨਹੀਂ ਕੀਤੀ ਹੋਵੇਗੀ। ਅਧਿਐਨ ਦੱਸਦੇ ਹਨ ਕਿ ਸਿੱਖਿਅਤ ਮਾਵਾਂ ਦੇ ਬੱਚੇ ਪੜ੍ਹਾਈ 'ਚ ਬਿਹਤਰ ਪ੍ਰਦਰਸ਼ਨ ਕਰਦੇ ਹਨ ਤੇ ਉਨ੍ਹਾਂ ਦੀ ਸਿਹਤ ਵੀ ਚੰਗੀ ਰਹਿੰਦੀ ਹੈ। ਇਹ ਸਸ਼ਕਤੀਕਰਨ ਦਾ ਇਕ ਸਕਾਰਾਤਮਕ ਚੱਕਰ ਹੈ, ਜੋ ਹਰ ਪੀੜ੍ਹੀ ਨੂੰ ਪ੍ਰਭਾਵਿਤ ਕਰਦਾ ਹੈ। ਮੱਧ ਪ੍ਰਦੇਸ਼ ਦੇ ਪਿਛਲੇ ਦਿਨੀਂ ਸਰਵੇ ਮੁਤਾਬਕ 89.5 ਫ਼ੀਸਦੀ ਲੋਕ ਬੇਟੀ ਬਚਾ , ਬੇਟੀ ਪੜ੍ਹਾ ਯੋਜਨਾ ਬਾਰੇ ਜਾਣਦੇ ਹਨ ਤੇ 63.2 ਫ਼ੀਸਦੀ ਦਾ ਕਹਿਣਾ ਹੈ ਕਿ ਇਸ ਯੋਜਨਾ ਨੇ ਉਨ੍ਹਾਂ ਨੂੰ ਧੀਆਂ ਨੂੰ ਸਕੂਲ ਭੇਜਣ ਲਈ ਪ੍ਰੇਰਿਤ ਕੀਤਾ।

# 14 ਅਰਬ ਡਾਲਰ ਦਾ ਕ੍ਰਿਪਟੋ ਘੁਟਾਲਾ ਕਿਵੇਂ ਹੋਇਆ ਅਤੇ ਕੌਣ ਹੈ ਜ਼ਿੰਮੇਵਾਰ

ਸਿਰਫ਼ 37 ਸਾਲ ਦੇ ਚੇਨ ਜ਼ੀ 'ਤੇ ਇੱਕ ਵੱਡੇ ਸਾਈਬਰ-ਧੋਖਾਧੜੀ ਸਾਮਰਾਜ ਦਾ ਮਾਸਟਰਮਾਈਂਡ ਹੋਣ ਦਾ ਇਲਜ਼ਾਮ ਹੈ। ਇਹ ਇੱਕ ਅਜਿਹਾ ਅਪਰਾਧ ਹੈ ਜਿਸਨੇ ਬਹੁਤ ਸਾਰੇ ਲੋਕਾਂ ਨੂੰ ਮੁਸੀਬਤ ਵਿੱਚ ਪਾ ਦਿੱਤਾ। ਹਲਕੀ ਦਾੜ੍ਹੀ ਅਤੇ ਬੱਚੇ ਵਰਗੇ ਚਿਹਰੇ ਵਾਲੇ ਚੇਨ ਜ਼ੀ ਆਪਣੀ ਉਮਰ ਤੋਂ ਵੀ ਜ਼ਿਆਦਾ ਜਵਾਨ ਦਿਖਾਈ ਦਿੰਦੇ ਹਨ। ਉਹ ਬਹੁਤ ਜਲਦੀ ਅਥਾਹ ਅਮੀਰ ਬਣ ਗਏ। ਪਿਛਲੇ ਹਫ਼ਤੇ, ਅਮਰੀਕੀ ਨਿਆਂ ਵਿਭਾਗ ਨੇ ਉਨ੍ਹਾਂ 'ਤੇ ਕੰਬੋਡੀਆ ਵਿੱਚ ਇੱਕ ਘੁਟਾਲੇ ਦਾ ਇਲਜ਼ਾਮ ਲਗਾਇਆ, ਜਿਸਨੇ ਦੁਨੀਆਂ ਭਰ ਦੇ ਪੀੜਤਾਂ ਤੋਂ ਅਰਬਾਂ ਡਾਲਰ ਦੀ ਕ੍ਰਿਪਟੋਕਰੰਸੀ ਚੋਰੀ ਕੀਤੀ। ਅਮਰੀਕੀ ਵਿੱਤ ਮੰਤਰਾਲੇ ਨੇ ਲਗਭਗ 14 ਅਰਬ ਡਾਲਰ ਮੁੱਲ ਦੇ ਬਿਟਕੁਆਇਨ ਜ਼ਬਤ ਕੀਤੇ ਹਨ। ਅਮਰੀਕਾ ਦਾ ਕਹਿਣਾ ਹੈ ਕਿ ਇਹ ਬਿਟਕੁਆਇਨ ਚੇਨ ਜ਼ੀ ਨਾਲ ਜੁੜੇ ਹੋਏ ਹਨ। ਵਿਭਾਗ ਨੇ ਕਿਹਾ ਕਿ ਇਹ ਹੁਣ ਤੱਕ ਦੀ ਸਭ ਤੋਂ ਵੱਡੀ ਕ੍ਰਿਪਟੋਕਰੰਸੀ ਜ਼ਬਤ ਹੈ। ਚੇਨ ਜ਼ੀ ਦੀ ਕੰਪਨੀ, ਕੰਬੋਡੀਅਨ ਪ੍ਰਿੰਸ ਗਰੁੱਪ, ਆਪਣੀ ਵੈੱਬਸਾਈਟ 'ਤੇ ਉਨ੍ਹਾਂ ਨੂੰ ਇੱਕ "ਸਤਿਕਾਰਯੋਗ ਉੱਦਮੀ" ਵਜੋਂ ਦੱਸਦੀ ਹੈ। ਵੈੱਬਸਾਈਟ ਦੇ ਅਨੁਸਾਰ, ਚੇਨ "ਇੱਕ ਅਜਿਹੇ ਉੱਦਮੀ ਹਨ ਜਿਨ੍ਹਾਂ ਨੇ ਪ੍ਰਿੰਸ ਗਰੁੱਪ ਨੂੰ ਕੰਬੋਡੀਆ ਵਿੱਚ ਇੱਕ ਮੋਹਰੀ ਵਪਾਰਕ ਸਮੂਹ ਬਣਾਇਆ।" ਸਵਾਲ ਇਹ ਹੈ ਕਿ ਇਸ ਘੁਟਾਲੇ ਨੂੰ ਚਲਾਉਣ ਵਾਲੇ ਰਹੱਸਮਈ ਸ਼ਖਸ ਚੇਨ ਜ਼ੀ ਬਾਰੇ ਕਿੰਨੀ ਕੁ ਜਾਣਕਾਰੀ ਹੈ?

ਦੱਖਣੀ-ਪੂਰਬੀ ਚੀਨ ਦੇ ਫੁਜਿਆਨ ਸੂਬੇ ਵਿੱਚ ਵੱਡੇ ਹੋਏ ਚੇਨ ਨੇ ਪਹਿਲਾਂ ਇੱਕ ਇੰਟਰਨੈੱਟ ਗੇਮਿੰਗ ਕੰਪਨੀ ਦੀ ਸਥਾਪਨਾ ਕੀਤੀ। ਚੇਨ 2010 ਜਾਂ 2011 ਦੇ ਅਖੀਰ ਵਿੱਚ ਕੰਬੋਡੀਆ ਚਲੇ ਗਏ, ਜਿੱਥੇ ਉਨ੍ਹਾਂ ਨੇ ਪ੍ਰਾਪਰਟੀ ਦੇ ਕਾਰੋਬਾਰ ਵਿੱਚ ਕਦਮ ਰੱਖਿਆ। ਜਿਸ ਦੌਰ 'ਚ ਉਹ ਕੰਬੋਡੀਆ ਪਹੁੰਚੇ, ਉਸ ਵੇਲੇ ਉੱਥੇ ਪ੍ਰਾਪਰਟੀ ਬਾਜ਼ਾਰ 'ਚ ਉਛਾਲ ਦਾ ਦੌਰ ਸੀ। ਸ਼ਕਤੀਸ਼ਾਲੀ ਅਤੇ ਸਿਆਸੀ ਰਸੂਖ ਵਾਲੇ ਲੋਕਾਂ ਅਤੇ ਚੀਨੀ ਪੂੰਜੀ ਨੇ ਇਸ ਨੂੰ ਹੋਰ ਹੁਲਾਰਾ ਦਿੱਤਾ। ਇਸ ਵਿੱਚੋਂ ਕੁਝ ਪੂੰਜੀ ਸ਼ੀ ਜਿਨਪਿੰਗ ਦੀ 'ਬੈਲਟ ਐਂਡ ਰੋਡ ਇਨੀਸ਼ੀਏਟਿਵ' ਦੇ ਅੰਤਮ ਪੜਾਅ ਦੇ ਹਿੱਸੇ ਵਜੋਂ ਚੀਨ ਵੱਲੋਂ ਬਣਾਏ ਜਾ ਰਹੇ ਇੰਫ੍ਰਾਸਟ੍ਰਕਚਰ ਦੇ ਬੁਨਿਆਦੀ ਢਾਂਚੇ ਲਈ ਬਰਾਮਦ ਵਜੋਂ ਆ ਰਹੀ ਸੀ। ਕੁਝ ਪੈਸਾ ਚੀਨ ਦੇ ਨਿਵੇਸ਼ਕਾਂ ਤੋਂ ਆ ਰਿਹਾ ਸੀ ਕਿਉਂਕਿ ਚੀਨ ਵਿੱਚ ਪ੍ਰਾਪਰਟੀ ਬਾਜ਼ਾਰ 'ਚ ਵਧਦੀਆਂ ਕੀਮਤਾਂ ਕਾਰਨ ਉਹ ਕਿਫਾਇਤੀ ਵਿਕਲਪਾਂ ਦੀ ਭਾਲ ਕਰ ਰਹੇ ਸਨ। ਕੰਬੋਡੀਆ ਜਾਣ ਵਾਲੇ ਚੀਨੀ ਸੈਲਾਨੀਆਂ ਦੀ ਗਿਣਤੀ ਵੀ ਤੇਜ਼ੀ ਨਾਲ ਵਧ ਰਹੀ ਸੀ। ਰਾਜਧਾਨੀ ਨੋਮ ਪੇਨਹ ਤੇਜ਼ੀ ਨਾਲ ਬਦਲ ਰਹੀ ਸੀ। ਸਰ੍ਹੋਂ ਦੇ ਰੰਗ ਦੀਆਂ ਫ੍ਰੈਂਚ ਬਸਤੀਵਾਦੀ ਹਵੇਲੀਆਂ ਦੀ ਥਾਂ ਕੱਚ ਅਤੇ ਸਟੀਲ ਟਾਵਰ ਲੈ ਰਹੇ ਸਨ। ਕਦੇ ਸ਼ਾਂਤ ਸਮੁੰਦਰੀ ਕਿਨਾਰੇ ਸੈਰਗਾਹ ਰਹੇ ਸਿਹਾਨੋਕਵਿਲੇ ਦਾ ਬਦਲਾਅ ਆਪਣੇ ਚਰਮ 'ਤੇ ਸੀ। ਉੱਥੇ ਸਿਰਫ਼ ਚੀਨੀ ਸੈਲਾਨੀ ਅਤੇ ਪ੍ਰਾਪਰਟੀ ਡੀਲਰ ਹੀ ਨਹੀਂ ਸਗੋਂ ਜੂਏਬਾਜ਼ ਵੀ ਆ ਰਹੇ ਸਨ। ਨਵੇਂ ਕੈਸੀਨੋ ਖੁੱਲ੍ਹ ਗਏ, ਨਾਲ ਹੀ ਆਲੀਸ਼ਾਨ ਹੋਟਲ ਅਤੇ ਅਪਾਰਟਮੈਂਟ ਵੀ ਬਣ ਗਏ। ਖੂਬ ਪੈਸੇ ਕਮਾਏ ਜਾਣ ਦੀ ਸੰਭਾਵਨਾ ਬਣ ਗਈ ਸੀ। ਇਸ ਸਭ ਦੇ ਬਾਵਜੂਦ, ਚੇਨ ਦੀ ਉਡਾਣ ਹੈਰਾਨ ਕਰਨ ਵਾਲੀ ਸੀ। ਸਾਲ 2014 ਵਿੱਚ, ਉਨ੍ਹਾਂ ਨੇ ਆਪਣੀ ਚੀਨੀ ਨਾਗਰਿਕਤਾ ਤਿਆਗ ਦਿੱਤੀ ਅਤੇ ਕੰਬੋਡੀਅਨ ਨਾਗਰਿਕ ਬਣ ਗਏ। ਇਸ ਨਾਲ ਉਨ੍ਹਾਂ ਨੂੰ ਆਪਣੇ ਨਾਮ 'ਤੇ ਜ਼ਮੀਨ ਖਰੀਦਣ ਦੀ ਇਜਾਜ਼ਤ ਮਿਲ ਗਈ, ਪਰ ਇਸ ਲਈ ਉਨ੍ਹਾਂ ਨੂੰ ਘੱਟੋ-ਘੱਟ ਢਾਈ ਲੱਖ ਡਾਲਰ ਦਾ ਨਿਵੇਸ਼ ਕਰਨਾ ਜਾਂ ਸਰਕਾਰ ਨੂੰ ਦਾਨ ਦੇਣਾ ਜ਼ਰੂਰੀ ਸੀ।

ਇਹ ਸਪਸ਼ਟ ਨਹੀਂ ਹੋ ਸਕਿਆ ਕਿ ਚੇਨ ਜ਼ੀ ਕੋਲ ਇਨਾਂ ਪੈਸੇ ਕਿੱਥੋਂ ਆਇਆ। ਸਾਲ 2019 ਵਿੱਚ ਆਈਲ ਆਫ਼ ਮੈਨ ਵਿੱਚ ਬੈਂਕ ਖਾਤੇ ਲਈ ਅਰਜ਼ੀ ਦਿੰਦੇ ਸਮੇਂ ਉਨ੍ਹਾਂ ਨੇ ਆਪਣੇ ਇੱਕ ਅਨਾਮ ਚਾਚੇ ਦਾ ਜ਼ਿਕਰ ਕੀਤਾ ਸੀ, ਜਿਨ੍ਹਾਂ ਨੇ ਚੇਨ ਨੂੰ 2011 ਵਿੱਚ ਆਪਣੀ ਪਹਿਲੀ ਪ੍ਰਾਪਰਟੀ ਕੰਪਨੀ ਸ਼ੁਰੂ ਕਰਨ ਲਈ 20 ਲੱਖ ਡਾਲਰ ਦਿੱਤੇ ਸਨ। ਹਾਲਾਂਕਿ, ਚੇਨ ਨੇ ਇਸ ਦਾ ਕੋਈ ਸਬੂਤ ਨਹੀਂ ਦਿੱਤਾ ਸੀ। ਚੇਨ ਜ਼ੀ ਨੇ 2015 ਵਿੱਚ ਪ੍ਰਿੰਸ ਗਰੁੱਪ ਦੀ ਸਥਾਪਨਾ ਕੀਤੀ। ਉਸ ਸਮੇਂ ਉਹ ਸਿਰਫ 27 ਸਾਲ ਦੇ ਸਨ। ਉਨ੍ਹਾਂ ਨੇ ਸਾਲ 2018 ਵਿੱਚ ਪ੍ਰਿੰਸ ਬੈਂਕ ਸਥਾਪਤ ਕਰਨ ਲਈ ਇੱਕ ਕਮਰਸ਼ੀਅਲ ਬੈਂਕਿੰਗ ਲਾਇਸੈਂਸ ਪ੍ਰਾਪਤ ਕੀਤਾ। ਉਸੇ ਸਾਲ ਉਨ੍ਹਾਂ ਨੇ ਸਾਈਪ੍ਰਸ ਦਾ ਪਾਸਪੋਰਟ ਲਿਆ, ਜਿਸ ਦੇ ਬਦਲੇ ਉਨ੍ਹਾਂ ਨੇ ਘੱਟੋ-ਘੱਟ 2.5 ਲੱਖ ਡਾਲਰ ਦਾ ਨਿਵੇਸ਼ ਕੀਤਾ। ਹੁਣ ਉਨ੍ਹਾਂ ਨੂੰ ਯੂਰਪੀਅਨ ਸੰਘ ਵਿੱਚ ਸੌਖਾ ਪ੍ਰਵੇਸ਼ ਮਿਲ ਗਿਆ। ਬਾਅਦ ਵਿੱਚ ਉਨ੍ਹਾਂ ਨੇ ਵਾਨੁਅਤੂ ਦੀ ਨਾਗਰਿਕਤਾ ਵੀ ਪ੍ਰਾਪਤ ਕੀਤੀ। ਉਨ੍ਹਾਂ ਨੇ ਕੰਬੋਡੀਆ ਦੀ ਤੀਜੀ ਏਅਰਲਾਈਨ ਸ਼ੁਰੂ ਕੀਤੀ ਅਤੇ ਸਾਲ 2020 ਵਿੱਚ ਚੌਥੀ ਏਅਰਲਾਈਨ ਚਲਾਉਣ ਲਈ ਪ੍ਰਮਾਣ ਪੱਤਰ ਪ੍ਰਾਪਤ ਕੀਤਾ। ਉਨ੍ਹਾਂ ਦੀ ਕੰਪਨੀ ਨੇ ਨੋਮ ਪੇਨਹ ਵਿੱਚ ਲਗਜ਼ਰੀ ਮਾਲ ਬਣਾਏ ਅਤੇ ਸਿਹਾਨੋਕਵਿਲੇ ਵਿੱਚ ਪੰਜ-ਸਿਤਾਰਾ ਹੋਟਲ ਬਣਾਇਆ। ਉੱਥੇ ਹੀ ਉਨ੍ਹਾਂ ਨੇ "ਬੇਅ ਆਫ਼ ਲਾਈਟਸ" ਨਾਮਕ 16 ਅਰਬ ਡਾਲਰ ਦੀ ਇੱਕ "ਈਕੋ-ਸਿਟੀ" ਬਣਾਉਣ ਦੀ ਯੋਜਨਾ 'ਤੇ ਵੀ ਕੰਮ ਸ਼ੁਰੂ ਕੀਤਾ। ਸਾਲ 2020 ਵਿੱਚ ਚੇਨ ਜ਼ੀ ਨੂੰ "ਨੇਕ ਕਨਹਾ" ਨਾਲ ਸਨਮਾਨਿਤ ਕੀਤਾ ਗਿਆ, ਜੋ ਕਿ ਕੰਬੋਡੀਆ ਦੇ ਰਾਜਾ ਦੁਆਰਾ ਦਿੱਤਾ ਜਾਂਦਾ ਸਭ ਤੋਂ ਉੱਚਾ ਸਨਮਾਨ ਹੈ। ਇਸ ਖਿਤਾਬ ਲਈ ਸਰਕਾਰ ਨੂੰ ਘੱਟੋ-ਘੱਟ 5 ਲੱਖ ਡਾਲਰ ਦਾ ਦਾਨ ਦੇਣਾ ਜ਼ਰੂਰੀ ਹੁੰਦਾ ਹੈ। ਉਨ੍ਹਾਂ ਨੂੰ 2017 ਤੋਂ ਕੰਬੋਡੀਆ ਦੇ ਗ੍ਰਹਿ ਮੰਤਰੀ, ਸਰ ਖੇਂਗ ਦੇ ਅਧਿਕਾਰਤ ਸਲਾਹਕਾਰ ਬਣਿਆ ਗਿਆ ਸੀ। ਚੇਨ ਜ਼ੀ ਉਨ੍ਹਾਂ ਦੇ ਪੁੱਤਰ, ਸਰ ਸੋਖਾ ਦੇ ਕਾਰੋਬਾਰੀ ਭਾਈਵਾਲ ਸਨ ਅਤੇ ਕੰਬੋਡੀਆ ਦੇ ਸਭ ਤੋਂ ਸ਼ਕਤੀਸ਼ਾਲੀ ਵਿਅਕਤੀ ਹੁਨ ਸੇਨ ਦੇ ਅਧਿਕਾਰਤ ਸਲਾਹਕਾਰ ਵੀ ਸਨ।



ਬਾਅਦ ਵਿੱਚ ਹੁਨ ਸੇਨ ਦੇ ਪੁੱਤਰ, ਹੁਨ ਮਾਨੇਟ ਦੇਸ਼ ਦੇ ਪ੍ਰਧਾਨ ਮੰਤਰੀ ਬਣੇ। ਚੇਨ ਜ਼ੀ ਉਨ੍ਹਾਂ ਦੇ ਵੀ ਸਲਾਹਕਾਰ ਬਣੇ। ਸਥਾਨਕ ਮੀਡੀਆ ਵਿੱਚ ਚੇਨ ਜ਼ੀ ਦੀ ਇੱਕ ਪਰਉਪਕਾਰੀ ਵਿਅਕਤੀ ਵਜੋਂ ਪ੍ਰਸ਼ੰਸਾ ਕੀਤੀ ਗਈ, ਜਿਨ੍ਹਾਂ ਨੇ ਘੱਟ ਆਮਦਨ ਵਾਲੇ ਵਿਦਿਆਰਥੀਆਂ ਲਈ ਸਕਾਲਰਸ਼ਿਪਾਂ ਲਈ ਫੰਡ ਦਿੱਤਾ ਅਤੇ ਕੰਬੋਡੀਆ ਨੂੰ ਕੋਵਿਡ-19 ਮਹਾਂਮਾਰੀ ਨਾਲ ਨਜਿੱਠਣ ਵਿੱਚ ਮਦਦ ਕਰਨ ਲਈ ਕਾਫ਼ੀ ਦਾਨ ਦਿੱਤੇ। ਫਿਰ ਵੀ ਉਹ ਇੱਕ ਰਹੱਸਮਈ ਸ਼ਖਸੀਅਤ ਰਹੇ ਜੋ ਹਮੇਸ਼ਾ ਸੁਰਖੀਆਂ ਤੋਂ ਬਚਦੇ ਰਹੇ ਅਤੇ ਬਹੁਤ ਘੱਟ ਜਨਤਕ ਬਿਆਨ ਦਿੰਦੇ ਰਹੇ। ਜੈਕ ਐਡਮੋਵਿਚ ਡੇਵਿਸ ਇੱਕ ਪੱਤਰਕਾਰ ਹਨ ਜਿਨ੍ਹਾਂ ਨੇ ਚੇਨ ਜ਼ੀ ਬਾਰੇ ਤਿੰਨ ਸਾਲਾਂ ਤੱਕ ਖੋਜ ਕੀਤੀ ਹੈ। ਉਨ੍ਹਾਂ ਦੀ ਰਿਪੋਰਟ ਪਿਛਲੇ ਸਾਲ ਰੇਡੀ ਫ੍ਰੀ ਏਸ਼ੀਆ 'ਤੇ ਪ੍ਰਕਾਸ਼ਤ ਹੋਈ ਹੈ। ਜੈਕ ਐਡਮੋਵਿਚ ਦੱਸਦੇ ਹਨ, "ਮੈਂ ਜਿਨ੍ਹਾਂ ਲੋਕਾਂ ਨਾਲ ਗੱਲ ਕੀਤੀ ਹੈ, ਜਿਨ੍ਹਾਂ ਨੇ ਸਿੱਧੇ ਤੌਰ 'ਤੇ ਉਨ੍ਹਾਂ ਨਾਲ ਕੰਮ ਕੀਤਾ ਹੈ, ਉਨ੍ਹਾਂ ਨਾਲ ਕਮਰੇ 'ਚ ਰਹੇ ਹਨ, ਉਨ੍ਹਾਂ ਸਾਰੀਆਂ ਨੇ ਉਨ੍ਹਾਂ ਨੂੰ ਬਹੁਤ ਨਿਮਰ, ਬਹੁਤ ਸ਼ਾਂਤ, ਬਹੁਤ ਸੰਤੁਲਿਤ ਦੱਸਿਆ ਹੈ।" "ਮੈਨੂੰ ਲੱਗਦਾ ਹੈ ਕਿ ਉਹ ਉਸ ਤਰ੍ਹਾਂ ਦਾ ਦਿਖਾਵਾ ਕਰਨ ਵਾਲਾ ਵਿਅਕਤੀ ਨਹੀਂ ਬਣਨਾ ਚਾਹੁੰਦੇ ਸਨ, ਜਿਸ ਦੀਆਂ ਅਖਬਾਰਾਂ 'ਚ ਖਬਰਾਂ ਛਪਣ। ਇਹ ਸਿਆਣਪ ਵਾਲੀ ਗੱਲ ਸੀ। ਇੱਥੋਂ ਤੱਕ ਕਿ ਜਿਹੜੇ ਲੋਕ ਹੁਣ ਉਨ੍ਹਾਂ ਨਾਲ ਜੁੜਨਾ ਨਹੀਂ ਚਾਹੁੰਦੇ ਸਨ, ਉਹ ਵੀ ਉਨ੍ਹਾਂ ਤੋਂ ਪ੍ਰਭਾਵਿਤ ਸਨ।" ਪਰ ਇਹ ਸਾਰਾ ਪੈਸਾ ਅਤੇ ਤਾਕਤ ਕਿੱਥੋਂ ਆਈ?

ਸਾਲ 2019 ਵਿੱਚ, ਸਿਹਾਨੋਕਵਿਲੇ ਵਿੱਚ ਪ੍ਰਾਪਰਟੀ ਦਾ ਬੁਲਬੁਲਾ ਫਟ ਗਿਆ। ਔਨਲਾਈਨ ਜੂਏ ਦੇ ਕਾਰੋਬਾਰ ਨੇ ਚੀਨੀ ਅਪਰਾਧਿਕ ਗਿਰੋਹਾਂ ਨੂੰ ਆਕਰਸ਼ਿਤ ਕੀਤਾ, ਜਿਨ੍ਹਾਂ ਨੇ ਫਿਰ ਆਪਸ ਵਿੱਚ ਹਿੰਸਕ ਸੰਘਰਸ਼ ਸ਼ੁਰੂ ਕਰ ਲਿਆ। ਸੈਲਾਨੀ ਵੀ ਡਰ ਗਏ ਸਨ। ਚੀਨ ਦੇ ਦਬਾਅ ਹੇਠ ਤਤਕਾਲੀ ਪ੍ਰਧਾਨ ਮੰਤਰੀ ਹੁਨ ਸੇਨ ਨੇ ਉਸੇ ਸਾਲ ਅਗਸਤ ਵਿੱਚ ਔਨਲਾਈਨ ਜੂਏ 'ਤੇ ਪਾਬੰਦੀ ਲਗਾ ਦਿੱਤੀ ਸੀ। ਸ਼ਹਿਰ ਦਾ ਮੁੱਖ ਕਾਰੋਬਾਰ ਢਹਿਣ ਨਾਲ ਲਗਭਗ 4 ਲੱਖ 50 ਹਜ਼ਾਰ ਚੀਨੀ ਲੋਕ ਇੱਥੋਂ ਛੱਡ ਕੇ ਚਲੇ ਗਏ। ਪ੍ਰਿੰਸ ਗਰੁੱਪ ਦੇ ਬਹੁਤ ਸਾਰੇ ਫਲੈਟ ਖਾਲੀ ਹੋ ਗਏ। ਫਿਰ ਵੀ ਚੇਨ ਜ਼ੀ ਨੇ ਆਪਣੇ ਵਪਾਰਕ ਹਿੱਤਾਂ ਦਾ ਵਿਸਥਾਰ ਕਰਨਾ ਅਤੇ ਖੁੱਲ੍ਹ ਕੇ ਖਰਚ ਕਰਨਾ ਜਾਰੀ ਰੱਖਿਆ।

ਬ੍ਰਿਟਿਸ਼ ਅਧਿਕਾਰੀਆਂ ਦੇ ਅਨੁਸਾਰ, ਸਾਲ 2019 ਵਿੱਚ ਉਨ੍ਹਾਂ ਨੇ ਉੱਤਰੀ ਲੰਦਨ ਵਿੱਚ 1.2 ਕਰੋੜ ਪੌਂਡ ਦੀ ਇੱਕ ਹਵੇਲੀ ਅਤੇ 9.5 ਕਰੋੜ ਪੌਂਡ ਦੀ ਆਫ਼ਿਸ ਬਿਲਡਿੰਗ ਖਰੀਦੀ। ਅਮਰੀਕਾ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਅਤੇ ਉਨ੍ਹਾਂ ਦੇ ਸਾਥੀਆਂ ਨੇ ਨਿਊਯਾਰਕ ਵਿੱਚ ਜਾਇਦਾਦਾਂ, ਨਿੱਜੀ ਜੈੱਟ ਅਤੇ ਸੁਪਰਯਾਟ, ਅਤੇ ਪਿਕਾਸੋ ਦੀ ਇੱਕ ਪੇਂਟਿੰਗ ਖਰੀਦੀ। ਅਮਰੀਕਾ ਦਾ ਇਲਜ਼ਾਮ ਹੈ ਕਿ ਚੇਨ ਕੋਲ ਇਸ ਦੇ ਲਈ ਪੈਸਾ ਔਨਲਾਈਨ ਧੋਖਾਧੜੀ, ਮਨੁੱਖੀ ਤਸਕਰੀ ਅਤੇ ਮਨੀ ਲਾਂਡਰਿੰਗ ਰਾਹੀਂ ਆਇਆ। ਅਮਰੀਕਾ ਅਤੇ ਯੂਕੇ ਨੇ ਚੇਨ ਜ਼ੀ ਅਤੇ ਪ੍ਰਿੰਸ ਗਰੁੱਪ ਨਾਲ ਜੁੜੀਆਂ 128 ਕੰਪਨੀਆਂ ਅਤੇ ਸੱਤ ਵੱਖ-ਵੱਖ ਦੇਸ਼ਾਂ ਦੇ 17 ਵਿਅਕਤੀਆਂ 'ਤੇ ਪਾਬੰਦੀਆਂ ਲਗਾਈਆਂ ਹਨ, ਜਿਨ੍ਹਾਂ 'ਤੇ ਚੇਨ ਜ਼ੀ ਦੇ ਘੁਟਾਲੇ ਦੇ ਸਾਮਰਾਜ ਨੂੰ ਚਲਾਉਣ ਵਿੱਚ ਮਦਦ ਕਰਨ ਦਾ ਇਲਜ਼ਾਮ ਹੈ। ਅਮਰੀਕਾ ਅਤੇ ਯੂਕੇ ਵਿੱਚ ਚੇਨ ਜ਼ੀ ਨਾਲ ਜੁੜੀਆਂ ਜਾਇਦਾਦਾਂ ਨੂੰ ਹੁਣ ਜ਼ਬਤ ਕਰ ਲਿਆ ਗਿਆ ਹੈ। ਪਾਬੰਦੀਆਂ ਦੇ ਐਲਾਨ ਵਿੱਚ ਸ਼ੈੱਲ ਕੰਪਨੀਆਂ ਅਤੇ ਕ੍ਰਿਪਟੋਕਰੰਸੀ ਵਾਲੇਟਸ ਦੇ ਇੱਕ ਵਿਸਤ੍ਰਿਤ ਜਾਲ਼ ਦੀ ਗੱਲ ਕਹੀ ਗਈ ਹੈ। ਜਿਨ੍ਹਾਂ ਦੀ ਵਰਤੋਂ ਪੈਸੇ ਦੇ ਮੂਲ ਸਰੋਤ ਨੂੰ ਛੁਪਾਉਣ ਲਈ ਫੰਡ ਟ੍ਰਾਂਸਫਰ ਕਰਨ ਲਈ ਕੀਤੀ ਗਈ ਸੀ। ਪਾਬੰਦੀਆਂ ਲਗਾਉਣ ਦੇ ਆਦੇਸ਼ ਵਿੱਚ ਕਿਹਾ ਗਿਆ ਹੈ, "ਪ੍ਰਿੰਸ ਗਰੁੱਪ ਦਾ ਟ੍ਰਾਂਸਨੈਸ਼ਨਲ ਕ੍ਰਾਈਮ ਆਰਗੇਨਾਈਜ਼ੇਸ਼ਨ ਕਈ ਤਰ੍ਹਾਂ ਦੇ ਅੰਤਰਰਾਸ਼ਟਰੀ ਅਪਰਾਧਾਂ ਰਾਹੀਂ ਪੈਸੇ ਕਮਾਉਂਦਾ ਹੈ। ਇਨ੍ਹਾਂ ਵਿੱਚ ਸੈਕਸਟੋਰਸ਼ਨ, ਮਨੀ ਲਾਂਡਰਿੰਗ, ਧੋਖਾਧੜੀ ਅਤੇ ਗੈਰ-ਕਾਨੂੰਨੀ ਔਨਲਾਈਨ ਜੂਆ ਸ਼ਾਮਲ ਹੈ। ਨਾਲ ਹੀ ਇਹ ਸਮੂਹ ਕੰਬੋਡੀਆ ਵਿੱਚ ਘੱਟੋ-ਘੱਟ 10 ਘੁਟਾਲੇ ਵਾਲੇ ਟਿਕਾਣਿਆਂ ਦੇ ਸੰਚਾਲਨ ਨੂੰ ਅੱਗੇ ਵਧਾਉਣ ਲਈ ਗੁਲਾਮ ਬਣਾਏ ਗਏ ਮਜ਼ਦੂਰਾਂ ਦੀ ਉਦਯੋਗਿਕ ਪੱਧਰ 'ਤੇ ਤਸਕਰੀ, ਤਸ਼ੱਦਦ ਅਤੇ ਜਬਰੀ ਵਸੂਲੀ ਵਿੱਚ ਵੀ ਸ਼ਾਮਲ ਹੈ।"

**'ਘੁਟਾਲਿਆਂ ਦਾ ਸਾਮਰਾਜ'**

ਚੀਨ ਵੀ ਘੱਟੋ-ਘੱਟ ਸਾਲ 2020 ਤੋਂ ਪ੍ਰਿੰਸ ਗਰੁੱਪ ਦੀ ਜਾਂਚ ਕਰ ਰਿਹਾ ਹੈ। ਕੰਪਨੀ ਦੇ ਖਿਲਾਫ ਕਈ ਅਦਾਲਤੀ ਕੇਸ ਦਾਇਰ ਕੀਤੇ ਗਏ ਹਨ, ਜਿਨ੍ਹਾਂ ਵਿੱਚ ਔਨਲਾਈਨ ਧੋਖਾਧੜੀ ਯੋਜਨਾਵਾਂ ਚਲਾਉਣ ਦਾ ਇਲਜ਼ਾਮ ਲਗਾਇਆ ਗਿਆ ਹੈ।

ਬੀਜਿੰਗ ਮਿਊਂਸੀਪਲ ਪਬਲਿਕ ਸਿਕਿ ਰਿਟੀ ਬਿਊਰੋ ਨੇ ਕੰਬੋਡੀਆ ਵਿੱਚ ਸਥਿਤ ਇੱਕ ਪ੍ਰਮੁੱਖ ਅੰਤਰ-ਰਾਸ਼ਟਰੀ ਔਨਲਾਈਨ ਜੂਆ ਸਿੰਡੀਕੇਟ, ਪ੍ਰਿੰਸ ਗਰੁੱਪ ਦੀ ਜਾਂਚ ਲਈ ਇੱਕ ਟਾਸਕ ਫੋਰਸ ਬਣਾਈ ਹੈ। ਅਮਰੀਕਾ ਅਤੇ ਯੂਕੇ ਦਾ ਇਲਜ਼ਾਮ ਹੈ ਕਿ ਇਸ ਦੇ ਕੇਂਦਰ ਵਿੱਚ 'ਗੋਲਡਨ ਫਾਰਚੂਨ ਸਾਇੰਸ ਐਂਡ ਟੈਕਨਾਲੋਜੀ ਪਾਰਕ' ਵਰਗੇ ਕਾਰੋਬਾਰ ਸਨ, ਜੋ ਕਿ ਵੀਅਤਨਾਮੀ ਸਰਹੱਦ ਦੇ ਨੇੜੇ ਕ੍ਰੋਥਾਮ ਵਿੱਚ ਪ੍ਰਿੰਸ ਗਰੁੱਪ ਦੁਆਰਾ ਬਣਾਇਆ ਗਿਆ ਇੱਕ ਪਰਿਸਰ ਹੈ। ਅਤੀਤ ਵਿੱਚ ਪ੍ਰਿੰਸ ਗਰੁੱਪ ਨੇ ਘੁਟਾਲਿਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਸ਼ਮੂਲੀਅਤ ਤੋਂ ਇਨਕਾਰ ਕੀਤਾ ਸੀ ਅਤੇ ਕਿਹਾ ਸੀ ਕਿ ਇਸ ਦਾ ਹੁਣ ਗੋਲਡਨ ਫਾਰਚੂਨ ਨਾਲ ਕੋਈ ਸਬੰਧ ਨਹੀਂ ਹੈ। ਹਾਲਾਂਕਿ, ਯੂਐਸ ਅਤੇ ਯੂਕੇ ਦੇ ਜਾਂਚਕਰਤਾਵਾਂ ਦਾ ਕਹਿਣਾ ਹੈ ਕਿ ਉਨ੍ਹਾਂ ਵਿਚਕਾਰ ਅਜੇ ਵੀ ਸਪਸ਼ਟ ਵਪਾਰਕ ਸਬੰਧ ਹਨ। ਪੱਤਰਕਾਰ ਐਡਮੋਵਿਚ ਡੇਵਿਸ ਨੇ ਚੇਨ ਜ਼ੀ ਮਾਮਲੇ ਦੀ ਜਾਂਚ ਕਰਨ ਲਈ ਗੋਲਡਨ ਫਾਰਚੂਨ ਦੇ ਨੇੜੇ-ਤੇੜੇ ਰਹਿਣ ਵਾਲੇ ਅਤੇ ਕੰਮ ਕਰਨ ਵਾਲੇ ਕਈ ਲੋਕਾਂ ਦੇ ਇੰਟਰਵਿਊ ਲਏ ਹਨ। ਉਨ੍ਹਾਂ ਨੇ ਦੱਸਿਆ ਕਿ ਇਸ ਪਰਿਸਰ ਤੋਂ ਭੱਜਣ ਦੀ ਕੋਸ਼ਿਸ਼ ਕਰਨ ਵਾਲੇ ਚੀਨੀ, ਵੀਅਤਨਾਮੀ ਅਤੇ ਮਲੇਸ਼ੀਅਨ ਲੋਕਾਂ ਨੂੰ ਬੇਰਹਿਮੀ ਨਾਲ ਕੁੱਟਿਆ ਗਿਆ। ਇਨ੍ਹਾਂ ਲੋਕਾਂ ਨੂੰ ਔਨਲਾਈਨ ਘੁਟਾਲੇ ਕਰਨ ਲਈ ਮਜਬੂਰ ਕੀਤਾ ਗਿਆ। ਐਡਮੋਵਿਚ ਡੇਵਿਸ ਕਹਿੰਦੇ ਹਨ, "ਮੈਨੂੰ ਲੱਗਦਾ ਹੈ ਕਿ ਚੇਨ ਜ਼ੀ ਆਪਣਾ ਕਾਰੋਬਾਰ ਵੱਡੇ ਪੱਧਰ 'ਤੇ ਚਲਾਉਂਦੇ ਹਨ। ਬਹੁਤ ਸਾਰੇ ਲੋਕਾਂ ਲਈ ਇਹ ਗੱਲ ਅਸਹਿਜ ਕਰਨ ਵਾਲੀ ਹੋਣੀ ਚਾਹੀਦੀ ਹੈ ਕਿ ਚੇਨ ਜ਼ੀ ਨੂੰ ਸਿੰਗਾਪੁਰ, ਲੰਦਨ ਜਾਂ ਅਮਰੀਕਾ ਵਿੱਚ ਇਹ ਸਾਰੀਆਂ ਜਾਇਦਾਦਾਂ ਕਦੇ ਵੀ ਹਾਸਲ ਨਹੀਂ ਕਰਨੀਆਂ ਚਾਹੀਦੀਆਂ ਸਨ। ਵਕੀਲਾਂ, ਅਕਾਊਂਟੈਂਟਾਂ, ਰੀਅਲ ਅਸਟੇਟ ਏਜੰਟਾਂ, ਬੈਂਕਰਾਂ, ਸਾਰਿਆਂ ਨੂੰ ਇਸ ਸਮੂਹ ਨੂੰ ਦੇਖ ਕੇ ਕਹਿਣਾ ਚਾਹੀਦਾ ਸੀ ਕਿ 'ਰੁਕੋ, ਇਹ ਠੀਕ ਨਹੀਂ ਹੈ'। ਪਰ ਕਿਸੇ ਨੇ ਉਨ੍ਹਾਂ ਨੂੰ ਨਹੀਂ ਰੋਕਿਆ।" ਹੁਣ, ਅਮਰੀਕਾ ਅਤੇ ਯੂਕੇ ਦੀਆਂ ਪਾਬੰਦੀਆਂ ਤੋਂ ਬਾਅਦ ਹਰ ਕੋਈ ਪ੍ਰਿੰਸ ਸਮੂਹ ਤੋਂ ਆਪਣੇ ਆਪ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਕੰਬੋਡੀਅਨ ਸੈਂਟਰਲ ਬੈਂਕ ਨੇ ਇੱਕ ਬਿਆਨ ਜਾਰੀ ਕੀਤਾ ਹੈ ਜਿਸ ਵਿੱਚ ਭਰੋਸਾ ਦਿੱਤਾ ਗਿਆ ਹੈ ਕਿ ਲੋਕ ਪ੍ਰਿੰਸ ਬੈਂਕ ਤੋਂ ਆਪਣੇ ਪੈਸੇ ਕਢਵਾ ਸਕਣਗੇ। ਦੱਖਣੀ ਕੋਰੀਆ ਦੇ ਅਧਿਕਾਰੀਆਂ ਨੇ ਕੋਰੀਆਈ ਬੈਂਕਾਂ ਵਿੱਚ ਜਮ੍ਹਾਂ 64 ਮਿਲੀਅਨ ਡਾਲਰ ਦੀ ਰਕਮ ਜ਼ਬਤ ਕਰ ਲਈ ਹੈ। ਸਿੰਗਾਪੁਰ ਅਤੇ ਥਾਈਲੈਂਡ ਆਪਣੇ ਅਧਿਕਾਰ ਖੇਤਰਾਂ ਵਿੱਚ ਪ੍ਰਿੰਸ ਦੀਆਂ ਸਹਾਇਕ ਕੰਪਨੀਆਂ ਦੀ ਜਾਂਚ ਕਰਨ ਦਾ ਵਾਅਦਾ ਕਰ ਰਹੇ ਹਨ। ਜਿਨ੍ਹਾਂ 18 ਲੋਕਾਂ 'ਤੇ ਅਮਰੀਕਾ ਅਤੇ ਯੂਕੇ ਦੀ ਨਜ਼ਰ ਹੈ, ਉਨ੍ਹਾਂ ਵਿੱਚੋਂ 3 ਸਿੰਗਾਪੁਰ ਦੇ ਹਨ। ਕੰਬੋਡੀਆ ਨੇ ਅਮਰੀਕਾ ਅਤੇ ਯੂਕੇ ਦੇ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਹੈ ਕਿ ਉਨ੍ਹਾਂ ਕੋਲ ਆਪਣੇ ਇਲਜ਼ਾਮਾਂ ਦਾ ਸਮਰਥਨ ਕਰਨ ਲਈ ਕਾਫ਼ੀ ਸਬੂਤ ਹਨ। ਪਰ ਇੰਨੇ ਲੰਬੇ ਸਮੇਂ ਤੱਕ ਚੇਨ ਜ਼ੀ ਦੇ ਇੰਨੇ ਨੇੜੇ ਰਹਿਣ ਤੋਂ ਬਾਅਦ, ਕੰਬੋਡੀਆ ਦੇ ਸੱਤਾਧਾਰੀ ਵਰਗ ਲਈ ਉਨ੍ਹਾਂ ਤੋਂ ਆਪਣੇ ਆਪ ਨੂੰ ਦੂਰ ਕਰਨਾ ਮੁਸ਼ਕਲ ਹੋਵੇਗਾ। ਕੰਬੋਡੀਆ ਪਹਿਲਾਂ ਹੀ ਘੁਟਾਲੇ ਦੇ ਕਾਰੋਬਾਰਾਂ ਪ੍ਰਤੀ ਆਪਣੀ ਸਹਿਣਸ਼ੀਲਤਾ ਨੂੰ ਲੈ ਕੇ ਵਧਦੇ ਦਬਾਅ ਦਾ ਸਾਹਮਣਾ ਕਰ ਰਿਹਾ ਸੀ। ਪਿਛਲੇ ਹਫ਼ਤੇ ਪਾਬੰਦੀਆਂ ਦਾ ਐਲਾਨ ਦੇ ਐਲਾਨ ਤੋਂ ਮਗਰੋਂ ਉਨ੍ਹਾਂ ਬਾਰੇ ਕੁਝ ਵੀ ਸੁਣਿਆ ਜਾਂ ਦੇਖਿਆ ਨਹੀਂ ਗਿਆ ਹੈ। ਕਦੇ ਕੰਬੋਡੀਆ ਦੇ ਸਭ ਤੋਂ ਸ਼ਕਤੀਸ਼ਾਲੀ ਵਿਅਕਤੀਆਂ ਵਿੱਚੋਂ ਇੱਕ ਇਹ ਰਹੱਸਮਈ ਉਦਯੋਗਪਤੀ ਹੁਣ ਗਾਇਬ ਹੋ ਗਿਆ ਹੈ।

TANVIR Tour & Travels FRESNO
(559) 803-0055
Where journey don't cost the world
Cheap Fares For Airline Tickets all around the world
Best Deals to India England, Pakistan, Canada and Europe
Our Services
* Cheap Fares For Airline Tickets all around the world
* Best Deals to India, England, Pakistan, Canada and Europe
* Apply for USA Citizenship
* Indian Passport renewal and Visa
* OCI Card and Renunciation
* Family Petition, Work Permit
* Power of Attorney
* Green card renewal
B.R. Joshi, Prop.
5627 N. Figarden Dr. STE 114 Fresno, CA 93722
email: tanvirtravels@gmail.com, www.tanvirtravels.com

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
IRS e-file
TAX-INDIVIDUAL FAMILY, BUSINESS, TRUCKING, BOOKKEEPING ACCOUNTS, PAYROLLS & INCORPORATION, INSURANCE LIFE Only-Agent. NOTARY, REAL ESTATE (SVA), EXPECTING REFUND : GET MONEY BACK FAST!
E.A.
Open 7 Days Weekends/Evenings (Year Round Service) Resonalbe Rates Call for Appointment
CTEC California Tax Education Council Registered Tax Preparer
CALL: R. PAL. SINGH EA- 510-750-3464
EA 00097224, CRTP A44237 Realtor#148514,
Insurance Life- Only Agent #0G76896
39111 Paseo Padre Pkwy , suite 201 C, Fremont, CA 94538
Email:singhrpal@sbeglobal.net Singhtax.com

# ਕੁਦਰਤੀ ਖ਼ੂਬਸੂਰਤੀ ਦਾ ਸੁਮੇਲ ਪੋਰਟਲੈਂਡ ਨੇੜਲਾ ਮਲਟਨੋਮਾ ਝਰਨਾ

ਅਮਰੀਕਾ ਦੀ ਗ੍ਰੀਨ ਸਟੇਟ ਰੇਗਨ ਦੇ ਪ੍ਰਸਿੱਧ ਸ਼ਹਿਰ ਪੋਰਟਲੈਂਡ ਦੇ ਪੂਰਬ ਵਾਲੇ ਪਾਸੇ ਸ਼ਹਿਰ ਤੋਂ ਤੀਹ ਕੁ ਮੀਲ ਦੀ ਦੂਰੀ ’ਤੇ ਮਲਟਨੋਮਾ ਝਰਨਾ ਹੈ, ਜਿਸ ਨੂੰ ਵੇਖਣ ਲਈ ਸਾਲ ਵਿਚ ਦੋ ਮਿਲੀਅਨ ਦੇ ਕਰੀਬ ਲੋਕ ਪਹੁੰਚਦੇ ਹਨ। ਇਸ ਸਟੇਟ ਵਿਚ ਹੋਰ ਵੀ ਬਹੁਤ ਸਾਰੇ ਕੁਦਰਤੀ ਝਰਨੇ ਫੁੱਟਦੇ ਹਨ ਪਰ ਇਹ ਇਸ ਸਟੇਟ ਦਾ ਸਭ ਤੋਂ ਉੱਚਾ ਝਰਨਾ ਹੈ, ਜੋ ਕੁਦਰਤੀ ਤੌਰ ’ਤੇ ਵੱਖਰਾ ਹੀ ਦਿਲਕਸ਼ ਨਜ਼ਾਰਾ ਪੇਸ਼ ਕਰਦਾ ਹੈ। ਇਸ ਝਰਨੇ ਦੀ ਕੁੱਲ ਉਚਾਈ 620 ਫੁੱਟ ਹੈ, ਜਿਸ ਵਿੱਚੋਂ ਉਪਰਲੀ ਪਹਾੜੀ 540 ਫੁੱਟ ਤੇ ਥੱਲੇ ਵਾਲੀ 80 ਫੁੱਟ ਹੈ। ਇਹ ਝਰਨਾ ਦੋ ਭਾਗਾਂ ਵਿਚ ਵੰਡਿਆ ਹੋਣ ਕਰਕੇ ਉਪਰਲੇ



ਹਿੱਸੇ ਦਾ ਆਨੰਦ ਮਾਨਣ ਲਈ ਥੱਲੇ ਵਾਲੇ ਹਿੱਸੇ ’ਤੇ 1914 ਵਿਚ ਇੱਕ ਪੁਲ ਬਣਾਇਆ ਗਿਆ ਸੀ। ਇਸ ਪੁਲ ’ਤੇ ਜ਼ਿਆਦਾਤਰ ਲੋਕ ਫੋਟੋਗ੍ਰਾਫੀ ਕਰਦੇ ਹਨ। ਸਾਲ 1995 ਵਿਚ ਪਹਾੜੀ ਉਪਰੋਂ ਤਕਰੀਬਨ 400 ਟਨ ਦਾ ਇਕ ਪੱਥਰ ਡਿਗਿਆ ਸੀ, ਜੋ ਝਰਨੇ ਦੇ ਉਪਰਲੇ ਭਾਗ ਵਿੱਚ ਹੀ ਰਹਿ ਗਿਆ ਸੀ। ਇਸ ਘਟਨਾ ਵਿਚ ਕੋਈ ਜਾਨੀ ਨੁਕਸਾਨ ਨਹੀਂ ਸੀ ਹੋਇਆ। ਇਹ ਝਰਨਾ ਕੋਲੰਬੀਆ ਨਦੀ ਦੇ ਨਾਲ ਹੀ ਹੈ। ਇਸ ਦੀ ਸਾਂਭ-ਸੰਭਾਲ ਦਾ ਕੰਮ ਜੰਗਲਾਤ ਵਿਭਾਗ ਵੱਲੋਂ ਕੀਤਾ ਜਾਂਦਾ ਹੈ।

ਮੇਰੇ ਡਾਕਟਰ ਪੁੱਤ ਤੇ ਨੂੰਹ ਅੱਜ-ਕੱਲ੍ਹ ਪੋਰਟਲੈਂਡ ਸ਼ਹਿਰ ਦੇ ਹਸਪਤਾਲ ਵਿਚ ਸੇਵਾਵਾਂ ਨਿਭਾਅ ਰਹੇ ਹਨ। ਮੇਰੀ ਪਤਨੀ ਵੀ ਉਨ੍ਹਾਂ ਨਾਲ ਰਹਿ ਕੇ ਪੋਤੇ ਨੂੰ ਸੰਭਾਲਦੀ ਹੀ ਨਹੀਂ ਸਗੋਂ ਪੰਜਾਬੀ ਸਿਖਾ ਕੇ ਉਸ ਦਾ ਮੋਹ ਮਾਂ-ਬੋਲੀ ਨਾਲ ਪੁਆ ਰਹੀ ਹੈ। ਇਸੇ ਕਰਕੇ ਪੋਤਾ ਪੰਜਾਬੀ ਪੂਰੇ ਜਲੌਅ ਨਾਲ ਬੋਲਦਾ ਹੈ। ਕੁਝ ਦਿਨ ਪਹਿਲਾਂ ਮੇਰੀ ਨੂੰਹ ਦੇ ਮਾਤਾ-ਪਿਤਾ ਨੇ ਕੈਲੀਫੋਰਨੀਆ ਦੇ ਸ਼ਹਿਰ ਰੋਜ਼ਵਿਲ ਤੋਂ ਪੋਰਟਲੈਂਡ ਜਾਣ ਦਾ ਪ੍ਰੋਗਰਾਮ ਬਣਾ ਲਿਆ। ਮੈਂ ਅਕਸਰ ਹੀ ਯੂਬਾ ਸਿਟੀ ਤੋਂ ਪੋਰਟਲੈਂਡ ਨੂੰ ਟਰੱਕ ਰਾਹੀਂ ਲੋਡ ਲੈ ਕੇ ਜਾਂਦਾ ਹਾਂ। ਮੈਂ ਉਨ੍ਹਾਂ ਨੂੰ ਟਰੱਕ ਰਾਹੀਂ ਜਾਣ ਦੀ ਤਾਕੀਦ ਕੀਤੀ। ਪਹਿਲਾਂ ਤਾਂ ਉਹ ਘਬਰਾਹਟ ਜਿਹੀ ਵਿਚ ਸਨ ਪਰ ਮੇਰੇ ਜ਼ੋਰ ਪਾਉਣ ’ਤੇ ਉਨ੍ਹਾਂ ਨੇ ਮੇਰੀ ਬੇਨਤੀ ਨੂੰ ਸਵੀਕਾਰ ਕਰ ਲਿਆ। ਯੂਬਾ ਸਿਟੀ ਤੋਂ ਸਵੇਰੇ ਤੁਰ ਕੇ ਸ਼ਾਮ ਤਕ ਪੋਰਟਲੈਂਡ ਜਾਇਆ ਜਾਂਦਾ ਹੈ। ਅਸਲ ਗੱਲ ਇਹ ਸੀ ਕਿ ਉਨ੍ਹਾਂ ਨੇ ਪਹਿਲਾਂ ਕਦੇ ਟਰੱਕ ’ਚ ਬੈਠ ਕੇ ਨਹੀਂ ਸੀ ਵੇਖਿਆ ਪਰ ਜਦੋਂ ਉਹ ਟਰੱਕ ਵਿਚ ਸਵਾਰ ਹੋਏ ਤਾਂ ਬੈਡ ਲੱਗਾ ਵੇਖ ਕੇ ਉਨ੍ਹਾਂ ਦਾ ਚਾਅ ਦੂੱਗਣਾ ਹੋ ਗਿਆ। ਰਸਤੇ ’ਚ ਪੈਂਦੇ ਪਹਾੜਾਂ ਨੂੰ ਵੇਖ ਕੇ ਉਹ ਬੜੇ ਹੀ ਖ਼ੁਸ਼ ਹੋਏ। ਰੁੱਖਾਂ ਨਾਲ ਸ਼ਿੰਗਾਰੇ ਪਹਾੜ ਬਹੁਤ ਹੀ ਮਨਮੋਹਕ ਨਜ਼ਾਰਾ ਪੇਸ਼ ਕਰਦੇ ਹਨ। ਅਸੀਂ ਰਸਤੇ ਵਿਚ ਦੋ-ਤਿੰਨ ਥਾਵਾਂ ’ਤੇ ਖਾਣ-ਪੀਣ ਲਈ ਰੁਕੇ। ਸ਼ਾਮ ਤਕ ਪੋਰਟਲੈਂਡ ਜਾ ਪਹੁੰਚੇ। ਉਨ੍ਹਾਂ ਲਈ ਇਹ ਸਫ਼ਰ ਬੜਾ ਸੁਖਾਵਾਂ ਰਿਹਾ। ਸ਼ਾਮ ਤਕ ਉਨ੍ਹਾਂ ਨੂੰ ਥਕਾਵਟ ਨਾ ਹੋਈ।

ਅਸੀਂ ਪੋਰਟਲੈਂਡ ਤਿੰਨ-ਚਾਰ ਦਿਨ ਰਹਿਣ ਦਾ ਪ੍ਰੋਗਰਾਮ ਬਣਾ ਕੇ ਗਏ ਸੀ, ਜਿਨ੍ਹਾਂ ’ਚੋਂ ਇਕ ਦਿਨ ਮਲਟਨੋਮਾ ਝਰਨਾ ਵੇਖਣ ਜਾਣਾ ਸੀ। ਅਸੀਂ ਸਵੇਰੇ ਦਸ ਕੁ ਵਜੇ



ਹੀ ਘਰੋਂ ਰਵਾਨਾ ਹੋ ਗਏ ਤੇ ਘੰਟੇ ਕੁ ਵਿਚ ਹੀ ਇਸ ਸਥਾਨ ’ਤੇ ਪਹੁੰਚ ਗਏ। ਅਸੀਂ ਇੱਥੇ ਦੋ ਕੁ ਘੰਟੇ ਬਿਤਾਏ। ਵੱਖ-ਵੱਖ ਅੰਦਾਜ਼ ਵਿਚ ਸਾਰਿਆਂ ਨੇ ਫੋਟੋ ਖਿਚਵਾਈਆਂ। ਮੇਰੇ ਢਾਈ ਕੁ ਸਾਲ ਦੇ ਪੋਤੇ ਨੇ ਇਸ ਜਗ੍ਹਾ ’ਤੇ ਸਾਡੇ ਨਾਲੋਂ ਵੀ ਵੱਧ ਮਸਤੀ ਕੀਤੀ। ਇੱਥੇ ਇਕ ਗਿਫ਼ਟ ਸ਼ਾਪ ਹੈ, ਜਿਸ ਦੀ 100ਵੀਂ ਵਰ੍ਹੇਗੰਢ ਵੀ ਇਸ ਸਾਲ ਹੀ ਮਨਾਈ ਜਾ ਰਹੀ ਹੈ। ਇਸ ਝਰਨੇ ਦੇ ਕੋਲ ਹੀ ਰੇਲ ਦੀ ਪੱਟੜੀ ਹੈ। ਸਾਡੇ ਹੁੰਦਿਆਂ ਹੀ ਇੱਥੋਂ ਦੋ ਮਾਲ ਟਰੇਨਾਂ ਲੰਘੀਆਂ, ਜਿਨ੍ਹਾਂ ਦੀ ਲੰਬਾਈ ਦੋ ਮੀਲ ਤੋਂ ਵੀ ਜ਼ਿਆਦਾ ਸੀ। ਜਿਨ੍ਹਾਂ ਨੂੰ ਵੀ ਪੋਰਟਲੈਂਡ ਜਾਣ ਦਾ ਮੌਕਾ ਮਿਲੇ, ਉਹਨਾਂ ਨੂੰ ਇਸ ਝਰਨੇ ਦੇ ਮਨਮੋਹਕ ਨਜ਼ਾਰਿਆਂ ਨੂੰ ਜ਼ਰੂਰ ਵੇਖ ਲੈਣਾ ਚਾਹੀਦਾ ਹੈ। ਨੱਠ-ਭੱਜ ਦੀ ਜ਼ਿੰਦਗੀ ’ਚ ਅਜਿਹੀਆਂ ਥਾਵਾਂ ’ਤੇ ਜਾਣ ਨਾਲ ਮਨ ਨੂੰ ਚੈਨ ਤੇ ਸਕੂਨ ਮਿਲਦਾ ਹੈ।

ਰੇਗਨ ਸਟੇਟ ਵਿਚ ਵਸਤਾਂ ਖ਼ਰੀਦਣ ’ਤੇ ਕੋਈ ਟੈਕਸ ਨਹੀਂ ਲੱਗਦਾ। ਇਹੋ ਕਾਰਨ ਹੈ ਕਿ ਨਾਲ ਲੱਗਦੀਆਂ ਸਟੇਟਾਂ ਦੇ ਕਈ ਲੋਕ ਵੀ ਇੱਥੇ ਸ਼ਾਪਿੰਗ ਕਰਨ ਆਉਂਦੇ ਹਨ। ਇਸੇ ਚਾਅ ’ਚ ਅਸੀਂ ਵੀ ਥੋੜ੍ਹੀ ਜਿਹੀ ਖ਼ਰੀਦਦਾਰੀ ਕੀਤੀ। ਚੌਥੇ-ਪੰਜਵੇਂ ਦਿਨ ਅਸੀਂ ਟਰੱਕ ਰਾਹੀਂ ਵਾਪਸ ਯੂਬਾ ਸਿਟੀ ਆ ਗਏ।

ਰਸਤੇ ਵਿਚ ਦੁਬਾਰਾ ਉਨ੍ਹਾਂ ਹੀ ਦ੍ਰਿਸ਼ਾਂ ਦਾ ਆਨੰਦ ਮਾਣਿਆ, ਜਿਨ੍ਹਾਂ ਦਾ ਜਾਂਦੇ ਵਕਤ ਮਾਣਿਆ ਸੀ। ਮੇਰੀ ਨੂੰਹ ਦੇ ਮਾਤਾ-ਪਿਤਾ ਨੇ ਜਿੱਥੇ ਇਸ ਨਿੱਕੇ ਜਿਹੇ ਟੂਰ ਦੀ ਸ਼ਲਾਘਾ ਕੀਤੀ, ਉੱਥੇ ਮੇਰੇ ਸੇਫ ਟਰੱਕ ਚਲਾਉਣ ਦੇ ਅੰਦਾਜ਼ ਨੂੰ ਵੀ ਖ਼ੂਬ ਸਲਾਹਿਆ।

**– ਜਸਪਾਲ ਸਿੰਘ ਨਾਗਰਾ**

## ਇਹ ਇਕ ਵਿਵਾਦ ਖੜ੍ਹਾ ਕੀਤਾ ਗਿਆ ਹੈ-ਕੰਗਨਾ ਰਣੌਤ ਨੇ ਦਿੱਤੀ ਸਫਾਈ

ਬਠਿੰਡਾ- ਬਾਲੀਵੁੱਡ ਅਦਾਕਾਰਾ ਤੇ ਸੰਸਦ ਮੈਂਬਰ ਕੰਗਨਾ ਰਣੌਤ ਸੋਮਵਾਰ ਨੂੰ ਬਠਿੰਡਾ ਅਦਾਲਤ 'ਚ ਪੇਸ਼ ਹੋਏ। ਪੇਸ਼ੀ ਤੋਂ ਬਾਅਦ ਕੰਗਨਾ ਨੇ ਕਿਹਾ ਕਿ ਉਸ ਦਾ ਮਕਸਦ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ ਨਹੀਂ ਸੀ। ਇਹ ਇਕ ਵਿਵਾਦ ਖੜ੍ਹਾ ਕੀਤਾ ਗਿਆ ਹੈ ਤਾਂ ਜੋ ਉਸ ਦਾ ਪੰਜਾਬ ਵਿਚ ਵਿਰੋਧ ਕੀਤਾ ਜਾ ਸਕੇ।



ਉਸ ਨੇ ਬਜ਼ੁਰਗ ਔਰਤ ਮਹਿੰਦਰ ਕੌਰ ਦੇ ਪਤੀ ਨਾਲ ਵੀ ਗੱਲਬਾਤ ਕੀਤੀ ਹੈ ਅਤੇ ਜੇਕਰ ਕਿਸੇ ਨੂੰ ਕੋਈ ਦੁੱਖ ਪਹੁੰਚਿਆ ਹੈ ਤਾਂ ਉਹ ਇਸ ਲਈ ਉਨ੍ਹਾਂ ਨੂੰ ਪੂਰੀ ਹਮਦਰਦੀ ਹੈ। ਉਸ ਨੇ ਕਿਹਾ ਕਿ ਉਹ ਪੰਜਾਬ ਦੀਆਂ ਔਰਤਾਂ ਦੀ ਇੱਜ਼ਤ ਕਰਦੀ ਹੈ ਤੇ ਕਿਸਾਨ ਅੰਦੋਲਨ ਦੌਰਾਨ ਅਜਿਹੇ ਵਿਵਾਦ ਖੜ੍ਹੇ ਕਰ ਕੇ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹੀ ਗੱਲ ਉਨ੍ਹਾਂ ਮੈਜਿਸਟ੍ਰੇਟ ਨੂੰ ਵੀ ਦੱਸੀ ਹੈ। ਮਾਮਲੇ ਦੀ ਅਗਲੀ ਸੁਣਵਾਈ 24 ਨਵੰਬਰ ਨੂੰ ਹੋਵੇਗੀ। ਜਦੋਂ ਕੰਗਨਾ ਦੇ ਵਕੀਲ ਨਾਲ ਮਾਫ਼ੀ ਮੰਗਣ ਸਬੰਧੀ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਅਜੇ ਮਾਫ਼ੀ ਬਾਰੇ ਕੋਈ ਗੱਲ ਨਹੀਂ ਹੋਈ।






### ਭਾਈ ਵੀਰ ਸਿੰਘ ਜੀ ਦੇ ਜਨਮ ਦਿਨ' ਤੇ ਵਿਸ਼ੇਸ਼

# ਭਾਈ ਵੀਰ ਸਿੰਘ ਜੀ ਦਾ ਪਰਿਵਾਰਕ ਪਿਛੋਕੜ





ਪਰਮਜੀਤ ਸਿੰਘ "ਸੁਚਿੰਤਨ"
97791-24500

ਭਾਈ ਵੀਰ ਸਿੰਘ ਜੀ ਦੇ ਪਰਿਵਾਰਕ ਪਿਛੋਕੜ ਦੀ ਗੱਲ ਕਰੀਏ ਤਾਂ ਪਤਾ ਲਗਦਾ ਹੈ ਕਿ ਆਪ ਜੀ ਦੀਵਾਨ ਕੌੜਾ ਮੱਲ ਜੀ ਦੀ ਨੌਵੀਂ ਬੰਸ ਵਿੱਚੋਂ ਸਨ। ਦੀਵਾਨ ਕੌੜਾ ਮੱਲ ਜੀ ਦਾ ਜਨਮ ਸੰਨ ੧੭੧੦ ਈ। ' ਚ ਹੋਇਆ ਸੀ। ਮੁੱਢਲੀ ਵਿੱਦਿਆ ਹਾਸਲ ਕਰਕੇ ਤੇ ਫ਼ਾਰਸੀ ਭਾਸ਼ਾ ਦਾ ਗਿਆਨ ਹਾਸਲ ਕਰਕੇ, ਆਪ ਜੀ ਨੇ ਮੁਗ਼ਲ ਫ਼ੌਜ ' ਚ ਨੌਕਰੀ ਕਰਨੀ ਸ਼ੁਰੂ ਕਰ ਦਿੱਤੀ। ਸੰਨ ੧੭੪੯ ਈ। ' ਚ, ਮੀਰ ਮੰਨੂ ਨੂੰ ਲਾਹੌਰ ਤੇ ਮੁਲਤਾਨ ਦਾ ਸੂਬੇਦਾਰ ਥਾਪਿਆ ਗਿਆ। ਮੀਰ ਮੰਨੂ ਨੇ ਗੱਦੀ ' ਤੇ ਬੈਠਦਿਆਂ ਹੀ ਦੀਵਾਨ ਲਖਪਤ ਰਾਇ ਨੂੰ ਕੈਦ ਕਰਕੇ, ਕੌੜਾ ਮੱਲ ਨੂੰ ਆਪਣਾ ਨਾਇਬ ਮੁਕੱਰਰ ਕਰ ਦਿੱਤਾ। ਇੰਝ ਕੌੜਾ ਮੱਲ ਜੀ ਸਿਪਾਹੀ ਦੀ ਹੈਸੀਅਤ ' ਚ ਭਰਤੀ ਹੋ ਕੇ, ਲਾਹੌਰ ਸੂਬੇ ਦੇ ਦੀਵਾਨ ਦੇ ਅਹੁਦੇ ਤੱਕ ਪਹੁੰਚੇ। ਇਹ ਉਹੀ ਸਮਾਂ ਸੀ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ, ਸਿੱਖ ਬਿਖੜੇ ਸਮੇਂ ' ਚੋਂ ਲੰਘ ਰਹੇ ਸਨ। ਦੀਵਾਨ ਕੌੜਾ ਮੱਲ ਜੀ ਉਹ ਸ਼ਖ਼ਸੀਅਤ ਹੋਏ ਹਨ, ਜਿੰਨ੍ਹਾਂ ਨੇ ਮੁਗ਼ਲ ਸਲਤਨਤ ਦੇ ਰਾਜ ਵਿੱਚ, ਦੀਵਾਨ ਦੇ ਅਹੁਦੇ ' ਤੇ ਰਹਿੰਦਿਆਂ ਹੋਇਆਂ, ਉਸ ਬਿਖੜੇ ਸਮੇਂ ਦੌਰਾਨ, ਕਈ ਮੌਕਿਆਂ ' ਤੇ ਸਿੱਖਾਂ ਦਾ ਸਾਥ ਦਿੱਤਾ ਤੇ ਸਿੱਖਾਂ ਦੀ ਮਦਦ ਕੀਤੀ। ਇਤਿਹਾਸਕਾਰ ਲਿਖਦੇ ਹਨ ਕਿ ਅਗਰ ਇਸ ਬਿਖੜੇ ਸਮੇਂ ' ਚ ਦੀਵਾਨ ਕੌੜਾ ਮੱਲ ਜੀ ਸਿੱਖਾਂ ਦਾ ਸਾਥ ਨਾ ਦਿੰਦੇ ਤੇ ਸਿੱਖਾਂ ਦੀ ਮਦਦ ਨਾ ਕਰਦੇ ਤਾਂ ਸਿੱਖਾਂ ਦੀ ਭਾਰੀ ਤਬਾਹੀ ਹੋਣੀ ਸੀ। ਬਿਖੜੇ ਸਮੇਂ ਦੌਰਾਨ, ਦੀਵਾਨ ਕੌੜਾ ਮੱਲ ਜੀ ਦੁਆਰਾ ਕੀਤੀਆਂ ਗਈਆਂ ਸੇਵਾਵਾਂ ਕਾਰਨ, ਉਹਨਾਂ ਨੂੰ ਖ਼ਾਲਸੇ ਵੱਲੋਂ "ਮਿੱਠਾ ਮੱਲ"ਦਾ ਖ਼ਿਤਾਬ ਦਿੱਤਾ ਗਿਆ ਸੀ। ਮਿਤੀ ੬ ਮਾਰਚ ਸੰਨ ੧੭੫੨ ਈ। ਨੂੰ, ਅਹਿਮਦ ਸ਼ਾਹ ਅਬਦਾਲੀ ਦੀ ਫੌਜ਼ ਨਾਲ ਜੰਗ ਲੜਦਿਆਂ ਹੋਇਆਂ, ਆਪ ਜੀ ਸ਼ਹੀਦ ਹੋ ਗਏ।

**ਬਾਬਾ ਕਾਹਨ ਸਿੰਘ ਜੀ (ਭਾਈ ਵੀਰ ਸਿੰਘ ਜੀ ਦੇ ਦਾਦਾ ਜੀ):**

ਦੀਵਾਨ ਕੌੜਾ ਮੱਲ ਜੀ ਦੀ ਬੰਸ ਵਿਚੋਂ ਹੀ ਬਾਬਾ ਕਾਹਨ ਸਿੰਘ ਜੀ ਹੋਏ ਹਨ। ਆਪ ਜੀ ਦਾ ਜਨਮ ਸੰਨ ੧੭੮੮ ਈ। ' ਚ ਜ਼ਿਲ੍ਹਾ ਜਿਹਲਮ (ਪਾਕਿਸਤਾਨ) ' ਚ ਹੋਇਆ ਸੀ। ਆਪ ਜੀ ਦਾ ਜਨਮ ਸੰਨ ੧੭੮੮ ਈ। ' ਚ ਚੌਧਰੀ ਰਾਮ ਚੰਦ ਜੀ ਦੇ ਗ੍ਰਿਹ ਵਿਖੇ ਹੋਇਆ ਸੀ। ਚੌਧਰੀ ਰਾਮ ਚੰਦ ਜੀ ਸੰਤਾਂ - ਮਹਾਂਪੁਰਖਾਂ ਦੇ ਸਤਿਸੰਗੀ ਸਨ। ਆਪ ਜੀ ਨੇ ਇੱਕ ਵਾਰ ਸੰਤਾਂ - ਮਹਾਂਪੁਰਖਾਂ ਨੂੰ ਇਹ ਬਚਨ ਦੇ ਦਿੱਤਾ ਕਿ ਜੇ ਆਪ ਜੀ ਦੇ ਗ੍ਰਿਹ ਵਿਖੇ ਪੁੱਤਰ ਹੋਇਆ ਤਾਂ ਉਸਨੂੰ ਉਹ ਸਿੱਖ ਸਜਾ ਦੇਣਗੇ। ਇੰਝ ਜਦੋਂ ਚੌਧਰੀ ਰਾਮ ਚੰਦ ਜੀ ਦੇ ਗ੍ਰਿਹ ਵਿਖੇ ਬਾਬਾ ਕਾਹਨ ਸਿੰਘ ਜੀ ਦਾ ਜਨਮ ਹੋਇਆ ਤਾਂ ਸੰਤਾਂ - ਮਹਾਂਪੁਰਖਾਂ ਨੂੰ ਦਿੱਤੇ ਬਚਨ ਦੀ ਪਾਲਣਾ ਕਰਦਿਆਂ ਹੋਇਆਂ, ਆਪ ਜੀ ਨੇ ਬਾਬਾ ਕਾਹਨ ਸਿੰਘ ਜੀ ਨੂੰ ਸਿੱਖ ਸਜਾ ਦਿੱਤਾ। ਬਾਬਾ ਕਾਹਨ ਸਿੰਘ ਜੀ ਬਚਪਨ ਤੋਂ ਹੀ ਸੰਤ-ਸੁਭਾਅ ਵਾਲੇ ਅਤੇ ਤਿਆਗ ਤੇ ਵੈਰਾਗ ਦੀ ਮੂਰਤ ਸਨ।

ਬਾਬਾ ਕਾਹਨ ਸਿੰਘ ਜੀ ਨੇ ਭਾਈ ਗੁਰਬਖ਼ਸ਼ ਸਿੰਘ ਜੀ ਪਾਸੋਂ ਅੱਖਰ ਬੋਧ ਪ੍ਰਾਪਤ ਕੀਤਾ। ਫਿਰ, ਭਾਈ ਗੁਰਬਖ਼ਸ਼ ਸਿੰਘ ਜੀ ਨੇ ਹੀ ਭਾਈ ਕਾਹਨ ਸਿੰਘ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨੀਂ ਲਾਇਆ। ਭਾਈ ਕਾਹਨ ਸਿੰਘ ਜੀ ਬਹੁਤ ਸ਼ੁਧ ਤੇ ਰਸੀਲੀ ਆਵਾਜ਼ ' ਚ ਪਾਠ ਕਰਦੇ ਹੁੰਦੇ ਸਨ। ਆਪ ਜੀ ਸੰਤ ਬਹਾਦਰ ਸ਼ਾਹ ਦੇ ਕਹਿਣ ' ਤੇ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਆਏ। ਇੱਥੇ ਆ ਕੇ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਕੀਤੇ ਤਾਂ ਇੱਥੋਂ ਦੇ ਹੀ ਹੋ ਕੇ ਰਹਿ ਗਏ।

ਬਾਬਾ ਕਾਹਨ ਸਿੰਘ ਜੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਕੁਝ ਸਾਲ ਟਿਕੇ ਰਹੇ, ਫਿਰ, ਵੱਖ-ਵੱਖ ਥਾਵਾਂ ' ਤੇ ਵਿਚਰਨ ਲੱਗੇ। ਇੱਕ ਵਾਰ ਆਪ ਜੀ ਕਿਸੇ ਨਾਲ ਕੁੰਭ ਦੇ ਮੇਲੇ 'ਤੇ ਹਰਿਦੁਆਰ ਚਲੇ ਗਏ। ਫਿਰ, ਉਥੋਂ ਅੱਗੇ ਜੰਗਲਾਂ ' ਚ ਤੇ ਪਰਬਤਾਂ ' ਤੇ ਵਿਚਰਦੇ ਰਹੇ ਅਤੇ ਦੇਸ਼ਾਟਨ (ਵੱਖ-ਵੱਖ ਥਾਵਾਂ ' ਤੇ ਭ੍ਰਮਣ) ਕਰਦੇ ਰਹੇ। ਆਪ ਜੀ ਨੇ ਜੰਗਲਾਂ 'ਚ ਤੇ ਪਰਬਤਾਂ ' ਤੇ ਜਾ ਕੇ ਇਕਾਂਤ ਅਸਥਾਨਾਂ ' ਤੇ ਬਹੁਤ ਭਜਨ-ਬੰਦਗੀ ਕੀਤੀ। ਅਖ਼ੀਰ, ਫਿਰ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਆ ਕੇ ਟਿਕ ਗਏ। ਹੌਲੀ-ਹੌਲੀ ਆਪ ਜੀ ਦਾ ਪਰਿਵਾਰ ਵੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਆ ਗਿਆ। ਆਪ ਜੀ ਨੇ ਕਟੜਾ ਗਰਬਾ ਸਿੰਘ ਵਿਖੇ ਆਪਣੀ ਰਿਹਾਇਸ਼ ਦਾ ਪ੍ਰਬੰਧ ਕਰ ਲਿਆ। ਬਾਬਾ ਕਾਹਨ ਸਿੰਘ ਜੀ ਕਵੀ ਵੀ ਸਨ ਅਤੇ ਹਕੀਮੀ ਵੀ ਕਰਦੇ ਸਨ, ਜਿਸ ਕਾਰਨ ਆਪ ਜੀ ਦਾ ਸਮਾਜ ' ਚ ਚੰਗਾ ਰੁਤਬਾ ਬਣ ਗਿਆ ਸੀ। ਆਪ ਜੀ ਗੁਰਬਾਣੀ ਦੇ ਪ੍ਰੇਮੀ ਤੇ ਨਾਮ ਰਸੀਏ ਸਨ। ਆਪ ਜੀ ਸੰਸਕ੍ਰਿਤ ਤੇ ਬ੍ਰਿਜ ਭਾਸ਼ਾ ਦੇ ਵਿਦਵਾਨ ਸਨ। ਆਪ ਜੀ ਆਪਣੇ ਸਮੇਂ ਦੇ ਉੱਘੇ ਵੈਦ ਤੇ ਹਕੀਮ ਮੰਨੇ ਜਾਂਦੇ ਸਨ।

ਬਾਬਾ ਕਾਹਨ ਸਿੰਘ ਜੀ ਚਾਲ੍ਹੀ ਸਾਲਾਂ ਦੇ ਹੋ ਗਏ ਸਨ। ਪਰ, ਆਪ ਜੀ ਗ੍ਰਿਹਸਥ ਨਹੀਂ ਧਾਰਨ ਕਰਨਾ ਚਾਹੁੰਦੇ ਸਨ। ਪਰ, ਮਾਤਾ ਜੀ ਦੇ ਵਾਰ-ਵਾਰ ਕਹਿਣ ' ਤੇ, ਬਾਬਾ ਜੀ ਵਿਆਹ ਕਰਵਾਉਣ ਲਈ ਤਿਆਰ ਹੋ ਗਏ। ਵਿਆਹ ਤੋਂ ਬਾਅਦ, ਬਾਬਾ ਕਾਹਨ ਸਿੰਘ ਜੀ ਦੇ ਗ੍ਰਿਹ ਵਿਖੇ ਤਿੰਨ ਸਪੁੱਤਰਾਂ ਤੇ ਚਾਰ ਸਪੁੱਤਰੀਆਂ ਨੇ ਜਨਮ ਲਿਆ, ਜਿੰਨ੍ਹਾਂ ਵਿੱਚੋਂ ਸਭ ਤੋਂ ਛੋਟੇ ਸ। ਚਰਨ ਸਿੰਘ ਜੀ (ਭਾਈ ਵੀਰ ਸਿੰਘ ਜੀ ਦੇ ਪਿਤਾ ਜੀ) ਸਨ। ਬਾਬਾ ਕਾਹਨ ਸਿੰਘ ਜੀ ਲਗਭਗ 90 ਸਾਲਾਂ ਦੀ ਉਮਰ ' ਚ, ਮਈ ਸੰਨ ੧੮੭੮ ' ਚ, ਅਕਾਲ ਚਲਾਣਾ ਕਰ ਗਏ। ਉਦੋਂ ਭਾਈ ਵੀਰ ਸਿੰਘ ਜੀ ਦੀ ਉਮਰ ਲਗਭਗ ਸਾਢੇ ਪੰਜ ਸਾਲ ਦੀ ਹੀ ਸੀ।

**ਗਿਆਨੀ ਹਜ਼ਾਰਾ ਸਿੰਘ ਜੀ (ਭਾਈ ਵੀਰ ਸਿੰਘ ਜੀ ਦੇ ਨਾਨਾ ਜੀ):**

ਭਾਈ ਵੀਰ ਸਿੰਘ ਜੀ ਦੇ ਨਾਨਾ ਜੀ (ਗਿਆਨੀ ਹਜ਼ਾਰਾ ਸਿੰਘ ਜੀ) ਸ੍ਰੀ ਅੰਮ੍ਰਿਤਸਰ ਸਾਹਿਬ ਦੇ ਕਟੜਾ ਘਨ੍ਹਈਆ ਜੀ ਵਿਖੇ ਰਹਿੰਦੇ ਸਨ। ਆਪ ਜੀ ਪੰਜਾਬੀ, ਹਿੰਦੀ, ਬ੍ਰਿਜ ਤੇ ਫ਼ਾਰਸੀ ਭਾਸ਼ਾਵਾਂ ਦੇ ਗਿਆਤਾ ਹੋਣ ਦੇ ਨਾਲ-ਨਾਲ ਸੰਸਕ੍ਰਿਤ ਭਾਸ਼ਾ ਦੇ ਵੀ ਚੰਗੇ ਵਿਦਵਾਨ ਸਨ। ਇਸੇ ਕਰਕੇ, ਆਪ ਜੀ ਨੂੰ ਪੰਡਿਤ, ਗਿਆਨੀ ਹਜ਼ਾਰਾ ਸਿੰਘ ਜੀ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਸੀ। ਆਪ ਜੀ "ਸਿੰਘ ਸਭਾ ਲਹਿਰ"ਦੇ ਸਮਰਥਕ ਤੇ ਮੁਖੀਆਂ ਵਿੱਚੋਂ ਸਨ। ਜਦੋਂ "ਖ਼ਾਲਸਾ ਦੀਵਾਨ"ਸ੍ਰੀ ਅੰਮ੍ਰਿਤਸਰ ਸਾਹਿਬ ਬਣਿਆ ਤਾਂ ਆਪ ਜੀ ਇਸ ਦੀਵਾਨ ਦੇ ਪੰਜ ਸਕੱਤਰਾਂ ਵਿੱਚੋਂ ਇੱਕ ਸਨ।

ਸਿੰਘ ਸਭਾ ਲਹਿਰ ਚੱਲੀ ਤਾਂ ਸਭਾ ਦੁਆਰਾ ਪ੍ਰਚਾਰ ਕਰਨ ਸਦਕਾ, ਵਿੱਦਿਆ ਵਿਭਾਗ ਪੰਜਾਬ ਨੇ ਸਕੂਲਾਂ ਵਿੱਚ ਪੰਜਾਬੀ ਦੀ ਪੜ੍ਹਾਈ ਕਰਵਾਉਣੀ ਪ੍ਰਵਾਨ ਕਰ ਲਈ। ਪਰ, ਸਕੂਲਾਂ ' ਚ ਪੰਜਾਬੀ ਦੀ ਪੜ੍ਹਾਈ ਕਰਵਾਉਣ ਲਈ, ਪਾਠ ਪੁਸਤਕਾਂ ਤਿਆਰ ਨਹੀਂ ਸਨ। ਉਹਨਾਂ ਦਿਨਾਂ 'ਚ ਗਿਆਨੀ ਹਜ਼ਾਰਾ ਸਿੰਘ ਜੀ ਲੜਕੀਆਂ ਦੇ ਸਕੂਲਾਂ ਦੇ ਇੰਸਪੈਕਟਰ ਵਜੋਂ ਕੰਮ ਕਰਦੇ ਸਨ। ਇਸ ਲਈ ਇਸ ਮਹਿਕਮੇ ਨੇ ਆਪ ਜੀ ਨੂੰ ਬੱਚਿਆਂ ਲਈ ਉਰਦੂ ਭਾਸ਼ਾ 'ਚ ਲਿੱਖੀਆਂ ਪੁਸਤਕਾਂ ਦਾ, ਪੰਜਾਬੀ ਭਾਸ਼ਾ 'ਚ ਉਲਥਾ ਕਰਕੇ, ਪਾਠ-ਪੁਸਤਕਾਂ ਤਿਆਰ ਕਰਨ ਲਈ ਕਿਹਾ। ਆਪ ਜੀ ਨੇ ਤਕਰੀਬਨ ਸਾਰੇ ਕੋਰਸਾਂ ਦੀ ਦੀਆਂ ਪਾਠ-ਪੁਸਤਕਾਂ ਦੇ ਉਲਥੇ ਕੀਤੇ ਤੇ ਕਰਵਾਏ।

ਗਿਆਨੀ ਹਜ਼ਾਰਾ ਸਿੰਘ ਜੀ ਗੁਰਬਾਣੀ ਦੇ ਟੀਕਾਕਾਰ ਵਜੋਂ ਵੀ ਪ੍ਰਸਿੱਧ ਹੋਏ। ਆਪ ਜੀ ਨੇ "ਭਾਈ ਗੁਰਦਾਸ ਜੀ ਦੀਆਂ ਵਾਰਾਂ"ਦਾ ਟੀਕਾ ਕਰਨ ਤੋਂ ਇਲਾਵਾ, ਸ਼ੇਖ ਸਾਅਦੀ ਦੀਆਂ ਰਚਨਾਵਾਂ "ਗੁਲਿਸਤਾਂ"ਤੇ "ਬੋਸਤਾਂ"ਦਾ ਪੰਜਾਬੀ ਅਨੁਵਾਦ ਵੀ ਕੀਤਾ। ਭਾਈ ਵੀਰ ਸਿੰਘ ਜੀ, ਆਪਣੇ ਨਾਨਾ ਜੀ ਦੇ ਇਹਨਾਂ ਸਾਰੇ ਕਾਰਜਾਂ 'ਚ ਹੱਥ ਵੰਡਾਉਂਦੇ ਸਨ। ਪ੍ਰਸਿੱਧ ਅੰਗ੍ਰੇਜ਼ ਵਿਦਵਾਨ ਮੈਕਾਲਿਫ਼ ਨੇ "ਸਿੱਖ ਰਿਲੀਜ਼ਨ" ਪੁਸਤਕ ਦੀ ਤਿਆਰੀ ਕਰਨ ਸਮੇਂ ਜਿੰਨ੍ਹਾਂ ਵਿਦਵਾਨਾਂ ਪਾਸੋਂ ਮਦਦ ਲਈ ਸੀ, ਉਹਨਾਂ ਵਿੱਚੋ ਗਿਆਨੀ ਹਜ਼ਾਰਾ ਸਿੰਘ ਜੀ ਵੀ ਇੱਕ ਸਨ।

**ਡਾ. ਚਰਨ ਸਿੰਘ ਜੀ (ਭਾਈ ਵੀਰ ਸਿੰਘ ਜੀ ਦੇ ਪਿਤਾ ਜੀ):**

ਡਾ. ਚਰਨ ਸਿੰਘ ਜੀ ਦਾ ਜਨਮ, ਪ੍ਰਸਿੱਧ ਕਵੀ ਤੇ ਹਕੀਮ ਬਾਬਾ ਕਾਹਨ ਸਿੰਘ ਜੀ ਦੇ ਗ੍ਰਿਹ ਵਿਖੇ, 7 ਮਾਰਚ ਸੰਨ ੧੮੫੩ ਈ. ਨੂੰ ਕਟੜਾ ਗਰਭਾ ਸਿੰਘ, ਸ੍ਰੀ ਅੰਮ੍ਰਿਤਸਰ ਸਾਹਿਬ ਜੀ ਵਿਖੇ ਹੋਇਆ। ਡਾ. ਚਰਨ ਸਿੰਘ ਜੀ ਨੇ ਬਚਪਨ 'ਚ ਹੀ ਪੰਜਾਬੀ, ਹਿੰਦੀ ਤੇ ਫ਼ਾਰਸੀ ਆਦਿ ਭਾਸ਼ਾਵਾਂ ਦਾ ਗਿਆਨ ਹਾਸਲ ਕਰ ਲਿਆ ਸੀ। ਆਪ ਜੀ ਨੂੰ ਗੁਰਸਿੱਖੀ ਦੀ ਦਾਤ ਵਿਰਸੇ ' ਚੋਂ ਮਿਲੀ ਸੀ। ਆਪ ਜੀ ਦੇ ਪਿਤਾ ਜੀ (ਬਾਬਾ ਕਾਹਨ ਸਿੰਘ ਜੀ) ਨੇ ਆਪ ਜੀ ਨੂੰ ਹਕੀਮੀ ਦੀ ਸਿੱਖਿਆ ਦਿੱਤੀ ਅਤੇ ਆਪਣੇ ਪਿਆਰ ਵਾਲੇ ਡਾਕਟਰਾਂ ਪਾਸੋਂ ਐਲੋਪੈਥਿਕ ਦੁਆਈਆਂ ਦਾ ਗਿਆਨ ਵੀ ਦਿਵਾਇਆ। ਡਾ। ਚਰਨ ਸਿੰਘ ਜੀ ਦਾ ਵਿਆਹ, ਗਿਆਨੀ ਹਜ਼ਾਰਾ ਸਿੰਘ ਜੀ ਦੀ ਸਪੁੱਤਰੀ ਬੀਬੀ ਉੱਤਮ ਕੌਰ ਜੀ (ਪੇਕਾ ਨਾਮ - ਬੀਬੀ ਭਗਵਾਨ ਕੌਰ ਜੀ) ਨਾਲ ਸੰਨ ੧੮੬੯ ਈ। ' ਚ ਹੋਇਆ। ਬੀਬੀ ਉੱਤਮ ਕੌਰ ਜੀ ਉਸ ਅਕਾਲਪੁਰਖੁ ਨੂੰ ਮੰਨਣ ਵਾਲੀ ਸੱਚੀ-ਸੁੱਚੀ ਸ਼ਖ਼ਸੀਅਤ ਸਨ। ਡਾ। ਚਰਨ ਸਿੰਘ ਜੀ ਨੇ ਕੁਝ ਸਮਾਂ ਵੱਖ - ਵੱਖ ਸਰਕਾਰੀ ਡਿਸਪੈਂਸਰੀਆਂ 'ਚ ਕੰਪਾਊਡਰ ਵਜੋਂ ਨੌਕਰੀ ਕੀਤੀ। ਫਿਰ, ਸ੍ਰੀ ਅੰਮ੍ਰਿਤਸਰ ਸਾਹਿਬ ਜੀ ਵਿਖੇ ਆਪਣੀ ਕਲੀਨਿਕ ਖੋਲ੍ਹ ਕੇ ਪ੍ਰੈਕਟਿਸ ਸ਼ੁਰੂ ਕਰ ਦਿੱਤੀ। ਸਤਿਗੁਰੂ ਜੀ ਨੇ ਆਪ ਜੀ ਦੇ ਹੱਥ ' ਚਸ਼ਫਾ ਦਾ ਖੁੱਲ੍ਹਾ ਖ਼ਜ਼ਾਨਾ ਬਖ਼ਸ਼ਿਸ਼ ਕੀਤਾ ਹੋਇਆ ਸੀ। ਆਪ ਜੀ ਪਾਸ ਜੋ ਵੀ ਮਰੀਜ਼ ਆਉਂਦਾ ਸੀ, ਠੀਕ ਹੋ ਜਾਂਦਾ ਸੀ। ਆਪ ਜੀ ਜਿੱਥੇ ਮਰੀਜ਼ਾਂ ਨੂੰ ਦਵਾਈਆਂ ਦਿੰਦੇ ਸਨ, ਉੱਥੇ ਨਾਲ ਹੀ ਲੋੜਵੰਦ ਮਰੀਜ਼ਾਂ ਨੂੰ ਦੁੱਧ ਤੇ ਫਲ ਆਦਿ ਖਰੀਦਣ ਲਈ, ਆਪਣੇ ਕੋਲੋਂ ਪੈਸੇ ਵੀ ਦੇ ਦਿੰਦੇ ਸਨ। ਕਈ ਵਾਰ ਤਾਂ ਆਪ ਜੀ ਲੋੜਵੰਦ ਮਰੀਜ਼ਾਂ ਨੂੰ ਕੱਪੜੇ ਅਤੇ ਹੋਰ ਜ਼ਰੂਰੀ ਵਸਤਾਂ ਦੇਣ ਤੋਂ ਵੀ ਸੰਕੋਚ ਨਹੀਂ ਕਰਦੇ ਸਨ। ਆਪ ਜੀ ਜਦੋਂ ਕਿਸੇ ਲੋੜਵੰਦ ਮਰੀਜ਼ ਨੂੰ ਦੇਖਣ ਲਈ, ਉਸ ਦੇ ਘਰ ਜਾਂਦੇ ਸਨ ਤਾਂ ਕਾਲੇ ਛੋਲਿਆਂ ਦੀ ਤਰੀ ਤੇ ਦੁੱਧ ਆਦਿ ਬੋਤਲਾਂ ' ਚ ਪਾ ਕੇ ਲੈ ਜਾਂਦੇ ਸਨ ਅਤੇ ਉਸ ਮਰੀਜ਼ ਨੂੰ ਦੇ ਆਉਂਦੇ ਸਨ।

ਆਪ ਜੀ ਅੰਮ੍ਰਿਤ ਵੇਲੇ ਉੱਠਦੇ ਸਨ। ਫਿਰ, ਇਸ਼ਨਾਨ ਆਦਿ ਕਰਕੇ ਪਾਠ ਕਰਦੇ ਹੋਏ, ਸ੍ਰੀ ਦਰਬਾਰ ਸਾਹਿਬ ਚਲੇ ਜਾਂਦੇ ਸਨ। ਦਿਨ ਚੜ੍ਹੇ ਵਾਪਸ ਆ ਕੇ ਪ੍ਰਸ਼ਾਦਾ ਛੱਕਦੇ ਸਨ ਅਤੇ ਲਗਭਗ ਦੱਸ ਵਜੇ, ਆਪਣੀ ਕਲੀਨਿਕ 'ਤੇ ਚਲੇ ਜਾਂਦੇ ਸਨ। ਕਲੀਨਿਕ ਤੋਂ ਸ਼ਾਮ ਨੂੰ ਸੱਤ-ਅੱਠ ਵਜੇ ਵਾਪਸ ਆਉਂਦੇ ਸਨ ਅਤੇ ਪ੍ਰਸ਼ਾਦਾ ਛੱਕ ਕੇ, ਸ੍ਰੀ ਦਰਬਾਰ ਸਾਹਿਬ ਵਿਖੇ ਦਰਸ਼ਨ ਕਰਨ ਲਈ ਚਲੇ ਜਾਂਦੇ ਸਨ। ਆਪ ਜੀ ਸ੍ਰੀ ਦਰਬਾਰ ਸਾਹਿਬ ਤੋਂ ਵਾਪਸ ਆ ਕੇ, ਸੂਰਜ ਪ੍ਰਕਾਸ਼ ਦੀ ਕਥਾ ਕਰਦੇ ਹੁੰਦੇ ਸਨ। ਆਪ ਜੀ ਦੇ ਗ੍ਰਿਹਿ ਵਿਖੇ, ਧਾਰਮਿਕ ਵਿੱਦਿਆ ਦਾ ਪ੍ਰਵਾਹ ਸਦਾ ਹੀ ਚਲਦਾ ਰਹਿੰਦਾ ਸੀ। ਅਨੇਕਾਂ ਹੀ ਸਤਿਸੰਗੀ ਡਾ। ਚਰਨ ਸਿੰਘ ਜੀ ਪਾਸੋਂ ਸੂਰਜ ਪ੍ਰਕਾਸ਼ ਗ੍ਰੰਥ ' ਚ ਕਾਵਿ ਰੂਪ ' ਚ ਲਿਖੇ ਇਤਿਹਾਸ ਦੇ ਅਰਥ ਸਮਝਣ ਲਈ ਆਉਂਦੇ ਰਹਿੰਦੇ ਸਨ। ਆਪ ਜੀ ਦੀ ਪ੍ਰੇਰਣਾ ਸਦਕਾ, ਸਿੰਘ ਸਭਾ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ "ਸਿੰਘ ਸਭਾ ਡਿਸਪੈਂਸਰੀ"ਖੋਲ੍ਹੀ ਗਈ, ਜਿਸ ਰਾਹੀਂ ਲੋੜਵੰਦ ਮਰੀਜ਼ਾਂ ਦਾ ਮੁਫ਼ਤ ਇਲਾਜ ਕੀਤਾ ਜਾਂਦਾ ਸੀ। ਆਪ ਜੀ ਆਪਣੇ ਪਿਤਾ ਜੀ ਦੀ ਤਰ੍ਹਾਂ ਹੀ, ਪੰਜਾਬੀ, ਹਿੰਦੀ, ਫ਼ਾਰਸੀ, ਅੰਗ੍ਰੇਜ਼ੀ, ਬ੍ਰਿਜ ਤੇ ਸੰਸਕ੍ਰਿਤ ਆਦਿ ਭਾਸ਼ਾਵਾਂ ਦੇ ਗਿਆਤਾ, ਉੱਚ ਕੋਟੀ ਦੇ ਵਿਦਵਾਨ ਅਤੇ ਡੂੰਘੀ ਸੂਝ-ਬੂਝ ਦੇ ਮਾਲਕ ਸਨ। ਆਪ ਜੀ ਦੀਆਂ ਬਹੁਤ ਸਾਰੀਆਂ ਰਚਨਾਵਾਂ, "ਖ਼ਾਲਸਾ ਟ੍ਰੈਕਟ ਸੁਸਾਇਟੀ" ਵੱਲੋਂ ਪ੍ਰਕਾਸ਼ਤ ਕੀਤੀਆਂ ਗਈਆਂ।

ਡਾ. ਚਰਨ ਸਿੰਘ ਜੀ ਨੇ ਸਿੱਖਾਂ ਅੰਦਰ ਗੁਰਪੁਰਬ ਮਨਾਉਣ ਦੀ ਪਰੰਪਰਾ ਨੂੰ ਅੱਗੇ ਤੋਰਨ ਲਈ ਪ੍ਰਚਾਰ ਕੀਤਾ। ਆਪ ਜੀ ਨੇ ਸ੍ਰੀ ਦਰਬਾਰ ਸਾਹਿਬ ਜੀ ਦੀ ਪਰਕਰਮਾ 'ਚ ਕਵੀ ਦਰਬਾਰ ਆਯੋਜਿਤ ਕਰਨ ਦੀ ਪਰੰਪਰਾ ਸ਼ੁਰੂ ਕੀਤੀ। ਉਸ ਸਮੇਂ ਦੇ ਉੱਘੇ ਕਵੀ, ਇਹਨਾਂ ਕਵੀ ਦਰਬਾਰਾਂ ' ਚ ਹਿੱਸਾ ਲੈ ਕੇ, ਕਵੀ ਦਰਬਾਰਾਂ ਦੀ ਸ਼ਾਨ ਵਧਾਉਂਦੇ ਸਨ।

ਆਪ ਜੀ ਦੇ ਗ੍ਰਿਹ ਵਿਖੇ ਚਾਰ ਸਪੁੱਤਰਾਂ ਤੇ ਦੋ ਸਪੁੱਤਰੀਆਂ ਨੇ ਜਨਮ ਲਿਆ, ਜਿੰਨ੍ਹਾਂ ਦਾ ਵੇਰਵਾ ਹੇਠ ਲਿੱਖੇ ਅਨੁਸਾਰ ਹੈ।

ਭਾਈ ਵੀਰ ਸਿੰਘ ਜੀ (੦੫।੧੨।੧੮੭੨)
ਬੀਬੀ ਮਥਰਾ ਦੇਵੀ ਜੀ (੦੯।੦੬।੧੮੭੬)
ਬੀਬੀ ਸੰਤ ਕੌਰ ਜੀ (੨੫।੧੦।੧੮੮੦)
ਭਾਈ ਜੈ ਰਾਜ ਸਿੰਘ ਜੀ (੨੦।੧੦।੧੮੮੩)
ਭਾਈ ਲਖਬੀਰ ਸਿੰਘ ਜੀ (੧੯।੦੯।੧੮੮੯)
ਡਾ। ਬਲਬੀਰ ਸਿੰਘ ਜੀ (੧੩।੧੨।੧੮੯੬)

(ਭਾਈ ਲਖਬੀਰ ਸਿੰਘ ਜੀ ਤੋਂ ਬਾਅਦ, ਇੱਕ ਹੋਰ ਸਪੁੱਤਰੀ ਨੇ ਜਨਮ ਲਿਆ ਸੀ, ਪਰ, ਉਹ ਬਚਪਨ ' ਚ ਹੀ ਚੜ੍ਹਾਈ ਕਰ ਗਏ ਸਨ।)

ਡਾ. ਚਰਨ ਸਿੰਘ ਜੀ ਬਹੁਤ ਦੂਰ-ਅੰਦੇਸ਼ ਤੇ ਰੋਹਬਦਾਰ ਸੁਭਾਅ ਦੇ ਮਾਲਕ ਸਨ। ਆਪ ਜੀ ਬੱਚਿਆਂ ਨਾਲ ਬਹੁਤ ਪਿਆਰ ਕਰਦੇ ਸਨ, ਪਰ, ਆਪ ਜੀ ਦੇ ਰੋਹਬਦਾਰ ਸੁਭਾਅ ਕਾਰਨ, ਬੱਚਿਆਂ ਦੇ ਵਿਗੜਨ ਦਾ ਡਰ ਨਹੀਂ ਰਹਿੰਦਾ ਸੀ।

ਅਖ਼ੀਰ ੧੪ ਜਾਂ ੧੧ ਨਵੰਬਰ ਸੰਨ ੧੯੦੮ ਈ। ਨੂੰ ਡਾ। ਚਰਨ ਸਿੰਘ ਜੀ ਅਕਾਲ ਚਲਾਣਾ ਕਰ ਗਏ। ਇਸ ਸਮੇਂ ਭਾਈ ਵੀਰ ਸਿੰਘ ਜੀ ਦੀ ਉਮਰ ਲਗਭਗ ੩੬ ਸਾਲਾਂ ਦੀ ਸੀ।

**ਮਾਤਾ ਉੱਤਮ ਕੌਰ ਜੀ (ਭਾਈ ਵੀਰ ਸਿੰਘ ਜੀ ਦੇ ਮਾਤਾ ਜੀ):**

ਗਿਆਨੀ ਹਜ਼ਾਰਾ ਸਿੰਘ ਜੀ ਦੀ ਸਪੁੱਤਰੀ, ਡਾ. ਚਰਨ ਸਿੰਘ ਜੀ ਦੀ ਸੁਪਤਨੀ ਅਤੇ ਭਾਈ ਵੀਰ ਸਿੰਘ ਜੀ ਦੇ ਮਾਤਾ ਜੀ (ਮਾਤਾ ਉੱਤਮ ਕੌਰ ਜੀ) ਦਾ ਜਨਮ ਸੰਨ ੧੮੫੬ ਈ। ' ਚ ਹੋਇਆ। ਆਪ ਜੀ ਦਾ ਵਿਆਹ ਡਾ. ਚਰਨ ਸਿੰਘ ਨਾਲ ਸੰਨ ੧੮੬੯ ਈ। ' ਚ ਹੋਇਆ। ਆਪ ਜੀ ਨੇਕ ਦਿਲ, ਮਮਤਾ ਦੀ ਮੂਰਤਿ ਅਤੇ ਸੇਵਾ ਭਾਵਨਾ ਰੱਖਣ ਵਾਲੀ ਗੁਰਮੁੱਖ ਸ਼ਖ਼ਸੀਅਤ ਸਨ। ਇੱਕ ਵਾਰ ਇੱਕ ਸਾਧੂ ਡਾ. ਚਰਨ ਸਿੰਘ ਜੀ ਦੇ ਗ੍ਰਿਹ ਵਿਖੇ ਪ੍ਰਸ਼ਾਦਾ ਛੱਕ ਕੇ ਗਿਆ ਤਾਂ ਉਸ ਦਾ ਮਨ ਨਾਮ-ਸਿਮਰਨ ' ਚ ਜੁੜਿਆ ਰਿਹਾ। ਉਸ ਸਾਧੂ ਨੂੰ ਇੰਝ ਲੱਗਾ ਜਿਵੇਂ ਕਿ ਇਹ ਉਸ ਲੰਗਰ ਦੀ ਬਰਕਤਿ ਹੈ, ਜਿਸ ਸਦਕਾ ਉਸ ਨੂੰ ਨਾਮ-ਸਿਮਰਨ ਦੇ ਰਸ ਦਾ ਅਨੰਦ ਆਇਆ ਹੈ। ਉਹ ਸਾਧੂ ਅਗਲੇ ਦਿਨ ਪ੍ਰਸ਼ਾਦਾ ਛਕਣ ਲਈ, ਫਿਰ ਤੋਂ ਡਾ. ਚਰਨ ਸਿੰਘ ਜੀ ਦੇ ਗ੍ਰਿਹ ਵਿਖੇ ਪਹੁੰਚ ਗਿਆ। ਪ੍ਰਸ਼ਾਦਾ ਛੱਕ ਕੇ, ਉਹ ਸਾਧੂ ਕਹਿਣ ਲੱਗਾ ਕਿ ਆਪ ਜੀ ਵੱਲੋਂ ਤਿਆਰ ਕੀਤਾ ਭੋਜਨ ਸੱਚੀ-ਸੁੱਚੀ ਕਿਰਤ ਤੋਂ ਆਈ ਮਾਇਆ ਨਾਲ ਤਿਆਰ ਕੀਤਾ ਗਿਆ ਹੈ। ਜਿਸਦਾ ਪ੍ਰਤੱਖ ਪ੍ਰਮਾਣ ਹੈ ਕਿ ਬੀਤੇ ਕੱਲ੍ਹ ਆਪ ਜੀ ਦੇ ਘਰ 'ਚ ਪ੍ਰਸ਼ਾਦਾ ਛਕਣ ਤੋਂ ਬਾਅਦ, ਮੇਰਾ ਮਨ ਨਾਮ ਸਿਮਰਨ 'ਚ ਜੁੜਿਆ ਰਿਹਾ ਅਤੇ ਨਾਮ ਸਿਮਰਨ ਦਾ ਅਨੰਦ ਵੀ ਬਹੁਤ ਆਇਆ। ਇਸ ਲਈ ਮੈਂ ਚਾਹੁੰਦਾ ਹਾਂ ਕਿ ਇਸ ਗ੍ਰਿਹ ਵਿਖੇ ਸਦਾ ਹੀ ਲੰਗਰ ਚਲਦੇ ਰਹਿਣ। ਫਿਰ, ਉਹ ਸਾਧੂ ਭਾਈ ਵੀਰ ਸਿੰਘ ਜੀ ਨੂੰ ਲੰਗਰ ਦੀ ਹੱਥੀਂ ਸੇਵਾ ਕਰਦੇ ਦੇਖ ਕੇ ਕਹਿਣ ਲੱਗਾ ਕਿ ਇਸ ਗ੍ਰਿਹ ਵਿਚ ਕਦੇ ਮਾਇਆ ਦੀ ਥੁੜ੍ਹ ਨਾ ਹੋਵੇ, ਇਸ ਲਈ ਮੈਂ ਅਰਦਾਸ ਕਰਦਾ ਹਾਂ ਕਿ ਇਹ ਸੁਸ਼ੀਲ ਤੇ ਭਾਗਾਂ ਵਾਲਾ ਬੱਚਾ ਬਹੁਤ ਧਨਵਾਨ ਹੋਵੇ। ਅੱਗੋਂ ਮਾਤਾ ਉੱਤਮ ਕੌਰ ਜੀ ਕਹਿਣ ਲੱਗੇ ਕਿ ਹੇ ਸੰਤ ਜੀ! ਮਾਇਆ ਤਾਂ ਮੈਲ ਹੈ, ਸੁਰਤਿ ਨੂੰ ਮੈਲਿਆਂ ਕਰ ਦਿੰਦੀ ਹੈ ਅਤੇ ਸਿਰਜਣਹਾਰ ਤੋਂ ਵਿਛੋੜ ਦਿੰਦੀ ਹੈ। ਇਸ ਲਈ, ਜੇ ਤਰੁੱਠੇ ਹੀ ਹੋ ਤਾਂ ਅਰਦਾਸ ਕਰੋ ਕਿ ਸਾਨੂੰ ਨਾਮ-ਚਿੱਤ ਰਹੇ ਤੇ ਸਿਮਰਨ ' ਚ ਵਿੱਥ ਨਾ ਪਵੇ। ਇਹੋ ਜਿਹੇ ਸਨ ਭਾਈ ਵੀਰ ਸਿੰਘ ਜੀ ਦੇ ਮਾਤਾ ਜੀ। ਮਾਤਾ ਉੱਤਮ ਕੌਰ ਜੀ ੯ ਅਪ੍ਰੈਲ ਸੰਨ ੧੯੧੮ ਈ। ਨੂੰ ਅਕਾਲ ਚਲਾਣਾ ਕਰ ਗਏ। ਇਸ ਸਮੇਂ ਭਾਈ ਵੀਰ ਸਿੰਘ ਜੀ ਦੀ ਉਮਰ ਲਗਭਗ ੪੫ ਸਾਲਾਂ ਦੀ ਸੀ।

## ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਵਿਸ਼ੇਸ਼ ਚਾਂਦੀ ਦਾ ਸਿੱਕਾ ਜਾਰੀ

ਨਵੀਂ ਦਿੱਲੀ- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਦੱਸਿਆ ਕਿ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਦੇ ਪਵਿੱਤਰ ਮੌਕੇ ਐੱਮਐੱਮਟੀਸੀ ਜੋ ਕਿ ਸਰਕਾਰ ਦੀ ਕੰਪਨੀ ਹੈ, ਵੱਲੋਂ 20 ਗ੍ਰਾਮ ਭਾਰ ਦਾ ਸ਼ੁੱਧ ਚਾਂਦੀ ਦਾ ਯਾਦਗਾਰੀ ਸਿੱਕਾ ਬਤੌਰ ਸੋਵੀਨਰ ਜਾਰੀ ਕੀਤਾ ਗਿਆ ਹੈ। ਇਸ ਸੋਵੀਨਰ ਨੂੰ ਰਿਲੀਜ਼ ਕਰਨ ਲਈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜ਼ਿਮੇਵਾਰੀ ਲਗਾਈ ਗਈ ਹੈ।

ਕਾਲਕਾ ਨੇ ਕਿਹਾ ਕਿ ਇਹ ਸਿੱਕਾ ਗੁਰੂ ਸਾਹਿਬ ਦੇ ਨਾਂ ’ਤੇ ਜਾਰੀ ਕੀਤਾ ਗਿਆ ਹੈ ਅਤੇ ਇਸ ਨੂੰ ਸੋਵੀਨਰ (ਯਾਦਗਾਰ ਚਿੰਨ੍ਹ) ਵਜੋਂ ਦੇਸ਼ ਤੇ ਵਿਦੇਸ਼ ਦੀਆਂ ਸੰਗਤਾਂ ਲਈ ਉਪਲੱਬਧ ਕਰਵਾਇਆ ਜਾਵੇਗਾ। ਇਹ ਸਿੱਕੇ ਸਰਕਾਰੀ ਕੀਮਤ ’ਤੇ ਐੱਮਐੱਮਟੀਸੀ ਦੇ ਵੱਖ-ਵੱਖ ਸਟੋਰਾਂ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਧਾਰਮਿਕ ਸਟੋਰਾਂ ਅਤੇ ਗੁਰਦੁਆਰਾ ਸੀਸ ਗੰਜ ਸਾਹਿਬ ਤੇ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਪ੍ਰਾਪਤ ਹੋ ਸਕਣਗੇ।

ਉਨ੍ਹਾਂ ਕਿਹਾ ਕਿ ਇਹ ਸਿੱਕਾ ਸਿਰਫ਼ ਇੱਕ ਧਾਰਮਿਕ ਯਾਦਗਾਰ ਨਹੀਂ, ਸਗੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਬਲੀਦਾਨ ਅਤੇ ਅਟੱਲ ਆਤਮਿਕ ਸ਼ਕਤੀ ਦੀ ਪ੍ਰਤੀਕ ਹੈ। ਜਿਵੇਂ ਸੰਗਤਾਂ ਵੱਖ-ਵੱਖ ਤੀਰਥ ਸਥਾਨਾਂ ਤੋਂ ਯਾਦਗਾਰੀ ਚਿੰਨ੍ਹ ਘਰ ਲੈ ਜਾਂਦੀਆਂ ਹਨ, ਇਸੇ ਤਰ੍ਹਾਂ ਇਹ ਚਾਂਦੀ ਦਾ ਸਿੱਕਾ ਵੀ ਗੁਰੂ ਸਾਹਿਬ ਦੇ ਪ੍ਰਕਾਸ਼ ਅਤੇ ਸ਼ਹੀਦੀ ਸਮਾਰੋਹ ਦੀ ਅਮਰ ਨਿਸ਼ਾਨੀ ਵਜੋਂ ਹਰ ਘਰ ਦੀ ਸ਼ੋਭਾ ਵਧਾਏਗਾ।

ਕਾਲਕਾ ਨੇ ਦੱਸਿਆ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਰਕਾਰ ਨਾਲ ਮਿਲ ਕੇ ਇਸ ਮਹੱਤਵਪੂਰਨ ਪ੍ਰੋਜੈਕਟ ਨੂੰ ਜਾਰੀ ਕੀਤਾ ਗਿਆ ਹੈ ਤਾਂ ਜੋ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਧਰਮ, ਨਿਸ਼ਕਾਮਤਾ ਤੇ ਬਲੀਦਾਨ ਦੇ ਸੁਨੇਹੇ ਨੂੰ ਵਿਸ਼ਵ ਪੱਧਰ ‘ਤੇ ਪ੍ਰਸਾਰਿਤ ਕੀਤਾ ਜਾ ਸਕੇ।

ਉਨ੍ਹਾਂ ਸਾਰੀਆਂ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਇਸ ਪਵਿੱਤਰ ਯਾਦਗਾਰ ਸਿੱਕੇ ਨੂੰ ਪ੍ਰਾਪਤ ਕਰ ਕੇ ਗੁਰੂ ਸਾਹਿਬ ਦੇ ਅਨਮੋਲ ਬਲੀਦਾਨ ਨੂੰ ਯਾਦਗਾਰ ਬਣਾਉਣ ਵਿੱਚ ਯੋਗਦਾਨ ਪਾਈਏ।

# ਸਰੀਰਕ ਅਤੇ ਮਾਨਸਿਕ ਸਿਹਤ ਸੁਧਰਨੀ ਹੈ ਤਾਂ ਕੁਦਰਤ ਦੀ ਸੁੰਦਰਤਾ ਦਾ ਸਨਮਾਨ ਕਰੋ

ਜੇਕਰ ਤੁਸੀਂ ਪਾਰਕ ਵਿੱਚ ਸੈਰ ਕਰਨ ਜਾਂ ਜੰਗਲ ਵਿੱਚ ਸੈਰ ਕਰਨ ਤੋਂ ਬਾਅਦ ਕਦੇ ਜ਼ਿਆਦਾ ਸ਼ਾਂਤ ਮਹਿਸੂਸ ਕਰਦੇ ਹੋ, ਤਾਂ ਇਹ ਮਹਿਜ਼ ਤੁਹਾਡੀ ਕਲਪਨਾ ਨਹੀਂ ਹੈ ਸਗੋਂ ਵਿਗਿਆਨਿਕ ਤੌਰ ਉੱਤੇ ਪ੍ਰਵਾਨਿਤ ਤੱਥ ਹੈ। ਬਾਹਰ ਰਹਿਣ ਨਾਲ ਸਰੀਰ ਦੇ ਅੰਦਰ ਬਹੁਤ ਸਾਰੇ ਬਦਲਾਅ ਆਉਂਦੇ ਹਨ, ਜਿਵੇਂ ਕਿ ਤਣਾਅ ਦੇ ਹਾਰਮੋਨ ਘਟਣਾ, ਬਲੱਡ ਪ੍ਰੈਸ਼ਰ ਦਾ ਸੰਤੁਲਿਤ ਹੋਣਾ ਅਤੇ ਪਾਚਨ ਪ੍ਰਣਾਲੀ ਵਿੱਚ ਸੁਧਾਰ ਹੋਣਾ। ਇਨ੍ਹਾਂ ਫਾਇਦਿਆਂ ਨੂੰ ਪ੍ਰਾਪਤ ਕਰਨ ਲਈ ਤੁਹਾਨੂੰ ਘੰਟਿਆਂ ਬੱਧੀ ਪੈਦਲ ਯਾਤਰਾ ਕਰਨ ਦੀ ਲੋੜ ਨਹੀਂ ਹੈ। ਕੁਦਰਤ ਵਿੱਚ ਮਹਿਜ਼ 20 ਮਿੰਟ ਹੀ ਪ੍ਰਭਾਵਸ਼ਾਲੀ ਹੋ ਸਕਦੇ ਹਨ। ਇਸਦਾ ਮਤਲਬ ਹੈ ਕਿ ਦੁਪਹਿਰ ਦੇ ਖਾਣੇ ਦੌਰਾਨ ਪਾਰਕ ਵਿੱਚ ਸੈਰ ਕਰਨ ਜਾਣਾ ਅਤੇ ਕਈ ਵਾਰ ਬੈਂਚ 'ਤੇ ਬੈਠ ਕੇ ਸੈਂਡਵਿਚ ਖਾਣਾ ਵੀ ਤੁਹਾਡੇ ਸਰੀਰ ਅਤੇ ਦਿਮਾਗ ਲਈ ਫ਼ਾਇਦੇਮੰਦ ਹੋ ਸਕਦਾ ਹੈ। ਅਜਿਹੇ ਚਾਰ ਤਰੀਕੇ ਹਨ ਜਿਨ੍ਹਾਂ ਨਾਲ ਕੁਦਰਤ ਵਿੱਚ ਸਮਾਂ ਬਿਤਾਉਣ ਨਾਲ ਤੁਹਾਡੀ ਸਿਹਤ ਬਿਹਤਰ ਹੋ ਸਕਦੀ ਹੈ।

### 1. ਤੁਸੀਂ ਅਚੇਤ ਤੌਰ 'ਤੇ ਆਰਾਮ ਮਹਿਸੂਸ ਕਰਦੇ ਹੋ

ਜਦੋਂ ਤੁਸੀਂ ਹਰੇ ਦਰੱਖਤ ਦੇਖਦੇ ਹੋ, ਖ਼ੁਸ਼ਬੂ ਭਰੇ ਰੁੱਖਾਂ ਨੂੰ ਸੁੰਘਦੇ ਹੋ, ਜਾਂ ਪੱਤਿਆਂ ਦੀ ਸਰਸਰਾਹਟ ਅਤੇ ਪੰਛੀਆਂ ਦੀ ਚਹਿਕ ਸੁਣਦੇ ਹੋ, ਤਾਂ ਤੁਹਾਡਾ ਆਟੋਨੋਮਿਕ ਨਰਵਸ ਸਿਸਟਮ ਸਰਗਰਮ ਹੋ ਜਾਂਦਾ ਹੈ। ਇਹ ਸਰੀਰ ਦਾ ਉਹ ਨਰਵਸ ਸਿਸਟਮ ਹੈ ਜੋ ਬਿਨ੍ਹਾਂ ਸੋਚੇ-ਸਮਝੇ ਬਹੁਤ ਸਾਰੀਆਂ ਪ੍ਰਕਿਰਿਆਵਾਂ ਨੂੰ ਕੰਟਰੋਲ ਕਰਦਾ ਹੈ। ਤੁਸੀਂ ਆਪਣੇ ਨੇੜੇ ਦੇ ਕਿਸੇ ਵੀ ਪਾਰਕ ਵਿੱਚ ਸੈਰ ਕਰਕੇ ਵੀ ਇਹ ਪ੍ਰਭਾਵ ਹਾਸਿਲ ਕਰ ਸਕਦੇ ਹੋ। ਆਕਸਫੋਰਡ ਯੂਨੀਵਰਸਿਟੀ ਵਿੱਚ ਜੈਵ ਵਿਭਿੰਨਤਾ ਦੀ ਪ੍ਰੋਫੈਸਰ ਬੈਰੋਨੈਸ ਕੈਥੀ ਵਿਲਿਸ ਨੇ ਬੀਬੀਸੀ ਰੇਡੀ 4 ਦੇ ਪੋਡਕਾਸਟ 'ਵਟਸ ਅੱਪ ਡੌਕਸ' 'ਤੇ ਕਿਹਾ, "ਅਸੀਂ ਸਰੀਰ ਵਿੱਚ ਕਈ ਬਦਲਾਅ ਦੇਖਦੇ ਹਾਂ, ਜਿਵੇਂ ਕਿ ਘੱਟ ਬਲੱਡ ਪ੍ਰੈਸ਼ਰ, ਦਿਲ ਦੀ ਧੜਕਣ ਵਿੱਚ ਬਦਲਾਅ ਹੋ ਕੇ ਹੌਲੀ ਹੋਣਾ, ਇਹ ਸਾਰੇ ਸਰੀਰ ਦੇ ਸ਼ਾਂਤ ਹੋਣ ਦੇ ਸੰਕੇਤ ਹਨ।" ਯੂਕੇ ਵਿੱਚ ਤਕਰੀਬਨ 20,000 ਲੋਕਾਂ 'ਤੇ ਕੀਤੇ ਗਏ ਇੱਕ ਅਧਿਐਨ ਵਿੱਚ ਦੇਖਿਆ ਗਿਆ ਕਿ ਜਿਹੜੇ ਲੋਕ ਹਫ਼ਤੇ ਵਿੱਚ ਘੱਟੋ-ਘੱਟ 120 ਮਿੰਟ ਹਰਿਆਲੀ ਵਿੱਚ ਬਿਤਾਉਂਦੇ ਹਨ, ਉਨ੍ਹਾਂ ਦੇ ਸਰੀਰਕ ਅਤੇ ਮਾਨਸਿਕ ਤੌਰ 'ਤੇ ਸਿਹਤਮੰਦ ਹੋਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ। ਕੁਦਰਤ ਵਿੱਚ ਸਮਾਂ ਬਿਤਾਉਣ ਦੇ ਫਾਇਦੇ ਇੰਨੇ ਸਪੱਸ਼ਟ ਹਨ ਕਿ ਬਹੁਤ ਸਾਰੀਆਂ ਥਾਵਾਂ 'ਤੇ 'ਗਰੀਨ ਸੋਸ਼ਲ ਫ੍ਰਿਸਕ੍ਰਾਈਬਿੰਗ' ਪਹਿਲਕਦਮੀਆਂ ਸ਼ੁਰੂ ਹੋ ਗਈਆਂ ਹਨ, ਜੋ ਲੋਕਾਂ ਨੂੰ ਕੁਦਰਤ ਨਾਲ ਜੋੜਦੀਆਂ ਹਨ ਤਾਂ ਜੋ ਉਨ੍ਹਾਂ ਦੀ ਸਰੀਰਕ ਅਤੇ ਮਾਨਸਿਕ ਸਿਹਤ ਨੂੰ ਬਿਹਤਰ ਬਣਾਇਆ ਜਾ ਸਕੇ। ਸ਼ੁਰੂਆਤੀ ਤੌਰ ਉੱਤੇ ਇਹ ਸੁਝਾਅ ਖੁਸ਼ੀ ਅਤੇ ਸਿਹਤ ਦੋਵਾਂ ਲਈ ਫ਼ਾਇਦੇਮੰਦ ਸਾਬਤ ਹੋਏ ਹਨ।

### 2. ਤੁਹਾਡੇ ਹਾਰਮੋਨ ਆਪਣੇ ਆਮ ਪੱਧਰ 'ਤੇ ਵਾਪਸ ਆ ਜਾਂਦੇ ਹਨ



ਜਦੋਂ ਤੁਸੀਂ ਕੁਦਰਤ ਵਿੱਚ ਸਮਾਂ ਬਿਤਾਉਂਦੇ ਹੋ, ਤਾਂ ਤੁਹਾਡਾ ਹਾਰਮੋਨਲ ਸਿਸਟਮ ਵੀ ਇਸ ਆਰਾਮ ਪ੍ਰਕਿਰਿਆ ਦਾ ਹਿੱਸਾ ਬਣ ਜਾਂਦਾ ਹੈ। ਪ੍ਰੋਫੈਸਰ ਵਿਲਿਸ ਦੱਸਦੇ ਹਨ ਕਿ ਬਾਹਰ ਰਹਿਣ ਨਾਲ ਸਰੀਰ ਦੀ ਐਂਡੋਕਰੀਨ ਪ੍ਰਣਾਲੀ ਸਰਗਰਮ ਹੁੰਦੀ ਹੈ ਅਤੇ ਤਣਾਅ ਦੇ ਹਾਰਮੋਨਜ਼ ਕੋਰਟੀਸੋਲ ਅਤੇ ਐਡਰੇਨਾਲੀਨ ਦੇ ਪੱਧਰ ਨੂੰ ਘਟਾਉਂਦਾ ਹੈ। ਇੱਕ ਅਧਿਐਨ ਵਿੱਚ ਦੇਖਿਆ ਗਿਆ ਹੈ ਕਿ ਜੋ ਲੋਕ ਲਗਾਤਾਰ ਤਿੰਨ ਦਿਨ ਹੋਟਲ ਦੇ ਕਮਰੇ ਵਿੱਚ ਜਾਪਾਨੀ ਸਾਈਪ੍ਰਸ ਯਾਨੀ ਹਿਨੋਕੀ ਤੇਲ ਦੀ ਖੁਸ਼ਬੂ ਵਿੱਚ ਰਹੇ, ਉਨ੍ਹਾਂ ਦੇ ਐਡਰੇਨਾਲੀਨ ਹਾਰਮੋਨ ਦੇ ਪੱਧਰ ਵਿੱਚ ਕਾਫ਼ੀ ਕਮੀ ਆਈ ਅਤੇ ਖ਼ੂਨ ਵਿੱਚ ਨੈਚੂਲਰ ਕਿਲਰ ਸੈੱਲਾਂ ਦੀ ਗਿਣਤੀ ਵਿੱਚ ਕਾਫ਼ੀ ਵਾਧਾ ਹੋਇਆ। ਇਹ ਕੁਦਰਤੀ ਕਿਲਰ ਸੈੱਲ ਉਹੀ ਹਨ ਜੋ ਸਰੀਰ ਵਿੱਚ ਵਾਇਰਸਾਂ ਨਾਲ ਲੜਦੇ ਹਨ। ਅਧਿਐਨ ਵਿੱਚ ਪਾਇਆ ਗਿਆ ਕਿ ਖੁਸ਼ਬੂ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ ਇਨ੍ਹਾਂ ਸੈੱਲਾਂ ਦਾ ਪੱਧਰ ਦੋ ਹਫ਼ਤਿਆਂ ਤੱਕ ਉੱਚਾ ਰਿਹਾ। ਇਲੀਨੋਏ ਯੂਨੀਵਰਸਿਟੀ ਦੇ ਪ੍ਰੋਫੈਸਰ ਮਿੰਗ ਕੁ   ਕਹਿੰਦੇ ਹਨ, "ਕੁਦਰਤ ਸਾਡੇ ਸਰੀਰ ਦੇ ਉਨ੍ਹਾਂ ਹਿੱਸਿਆਂ ਨੂੰ ਸ਼ਾਂਤ ਕਰਦੀ ਹੈ ਜਿਨ੍ਹਾਂ ਨੂੰ ਸ਼ਾਂਤੀ ਦੀ ਲੋੜ ਹੁੰਦੀ ਹੈ ਅਤੇ ਉਨ੍ਹਾਂ ਹਿੱਸਿਆਂ ਨੂੰ ਮਜ਼ਬੂਤ ਕਰਦੀ ਹੈ ਜਿਨ੍ਹਾਂ ਨੂੰ ਤਾਕਤ ਦੀ ਲੋੜ ਹੁੰਦੀ ਹੈ।" ਉਨ੍ਹਾਂ ਦਾ ਕਹਿਣਾ ਹੈ ਕਿ ਕੁਦਰਤ ਵਿੱਚ ਬਿਤਾਏ ਤਿੰਨ ਦਿਨਾਂ ਦੇ ਵੀਕਐਂਡ ਦਾ ਸਾਡੇ ਵਾਇਰਸ ਨਾਲ ਲੜਨ ਵਾਲੇ ਸਿਸਟਮ 'ਤੇ ਡੂੰਘਾ ਪ੍ਰਭਾਵ ਪੈਂਦਾ ਹੈ ਅਤੇ ਇੱਕ ਮਹੀਨੇ ਬਾਅਦ ਵੀ, ਇਹ ਆਮ ਨਾਲੋਂ ਤਕਰੀਬਨ 24 ਫ਼ੀਸਦ ਜ਼ਿਆਦਾ ਸਰਗਰਮ ਰਹਿੰਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਥੋੜ੍ਹੇ ਸਮੇਂ ਲਈ ਵੀ ਕੁਦਰਤ ਵਿੱਚ ਰਹਿਣ ਦੇ ਛੋਟੇ ਪਰ ਸਥਾਈ ਪ੍ਰਭਾਵ ਪੈਂਦੇ ਹਨ।

### 3. ਖ਼ੁਸ਼ਬੂ ਦੀ ਤਾਕਤ

ਕੁਦਰਤ ਦੀ ਖੁਸ਼ਬੂ ਨੂੰ ਮਹਿਸੂਸ ਕਰਨਾ   ਨਾ ਹੀ ਪ੍ਰਭਾਵਸ਼ਾਲੀ ਹੈ ਜਿੰਨਾ ਇਸ ਨੂੰ ਦੇਖਣਾ ਜਾਂ ਸੁਣਨਾ। ਰੁੱਖਾਂ ਅਤੇ ਮਿੱਟੀ ਦੀ ਮਹਿਕ ਵਿੱਚ ਕਈ ਤਰ੍ਹਾਂ ਦੇ ਜੈਵਿਕ ਮਿਸ਼ਰਣ ਹੁੰਦੇ ਹਨ ਜੋ ਪੌਦਿਆਂ ਤੋਂ ਨਿਕਲਦੇ ਹਨ ਅਤੇ ਜਦੋਂ ਤੁਸੀਂ ਉਨ੍ਹਾਂ ਨੂੰ ਸਾਹ ਰਾਹੀਂ ਅੰਦਰ ਲੈਂਦੇ ਹੋ, ਤਾਂ ਉਨ੍ਹਾਂ ਦੇ ਕੁਝ ਅਣੂ ਸਿੱਧੇ ਖ਼ੂਨ ਦੇ ਪ੍ਰਵਾਹ ਵਿੱਚ ਪਹੁੰਚ ਜਾਂਦੇ ਹਨ। ਵਿਲਿਸ ਕਹਿੰਦੇ ਹਨ ਕਿ ਦੇਵਦਾਰ ਇੱਕ ਚੰਗੀ ਉਦਾਹਰਣ ਹੈ। ਉਹ ਕਹਿੰਦੇ ਹਨ, "ਦੇਵਦਾਰ ਦੇ ਜੰਗਲ ਦੀ ਖੁਸ਼ਬੂ ਤੁਹਾਨੂੰ ਸਿਰਫ਼ 90 ਸਕਿੰਟਾਂ ਵਿੱਚ ਸ਼ਾਂਤ ਕਰ ਸਕਦੀ ਹੈ ਅਤੇ ਇਸਦਾ ਪ੍ਰਭਾਵ ਤਕਰੀਬਨ 10 ਮਿੰਟ ਤੱਕ ਰਹਿੰਦਾ ਹੈ।" ਤੁਸੀਂ ਸੋਚ ਸਕਦੇ ਹੋ ਕਿ ਇਹ ਆਰਾਮ ਸਿਰਫ਼ ਮਾਨਸਿਕ ਹੈ, ਪਰ ਇੱਕ ਅਧਿਐਨ ਵਿੱਚ ਪਾਇਆ ਗਿਆ ਹੈ ਕਿ ਬਹੁਤ ਛੋਟੇ ਬੱਚੇ, ਜਿਨ੍ਹਾਂ ਨੂੰ ਕੋਈ ਖੁਸ਼ਬੂ ਯਾਦ ਨਹੀਂ ਹੁੰਦੀ ਵੀ, ਉਹ ਵੀ ਜਦੋਂ ਕਮਰੇ ਵਿੱਚ 'ਲਿਮੋਨੀਨ' ਨਾਮਕ ਇੱਕ ਸੁਖਦਾਇਕ ਖੁਸ਼ਬੂ ਫ਼ੈਲਦੀ ਹੈ ਤਾਂ ਸ਼ਾਂਤ ਹੋ ਜਾਂਦੇ ਹਨ।

### 4. ਚੰਗੇ ਬੈਕਟੀਰੀਆ ਸਰੀਰ ਤੱਕ ਪਹੁੰਚਦੇ ਹਨ

ਕੁਦਰਤ ਨਾ ਸਿਰਫ਼ ਮਨ ਨੂੰ ਸ਼ਾਂਤ ਕਰਦੀ ਹੈ ਸਗੋਂ ਸਰੀਰ ਦੇ ਮਾਈਕ੍ਰੋਬਾਇ  ਮ ਨੂੰ ਵੀ ਮਜ਼ਬੂਤ ਕਰਦੀ ਹੈ। ਮਿੱਟੀ ਅਤੇ ਪੌਦਿਆਂ ਵਿੱਚ ਮੌਜੂਦ ਚੰਗੇ ਬੈਕਟੀਰੀਆ ਸਾਡੇ ਸਰੀਰ ਲਈ ਫਾਇਦੇਮੰਦ ਹੁੰਦੇ ਹਨ।ਵਿਲਿਸ ਕਹਿੰਦੇ ਹਨ, "ਇਹ ਉਹ ਚੰਗੇ ਬੈਕਟੀਰੀਆ ਹਨ ਜਿਨ੍ਹਾਂ ਲਈ ਅਸੀਂ ਪ੍ਰੋਬਾਇ  ਟਿਕ ਦਵਾਈਆਂ ਜਾਂ ਪੀਣ ਵਾਲੇ ਪਦਾਰਥਾਂ 'ਤੇ ਪੈਸੇ ਖਰਚ ਕਰਦੇ ਹਾਂ।" ਪ੍ਰੋਫੈਸਰ ਮਿੰਗ ਕੁ   ਨੇ ਲਾਗਾਂ ਪ੍ਰਤੀ ਸੰਵੇਦਨਸ਼ੀਲਤਾ ਅਤੇ ਮਾਨਸਿਕ ਸਿਹਤ 'ਤੇ ਉਨ੍ਹਾਂ ਦੇ ਪ੍ਰਭਾਵ ਦਾ ਅਧਿਐਨ ਕੀਤਾ ਹੈ। ਉਹ ਸੁਝਾਅ ਦਿੰਦੇ ਹਨ ਕਿ ਕੁਝ ਕੁਦਰਤੀ ਬੈਕਟੀਰੀਆ ਨੂੰ ਸਾਹ ਰਾਹੀਂ ਅੰਦਰ ਲੈਣ ਨਾਲ ਮੂਡ ਵਿੱਚ ਸੁਧਾਰ ਹੋ ਸਕਦਾ ਹੈ। "ਪੌਦਿਆਂ ਤੋਂ ਐਂਟੀਮਾਈਕ੍ਰੋਬਾਇਲ ਰਸਾਇਣ, ਜਿਨ੍ਹਾਂ ਨੂੰ ਫਾਈਟੋਨਸਾਈਡ ਕਿਹਾ ਜਾਂਦਾ ਹੈ, ਬਿਮਾਰੀ ਨਾਲ ਲੜਨ ਵਿੱਚ ਮਦਦ ਕਰ ਸਕਦੇ ਹਨ।"

ਇਨਫੈਕਸ਼ਨ ਵਿਗਿਆਨੀ ਡਾ. ਕ੍ਰਿਸ ਵੈਨ ਟੂਲਕੇਂਸ ਕਹਿੰਦੇ ਹਨ, "ਕੁਦਰਤ ਇੱਕ ਅਜਿਹਾ ਵਾਤਾਵਰਣ ਹੈ ਜੋ ਸਰੀਰ ਦੀ ਇਮਿਊਨ ਸਿਸਟਮ ਨੂੰ ਸਰਗਰਮ ਕਰਦਾ ਹੈ।" ਉਹ ਆਪਣੇ ਬੱਚਿਆਂ ਨੂੰ ਜੰਗਲ ਵਿੱਚ ਚਿੱਕੜ ਨਾਲ ਖੇਡਣ ਦਿੰਦੇ ਹਨ ਤਾਂ ਜੋ ਇਹ ਚਿੱਕੜ ਦੇ ਕਣ ਨੱਕ ਜਾਂ ਮੂੰਹ ਰਾਹੀਂ ਉਨ੍ਹਾਂ ਦੇ ਸਰੀਰ ਤੱਕ ਪਹੁੰਚ ਸਕਣ।

### ਕੁਦਰਤ ਨੂੰ ਆਪਣੇ ਕੋਲ ਲਿਆਓ

ਤੁਹਾਨੂੰ ਹਮੇਸ਼ਾ ਬਾਹਰ ਜਾਣ ਦੀ ਲੋੜ ਨਹੀਂ ਹੈ। ਵਿਲਿਸ ਕਹਿੰਦੇ ਹਨ ਕਿ ਘਰ ਵਿੱਚ ਕੁਦਰਤ ਦਾ ਇੱਕ ਛੋਟਾ ਜਿਹਾ ਅਹਿਸਾਸ ਵੀ ਅਸਰਦਾਰ ਹੋ ਸਕਦਾ ਹੈ। ਚਿੱਟੇ ਜਾਂ ਪੀਲੇ ਗੁਲਾਬ ਵਰਗੇ ਫੁੱਲਾਂ ਦਾ ਦਿਮਾਗ ਦੀ ਗਤੀਵਿਧੀ 'ਤੇ ਸਭ ਤੋਂ ਵੱਧ ਸ਼ਾਂਤ ਪ੍ਰਭਾਵ ਪਾਇਆ ਗਿਆ ਹੈ।

ਖੁਸ਼ਬੂ ਲਈ ਪਾਈਨੇਨ ਵਰਗੇ ਜ਼ਰੂਰੀ ਤੇਲਾਂ ਵਾਲੇ ਡਿਫਿਊਜ਼ਰ ਦੀ ਵਰਤੋਂ ਕਰੋ, ਜੋ ਮਨ ਨੂੰ ਆਰਾਮ ਦੇਣ ਵਿੱਚ ਮਦਦ ਕਰਦਾ ਹੈ। ਜੇਕਰ ਇਹ ਸੰਭਵ ਨਹੀਂ ਹੈ, ਤਾਂ ਜੰਗਲਾਂ ਜਾਂ ਹਰਿਆਲੀ ਦੀਆਂ ਤਸਵੀਰਾਂ ਦੇਖਣਾ ਵੀ ਮਦਦ ਕਰ ਸਕਦਾ ਹੈ।







# TASTE OF INDIA

specialist- Gurh Dee Barfee, Gurh Diyaan Jalebian

32 ਸਾਲ ਤੋਂ ਕੈਲੇਫੋਰਨੀਆ ਦਾ ਸਭ ਤੋਂ ਪਹਿਲਾ ਤੇ ਵਧੀਆ ਰੈਸਟੋਰੈਂਟ

ਗੁੜ ਦੀ ਬਰਫੀ, ਫਿੱਕਾ ਕਲਾਕੰਦ
ਗੁੜ ਦੀਆਂ ਜਲੇਬੀਆਂ, ਇਮਰਤੀ

ਬਿਲਕੁਲ ਨਵੀਂ ਦਿੱਖ ਦੇ ਨਾਲ ਸਜਾਇਆ ਰੈਸਟੋਰੈਂਟ




lunch buffet everyday
fresh jalebian every day

DEVINDER SINGH PABLA (OWNER)
510-791-1316

ਛੋਟੇ-ਵੱਡੇ ਹਰ ਕਿਸਮ ਦੇ ਪ੍ਰੋਗਰਾਮ ਲਈ ਕੇਟਰਿੰਗ ਦਾ ਸਪੈਸ਼ਲ ਪ੍ਰਬੰਧ

5144 MOWRY AVE (ON FARWELL DR)
FREMONT, CA 94538
510-773-8810



# Quick Lube & Smog

OFFICIAL LAMP ADJUSTING STATION
OFFICIAL BRAKE ADJUSTING STATION

Auto repair, Diagnostics & Smog Check Station

SMOG CHECK

ਚਲਦੀਆਂ (Used) ਕਾਰਾਂ, ਵਾਜਬ ਕੀਮਤਾਂ ਤੇ
ਖਰੀਦਣ ਲਈ ਗੋਗੀ ਹੁਰਾਂ ਨੂੰ ਕਾਲ ਕਰੋ

SUKHWINDER BHELLA
510-757-6775 gogibhella@gmail.com

# TENNYSON AUTO

Car Sale Service and Repair

SUKHWINDER BHELLA, Manager
tennysonauto1@gmail.com
510-330-7112, 510-757-6775
691 W. Tennyson Rd Hayward, CA 94544

# CALIFORNIA

CISI

IMMIGRATION SERVICES INC.
Your Registered & Bonded 'Immigration-Consultants'



ROSY (Kanwal) KAUR
Immigration Consultant
408-422-8585
510-573-3666
website:- www.caials.com email:- rosy@caials.com

- FAMILY IMMIGRATION
- GEEEN CARD PETITION
- CITIZENSHIP
- BUSINESS / VISITOR VISA
- OCI CARD / INDIAN PASSIORT / INDIA VISA
- STUDENT VISA
- RELIGIOUS VISA
- DIVORCE
- VARIOUS IMMIGRATION SERVICES
- U.K. VISA
- CANADA VISA & P.R.
- INDIAN PASSPORT
- POWER OF ATTORNEY

- ਫੈਮਲੀ ਇੰਮੀਗ੍ਰੇਸ਼ਨ
- ਗਰੀਨ ਕਾਰਡ ਪਟੀਸ਼ਨ
- ਸਿਟੀਜਨਸ਼ਿਪ
- ਬਿਜ਼ਨੈਸ ਵੀਜ਼ਾ / ਵਿਜ਼ਟਰ ਵੀਜ਼ਾ
- ਓ.ਸੀ.ਆਈ. ਕਾਰਡ / ਇੰਡੀਅਨ ਪਾਸਪੋਰਟ / ਇੰਡੀਆ ਵੀਜ਼ਾ
- ਸਟੂਡੈਂਟ ਵੀਜ਼ਾ
- ਰਲੀਜ਼ੀਅਸ ਵੀਜ਼ਾ
- ਤਲਾਕ
- ਕਈ ਹੋਰ ਇੰਮੀਗ੍ਰੇਸ਼ਨ ਸੇਵਾਵਾਂ
- ਯੂ. ਕੇ. ਵੀਜ਼ਾ, ਕੈਨੇਡਾ ਵੀਜ਼ਾ ਅਤੇ ਪੀ. ਆਰ.
- ਇੰਡੀਅਨ ਪਾਸਪੋਰਟ
- ਪਾਵਰ ਆਫ ਅਟਾਰਨੀ

Fremont Office: 4127 Bay Street, Unit 5, Fremont CA, 94538
Tracy Office: 1660 W Linnee Rd. Unit J 25, Tracy CA, 95377

# Moon Indian Cuisine

MOON indian cuisine

510-780-9233



ਹੁਣ ਤੁਸੀ ਗੁੜ ਦੀਆਂ ਜਲੇਬੀਆਂ ਵੀ ਲੈ ਸਕਦੇ ਹੋ, ਹਰ ਐਤਵਾਰ ਨੂੰ Buffet ਲੱਗਦਾ ਹੈ।

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ

ਮੱਛੀ ਦੇ ਪਕੌੜੇ ਬਣਾਉਣ ਦੇ ਮਾਹਿਰ, ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ
ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਾਂ।

100-1000 ਬੰਦਿਆਂ ਤੱਕ ਪਾਰਟੀ ਲਈ ਪ੍ਰਬੰਧ

ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
ਬਹੁਤ ਹੀ ਤਜ਼ਰਬੇਕਾਰ ਕੁੱਕ

Over 30 Years Experience in Restaurant & Catering Business

ਮੂਨ ਇੰਡੀਅਨ ਕੁਜ਼ੀਨ (ਹੇਵਰਡ)
600 West Harder Rd. Hayward, CA 94544
Contact: (Paul) 510-978-7170
www.moonindiancuisine.net

## Padam Builders Inc.

ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।

**Harpreet Singh Padam 510-695-6435**

**Gurpreet Singh Padam 510-962-2593**

email: padambuilders@gmail.com

Licensed # 1019803



Gurpreet Singh Padam

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ



Harpreet Singh Padam

**3143 ARDEN ROAD, HAYWARD, CA- 94545**

## Kash Fabrics

37 ਸਾਲ ਤੋਂ ਤੁਹਾਡੀ ਸੇਵਾ ਵਿਚ

**ਸਾਡੀ ਵਿਸ਼ੇਸਤਾ**

1.Wedding Lehngas
2.Mens wear-shervani
3.Kurte Pajame
4. Sharara Suits.
5.Patiala. Suits.
6. pression stove jewelery
7. kids wear
8. Turbans (paggan). 80 colors

1. ਵਿਆਹ ਦੇ ਲਹਿੰਗੇ
2. ਪੁਰਸ਼ਾਂ ਦੇ ਪਹਿਨਣ ਵਾਲੀ ਸ਼ੇਰਵਾਨੀ
3. ਕੁੜਤੇ ਪਜਾਮੇ
4. ਸ਼ਰਾਰਾ ਸੂਟ
5. ਪਟਿਆਲਾ ਸੂਟ
6. ਗਹਿਣੇ
7. ਬੱਚਿਆਂ ਦੇ ਕੱਪੜੇ
80 ਰੰਗਾਂ ਵਿਚ ਪੱਗਾਂ




Kashmir Singh Dhugga
Gurjeet kaur Dhugga
kashfabrics@gmail.com

**KASH FABRICS**
**29576 Mission Blvd**
**Hayward,CA 94544**
**510-538-1138**

## Gurpiar Sidhu

Home Buying & Selling System

**209-598-7776**



Lic. 01815083

ਵਾਜਬ ਕੀਮਤ ਤੇ ਘਰ/ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ ਜੀ

ਕਿਸੇ ਵੀ ਕਿਸਮ ਦੀ ਮਾਰਟਗੇਜ ਲਈ ਸੰਪਰਕ ਕਰੋ

ਕਿਸੇ ਵੀ ਕਿਸਮ ਦੀ ਮਾਰਟਗੇਜ਼, ਬੀਮਾ, ਸੋਲਰ ਅਤੇ ਮੋਬਾਇਲ, ਨੋਟਰੀ ਸੇਵਾ ਲਈ ਸੰਪਰਕ ਕਰੋ

PRIMESTAR REAL ESTATE
A Realtor you can trust... Blindly

**Office- 2030 E. Louise Ave. Lathrop, CA 95330**

## 21 Century

## Inderjit Singh

BROKER-REAL ESTATE



(1) ਘਰ/ਬਿਜਨਸ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।
(2) ਕਿਸੇ ਵੀ ਕਿਸਮ ਦੀ ਮਾਰਟਗੇਜ ਲਈ ਸੰਪਰਕ ਕਰੋ।
(3) ਬਹੁਤ ਹੀ ਚੰਗੇ ਰੇਟ 'ਤੇ ਘਰਾਂ ਲਈ ਲੋਨ ਕਰਵਾ ਕੇ ਦੇਣ ਦਾ ਵਾਅਦਾ ਕਰਦੇ ਹਾਂ।

**Office : 425-775-8525**
**Cell : 425-425-4055**
**Fax : 425-670-3500**

email: inderjit.singh@centuary21.com

**19020 33rd Ave West, Suite 300, Lynnwood, WA 98036**

# ਅਮਰੀਕਾ ਵਿੱਚ 'ਨੋ ਕਿੰਗਜ਼' ਮੁਜ਼ਾਹਰੇ ਕਿਉਂ ਹੋਏ




ਇਸ ਹਫ਼ਤੇ ਦੇ ਅੰਤ ਵਿੱਚ ਹੋਏ 'ਨੋ ਕਿੰਗਜ਼' ਮੁਜ਼ਾਹਰਿਆਂ 'ਚ ਰਾਸ਼ਟਰਪਤੀ ਡੌਨਲਡ ਟਰੰਪ ਦੀਆਂ ਨੀਤੀਆਂ ਦਾ ਵਿਰੋਧ ਕਰਨ ਲਈ ਪੂਰੇ ਅਮਰੀਕਾ ਵਿੱਚ ਕਰੀਬ ਲੱਖਾਂ ਲੋਕਾਂ ਦੀ ਭੀੜ ਇਕੱਠੀ ਹੋਈ। ਇਹ ਇੱਕੋ-ਜਿਹੀ ਵਿਚਾਰਧਾਰਾ ਵਾਲੇ ਡੈਮੋਕਰੇਟਸ, ਲਿਬਰਲਜ਼ ਅਤੇ ਕੁਝ ਟਰੰਪ ਵਿਰੋਧੀ ਰਿਪਬਲਿਕਨਾਂ ਲਈ ਇੱਕ ਮੌਕਾ ਸੀ ਕਿ ਉਹ ਅਜਿਹੇ ਸਮੇਂ ਵਿੱਚ ਇੱਕਜੁੱਟ ਹੋਣ ਜਦੋਂ ਅਮਰੀਕੀ ਖੱਬੇਪ-ਖੀਆਂ ਕੋਲ ਰਾਸ਼ਟਰੀ ਸਿਆਸਤ ਵਿੱਚ ਬਹੁਤ ਘੱਟ ਰਸਮੀ ਸ਼ਕਤੀ ਹੈ।

ਪਰ ਹੁਣ ਉਹ ਅੱਗੇ ਕਿੱਥੇ ਜਾਣਗੇ?

ਰਿਪੋਰਟਾਂ ਅਨੁਸਾਰ, ਸ਼ਨੀਵਾਰ ਦੇ ਸਮਾਗਮਾਂ ਵਿੱਚ ਸ਼ਿਕਾਗੋ, ਨਿਊਯਾਰਕ, ਵਾਸ਼ਿੰਗਟਨ ਅਤੇ ਲਾਸ ਏਂ-ਜਲਸ ਵਰਗੇ ਪ੍ਰਮੁੱਖ ਅਮਰੀਕੀ ਸ਼ਹਿਰਾਂ ਸਣੇ ਸੈਂਕੜੇ ਛੋਟੇ ਕਸਬਿਆਂ ਵਿੱਚ ਲੋਕਾਂ ਦੀ ਗਿਣਤੀ ਉਮੀਦ ਤੋਂ ਕਿਤੇ ਵੱਧ ਸੀ, ਇਸ ਨੇ ਜੂਨ ਵਿੱਚ ਹੋਈ ਪਹਿਲੀ "ਨੋ ਕਿੰਗਜ਼" ਰੈਲੀ ਨੂੰ ਵੀ ਪਛਾੜ ਦਿੱਤਾ। ਕਾਂਗਰਸ ਦੇ ਰਿਪਬਲਿਕਨਾਂ ਨੇ ਚੇਤਾਵਨੀ ਦਿੱਤੀ ਸੀ ਕਿ ਇਹ ਪ੍ਰਦਰਸ਼ਨ "ਅਮਰੀਕਾ ਵਿਰੋਧੀ" ਹੋਣਗੇ ਅਤੇ ਕੁਝ ਕੰਜ਼ਰਵੇਟਿਵ ਗਵਰਨਰਾਂ ਨੇ ਹਿੰਸਾ ਦੀ ਸਥਿਤੀ ਵਿੱਚ ਲਾਅ ਇਨਫੋਰਸਮੈਂਟ ਅਤੇ ਨੈਸ਼ਨਲ ਗਾਰਡਸ ਨੂੰ ਅਲਰਟ 'ਤੇ ਰੱਖਿਆ ਸੀ। ਇਹ ਵਿਸ਼ਾਲ ਰੈਲੀਆਂ ਸ਼ਾਂਤਮਈ ਰਹੀਆਂ। ਨਿਊਯਾਰਕ ਸਿਟੀ ਵਿੱਚ ਵਿਰੋਧ ਪ੍ਰਦਰਸ਼ਨਾਂ ਸਬੰਧੀ ਕੋਈ ਗ੍ਰਿਫ਼ਤਾਰੀ ਨਹੀਂ ਹੋਈ ਅਤੇ ਵਾਸ਼ਿੰਗਟਨ ਡੀਸੀ ਵਿੱਚ ਹੋਏ ਇਕੱਠ 'ਚ ਪਰਿਵਾਰ ਅਤੇ ਛੋਟੇ ਬੱਚੇ ਵੀ ਸ਼ਾਮਲ ਸਨ। ਕਨੈਕਟੀਕਟ ਦੇ ਸੈਨੇਟਰ ਕ੍ਰਿਸ ਮਰਫੀ ਨੇ ਵਾਸ਼ਿੰਗਟਨ ਡੀਸੀ ਦੀ ਰੈਲੀ 'ਚ ਆਪਣੇ ਭਾਸ਼ਣ ਦੌਰਾਨ ਕਿਹਾ, "ਅੱਜ ਪੂਰੇ ਅਮਰੀਕਾ ਵਿੱਚ ਜਿੰਨੀ ਵੱਡੀ ਗਿਣਤੀ ਵਿੱਚ ਲੋਕ ਉਮੜ ਰਹੇ ਹਨ, ਇਹ ਦੇਸ਼ ਦੇ ਇਤਿਹਾਸ ਵਿੱਚ ਹੋਏ ਕਿਸੇ ਵੀ ਵਿਰੋਧ ਪ੍ਰਦਰਸ਼ਨ 'ਚ ਹੋਏ ਇਕੱਠ ਨੂੰ ਪਛਾੜ ਸਕਦੇ ਹਨ।"

"ਅਮਰੀਕੀ ਉੱਚੀ-ਉੱਚੀ ਅਤੇ ਮਾਣ ਨਾਲ ਕਹਿ ਰਹੇ ਹਨ ਕਿ ਅਸੀਂ ਆਜ਼ਾਦ ਹਾਂ, ਅਸੀਂ ਅਜਿਹੇ ਲੋਕ ਨਹੀਂ ਜਿਨ੍ਹਾਂ 'ਤੇ ਸ਼ਾਸਨ ਕੀਤਾ ਜਾ ਸਕੇ, ਸਾਡੀ ਸਰਕਾਰ ਵਿਕਾਊ ਨਹੀਂ ਹੈ।" ਦੇਸ਼ ਦੀ ਰਾਜਧਾਨੀ ਵਿੱਚ ਹੋ ਰਹੇ 'ਨੋ ਕਿੰਗਜ਼' ਰੋਸ ਮੁਜ਼ਾਹਰਿਆਂ 'ਤੇ ਵ੍ਹਾਈਟ ਹਾਊਸ ਨੇ ਵਿਅੰਗ ਕੱਸਿਆ। ਡਿਪਟੀ ਪ੍ਰੈੱਸ ਸਕੱਤਰ ਅਬੀਗੈਲ ਜੈਕਸਨ ਨੇ ਮੁਜ਼ਾਹਰਿਆਂ ਬਾਰੇ ਕਈ ਮੀਡੀਆ ਪੁੱਛਗਿੱਛਾਂ ਦੇ ਜਵਾਬ ਵਿੱਚ ਲਿਖਿਆ, "ਪਰਵਾਹ ਕਿਸ ਨੂੰ ਹੈ।" ਟਰੰਪ ਨੇ ਟਰੁੱਥ ਸੋਸ਼ਲ 'ਤੇ ਕਈ ਏਆਈ ਰਾਹੀਂ ਤਿਆਰ ਕੀਤੇ ਵੀਡੀਓਜ਼ ਸਾਂਝੇ ਕੀਤੇ, ਜਿਸ ਵਿੱਚ ਉਨ੍ਹਾਂ ਨੇ ਤਾਜ ਪਹਿਨਿਆ ਹੋਇਆ ਹੈ, ਇੱਕ ਵਿੱਚ ਉਹ ਜੈੱਟ ਉਡਾ ਰਹੇ ਸਨ, ਜਿਸ ਰਾਹੀਂ ਮੁਜ਼ਾਹਰਾਕਾਰੀਆਂ 'ਤੇ ਕੁਝ ਸੁੱਟਿਆ ਜਾ ਰਿਹਾ ਸੀ, ਜੋ ਮਨੁੱਖੀ ਕੂੜੇ ਵਾਂਗ ਲੱਗ ਰਿਹਾ ਸੀ।

### ਪਾਰਟੀ ਨੂੰ ਲੰਬਾ ਸਫ਼ਰ ਕਰਨ ਦੀ ਲੋੜ

ਹਾਲਾਂਕਿ ਰਿਪਬਲਿਕਨ ਇਨ੍ਹਾਂ ਮੁਜ਼ਾਹਰਿਆਂ ਦੀ ਮਹੱਤਤਾ ਨੂੰ ਘੱਟ ਸਮਝ ਰਹੇ ਹੋ ਸਕਦੇ ਹਨ, ਪਰ ਮਤਦਾਨ ਦਾ ਪੱਧਰ ਅਤੇ ਪ੍ਰਮੁੱਖ ਓਪੀਨੀਅਨ ਪੋਲਾਂ ਵਿੱਚ ਟਰੰਪ ਦੀ ਨਕਾਰਾਤਮਕ ਪ੍ਰਵਾਨਗੀ ਰੇਟਿੰਗ, ਪਿਛਲੇ ਸਾਲ ਦੀ ਚੋਣ ਹਾਰ ਤੋਂ ਉਭਰਨ ਦੇ ਡੈਮੋਕ੍ਰੇਟਿਕ ਮੌਕੇ ਵੱਲ ਸੰਕੇਤ ਕਰਦੀ ਹੈ। ਹਾਲਾਂਕਿ, ਪਾਰਟੀ ਨੂੰ ਅਜੇ ਵੀ ਕਾਫ਼ੀ ਲੰਬਾ ਸਫ਼ਰ ਤੈਅ ਕਰਨ ਦੀ ਲੋੜ ਹੈ। ਪੋਲ ਦਰਸਾਉਂਦੇ ਹਨ ਕਿ ਸਿਰਫ਼ ਇੱਕ ਤਿਹਾਈ ਅਮਰੀਕੀ ਹੀ ਇਸ ਨੂੰ ਸਕਾਰਾਤਮਕ ਤੌਰ 'ਤੇ ਦੇਖਦੇ ਹਨ, ਜੋ ਕਿ ਦਹਾਕਿਆਂ ਵਿੱਚ ਸਭ ਤੋਂ ਘੱਟ ਗਿਣਤੀ ਹੈ ਅਤੇ ਡੈਮੋਕਰੇਟ ਇਸ ਗੱਲ 'ਤੇ ਵੰਡੇ ਹੋਏ ਹਨ ਕਿ ਜਦੋਂ ਉਹ ਕਾਂਗਰਸ ਦੇ ਕਿਸੇ ਵੀ ਸਦਨ ਨੂੰ ਕੰਟਰੋਲ ਨਹੀਂ ਕਰਦੇ ਤਾਂ ਟਰੰਪ ਦਾ ਪ੍ਰਭਾਵਸ਼ਾਲੀ ਢੰਗ ਨਾਲ ਵਿਰੋਧ ਕਿਵੇਂ ਕਰਨਾ ਹੈ।

ਲਿਬਰਲ ਸ਼ਨੀਵਾਰ ਨੂੰ ਕਈ ਕਾਰਨਾਂ ਕਰਕੇ ਸੜਕਾਂ 'ਤੇ ਉਤਰ ਆਏ। ਟਰੰਪ ਦੇ ਹਮਲਾਵਰ ਇਮੀਗ੍ਰੇਸ਼ਨ ਲਾਗੂ ਕਰਨ, ਉਸ ਦੀਆਂ ਟੈਰਿਫ ਨੀਤੀਆਂ, ਉਸ ਦੀਆਂ ਸਰਕਾਰੀ ਕਟੌਤੀਆਂ, ਉਸ ਦੀਆਂ ਵਿਦੇਸ਼ ਨੀਤੀਆਂ, ਅਮਰੀਕੀ ਸ਼ਹਿਰਾਂ ਵਿੱਚ ਨੈਸ਼ਨਲ ਗਾਰਡ ਦੀ ਤੈਨਾਤੀ ਅਤੇ ਰਾਸ਼ਟਰਪਤੀ ਦੇ ਅਧਿਕਾਰ ਦੀ ਉਸ ਦੀ ਬੇਰਹਿਮੀ ਨਾਲ ਵਰਤੋਂ, ਇਹ ਸਾਰੇ ਅਕਸਰ ਚਿੰਤਾ ਅਤੇ ਗੁੱਸੇ ਦੇ ਵਿਸ਼ੇ ਸਨ। ਕੁਝ ਨਿਰਾਸ਼ਾ ਡੈਮੋਕਰੇਟਿਕ ਨੇਤਾਵਾਂ 'ਤੇ ਵੀ ਕੇਂਦ੍ਰਿਤ ਸੀ।

ਵਾਸ਼ਿੰਗਟਨ, ਡੀਸੀ ਵਿੱਚ ਇੱਕ ਪ੍ਰਦਰਸ਼ਨਕਾਰੀ ਨੇ ਸ਼ਨੀਵਾਰ ਨੂੰ ਐੱਨਬੀਸੀ ਨਿਊਜ਼ ਨੂੰ ਦੱਸਿਆ, "ਅਸੀਂ ਇਸ ਨੂੰ ਸਹਿ ਰਹੇ ਹਾਂ ਅਤੇ ਬੋਲ ਨਹੀਂ ਰਹੇ। ਤੁਸੀਂ ਜਾਣਦੇ ਹੋ, ਮੈਨੂੰ ਲੱਗਦਾ ਹੈ ਕਿ ਸਾਨੂੰ ਉੱਚੀ ਆਵਾਜ਼ ਵਿੱਚ ਬੋਲਣ ਦੀ ਜ਼ਰੂਰਤ ਹੈ।" ਡੈਮੋਕ੍ਰੇਟ ਮੌਜੂਦਾ ਸਰਕਾਰੀ ਸ਼ਟਡਾਊਨ ਬਾਰੇ ਵਧੇਰੇ ਹਮਲਾਵਰ ਰਹੇ ਹਨ, ਜੋ ਕਿ ਆਪਣੇ ਚੌਥੇ ਹਫ਼ਤੇ ਵਿੱਚ ਦਾਖ਼ਲ ਹੋਣ ਵਾਲਾ ਹੈ। ਉਹ ਘੱਟ ਆਮਦਨ ਵਾਲੇ ਅਮਰੀਕੀਆਂ ਲਈ ਸਿਹਤ ਬੀਮਾ ਸਬਸਿਡੀਆਂ 'ਤੇ ਦੋ-ਪੱਖੀ ਸਹਿਮਤੀ ਤੋਂ ਬਿਨ੍ਹਾਂ ਮੌਜੂਦਾ ਸੰਘੀ ਖਰਚਿਆਂ ਦੇ ਥੋੜ੍ਹੇ ਸਮੇਂ ਦੇ ਵਾਧੇ ਨੂੰ ਮਨਜ਼ੂਰੀ ਦੇਣ ਲਈ ਤਿਆਰ ਨਹੀਂ ਹਨ, ਜੋ ਕਿ ਸਾਲ ਦੇ ਅੰਤ ਵਿੱਚ ਖ਼ਤਮ ਹੋਣ ਜਾ ਰਹੇ ਹਨ। ਸੈਨੇਟ ਸੰਸਦੀ ਨਿਯਮਾਂ ਦੇ ਕਾਰਨ ਘੱਟ ਗਿਣਤੀ ਵਿੱਚ ਹੋਣ ਦੇ ਬਾਵਜੂਦ ਡੈਮੋਕ੍ਰੇਟ ਦੀ ਕੁਝ ਸ਼ਕਤੀ ਕਾਇਮ ਰਹਿੰਦੀ ਹੈ ਅਤੇ ਜੇ ਜ਼ਿਆਦਾ ਨਹੀਂ ਤਾਂ ਹੁਣ ਤੱਕ ਜਨਤਾ ਘੱਟੋ-ਘੱਟ ਇਸ ਗਤੀਰੋਧ ਲਈ ਟਰੰਪ ਅਤੇ ਰਿਪਬਲਿਕਨ ਬਹੁਮਤ ਨੂੰ ਜ਼ਿੰਮੇਵਾਰ ਠਹਿਰਾ ਰਹੀ ਹੈ।

ਪਰ ਇਹ ਰਣਨੀਤੀ ਜੋਖ਼ਮ ਵੀ ਰੱਖਦੀ ਹੈ। ਸ਼ਟਡਾਊਨ ਕਾਰਨ ਹੋਣ ਵਾਲਾ ਦੁੱਖ, ਖ਼ਾਸ ਕਰਕੇ ਡੈਮੋਕ੍ਰੇਟਿਕ ਗਠਜੋੜ ਦੇ ਮੈਂਬਰਾਂ ਲਈ ਹਫ਼ਤੇ ਬੀਤਣ ਦੇ ਨਾਲ-ਨਾਲ ਵਧੇਗਾ। ਬਹੁਤ ਸਾਰੇ ਸੰਘੀ ਕਰਮਚਾਰੀਆਂ ਨੂੰ ਤਨਖਾਹਾਂ ਨਹੀਂ ਮਿਲੀਆਂ ਹਨ ਅਤੇ ਉਹ ਵਿੱਤੀ ਮੁਸ਼ਕਲ ਦਾ ਸਾਹਮਣਾ ਕਰ ਰਹੇ ਹਨ। ਘੱਟ ਆਮਦਨ ਵਾਲੇ ਲੋਕਾਂ ਲਈ ਭੋਜਨ ਸਹਾਇਤਾ ਲਈ ਫੰਡ ਖ਼ਤਮ ਹੋਣ ਦੀ ਉਮੀਦ ਹੈ। ਅਮਰੀਕੀ ਨਿਆਂਇਕ ਪ੍ਰਣਾਲੀ ਆਪਣੇ ਕਾਰਜਾਂ ਨੂੰ ਘਟਾ ਰਹੀ ਹੈ ਅਤੇ ਟਰੰਪ ਪ੍ਰਸ਼ਾਸਨ ਡੈਮੋਕ੍ਰੇਟਿਕ ਸਟੇਟਾਂ ਅਤੇ ਸ਼ਹਿਰਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ, ਸੰਘੀ ਸਟਾਫ ਵਿੱਚ ਨਵੀਆਂ ਕਟੌਤੀਆਂ ਦਾ ਆਦੇਸ਼ ਦੇਣ ਤੇ ਘਰੇਲੂ ਖਰਚਿਆਂ ਨੂੰ ਮੁਅੱਤਲ ਕਰਨ ਲਈ ਸ਼ਟਡਾਊਨ ਦੀ ਵਰਤੋਂ ਕਰ ਰਿਹਾ ਹੈ। ਹਕੀਕਤ ਇਹ ਹੈ ਕਿ ਸੀਨੇਟ ਵਿੱਚ ਡੈਮੋਕ੍ਰੇਟਿਕ ਨੇਤਾਵਾਂ ਨੂੰ ਆਖ਼ਰਕਾਰ ਇਸ ਸੰਕਟ ਵਿੱਚੋਂ ਬਾਹਰ ਨਿਕਲਣ ਦਾ ਰਸਤਾ ਲੱਭਣਾ ਪਵੇਗਾ। ਪਰ ਉਨ੍ਹਾਂ ਨੂੰ ਉਨ੍ਹਾਂ ਸ਼ਰਤਾਂ 'ਤੇ ਪਹੁੰਚਣ ਲੱਗਿਆ ਮੁਸ਼ਕਲ ਹੋ ਸਕਦੀ ਹੈ, ਜੋ ਸ਼ਨੀਵਾਰ ਨੂੰ ਸੜਕਾਂ 'ਤੇ ਉਤਰਨ ਵਾਲੇ ਮੁਜ਼ਹਰਾਕ-ਾਰੀਆਂ ਲਈ ਸਵੀਕਾਰਯੋਗ ਸਨ।

ਵਰਜੀਨੀਆ ਦੇ ਡੈਮੋਕ੍ਰੇਟਿਕ ਸੈਨੇਟਰ ਟਿਮ ਕੇਨ ਨੇ ਐਤਵਾਰ ਨੂੰ ਐੱਨਬੀਸੀ ਦੇ ਮੀਟ ਦਿ ਪ੍ਰੈੱਸ 'ਤੇ ਇੱਕ ਇੰਟਰਵਿਊ ਵਿੱਚ ਕਿਹਾ, "ਜੇਕਰ ਅਸੀਂ ਰਾਸ਼ਟਰਪਤੀ ਟਰੰਪ ਨਾਲ ਇੱਕ ਸਮਝੌਤੇ 'ਤੇ ਹੱਥ ਮਿਲਾਉਂਦੇ ਹਾਂ, ਤਾਂ ਅਸੀਂ ਨਹੀਂ ਚਾਹੁੰਦੇ ਕਿ ਉਹ ਅਗਲੇ ਹਫ਼ਤੇ ਹਜ਼ਾਰਾਂ ਹੋਰ ਲੋਕਾਂ ਨੂੰ ਨੌਕਰੀ ਤੋਂ ਕੱਢਣ, ਆਰਥਿਕ ਵਿਕਾਸ ਪ੍ਰੋਜੈਕਟਾਂ ਨੂੰ ਰੱਦ ਕਰਨ ਅਤੇ ਜਨਤਕ ਸਿਹਤ ਫੰਡਿੰਗ ਨੂੰ ਰੱਦ ਕਰ ਦੇਣ।" "ਇਸ ਲਈ ਅਸੀਂ ਇੱਕ ਸਮਝੌਤੇ 'ਤੇ ਸਹਿਮਤੀ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਸਮਝੌਤਾ ਤਾਂ ਸਮਝੌਤਾ ਹੀ ਹੈ।" ਨਵੰਬਰ ਦੀ ਸ਼ੁਰੂਆਤ ਵਿੱਚ ਵੀ ਸਰਕਾਰੀ ਸ਼ਟਡਾਊਨ ਜਾਰੀ ਰਹਿਣ ਦੀ ਸੰਭਾਵਨਾ ਹੈ, ਜਦੋਂ ਕੁਝ ਸਟੇਟਾਂ ਵਿੱਚ ਮਤਦਾਤਾ ਪਿਛਲੇ ਸਾਲ ਦੇ ਰਾਸ਼ਟਰਪਤੀ ਚੋਣਾਂ ਤੋਂ ਬਾਅਦ ਪਹਿਲੀ ਵਾਰ ਮਤਦਾਨ ਕਰਨਗੇ।

ਗਵਰਨੇਟਰਲ ਅਤੇ ਰਾਜ ਵਿਧਾਨ ਸਭਾ ਚੋਣਾਂ ਇਸ ਗੱਲ ਦਾ ਪੈਮਾਨਾ ਸਾਬਿਤ ਹੋ ਸਕਦੇ ਹਨ ਕਿ ਕਿ ਕੀ "ਨੋ ਕਿੰਗਜ਼" ਰੋਸ ਮੁਜ਼ਾਹਰੇ ਵਿੱਚ ਪ੍ਰਦਰਸ਼ਿਤ ਟਰੰਪ ਵਿਰੋਧੀ ਭਾਵਨਾ ਡੈਮੋਕ੍ਰੇਟਸ ਲਈ ਚੋਣ ਸਫ਼ਲਤਾ ਵਿੱਚ ਤਬਦੀਲ ਹੁੰਦੀ ਹੈ ਜਾਂ ਨਹੀਂ। ਚਾਰ ਸਾਲ ਪਹਿਲਾਂ, ਵਰਜੀਨੀਆ ਵਿੱਚ ਇੱਕ ਰਿਪਬਲਿਕਨ ਨੇ ਗਵਰਨੇਟਰਲ ਚੋਣ ਜਿੱਤੀ, ਜੋ ਇੱਕ ਅਜਿਹਾ ਚੋਣ ਮੈਦਾਨ ਹੈ ਜਿੱਥੇ ਹਾਲ ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਖੱਬੇਪੱਖੀ ਰੁਝਾਨ ਰਿਹਾ ਹੈ, ਜਿਸ ਨਾਲ ਰਾਸ਼ਟਰਪਤੀ ਜੋਅ ਬਾਈਡਨ ਦੇ ਪ੍ਰਤੀ ਵੋਟਰਾਂ ਦੀ ਅਸੰਤੁਸ਼ਟੀ ਦਾ ਸ਼ੁਰੂਆਤੀ ਸੰਕੇਤ ਮਿਲਦਾ ਹੈ। ਇਸ ਵਾਰ, ਡੈਮੋਕ੍ਰੇਟ ਸਾਬਕਾ ਕਾਂਗਰਸ ਮੈਂਬਰ ਅਬੀਗੈਲ ਸਪੈਨਬਰਗਰ ਚੋਣਾਂ ਵਿੱਚ ਆਪਣੇ ਰਿਪਬਲਿਕਨ ਵਿਰੋਧੀ ਤੋਂ ਅੱਗੇ ਚੱਲ ਰਹੀ ਹੈ। ਹਾਲਾਂਕਿ ਟਰੰਪ ਪਿਛਲੇ ਸਾਲ ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਨਿਊ ਜਰਸੀ ਤੋਂ ਹਾਰ ਗਏ ਸਨ, ਪਰ ਹਾਰ ਦਾ ਫਰਕ - 6% ਤੋਂ ਘੱਟ ਸੀ, 2020 ਵਿੱਚ ਬਾਈਡਨ ਦੀ 16% ਜਿੱਤ ਅਤੇ 2017 ਵਿੱਚ ਹਿਲੇਰੀ ਕਲਿੰਟਨ ਦੀ 14% ਜਿੱਤ ਨਾਲੋਂ ਘੱਟ ਸੀ। ਨਵੰਬਰ ਵਿੱਚ ਗਵਰਨਰ ਦੀ ਚੋਣ ਵੀ ਕਾਫੀ ਟੱਕਰ ਵਾਲੀ ਨਜ਼ਰ ਆ ਰਹੀ ਹੈ।

### ਨਵੰਬਰ ਦੀਆਂ ਚੋਣਾਂ

ਨਿਊ ਜਰਸੀ ਦੇ ਮੋਂਟਕਲੇਅਰ ਵਿੱਚ ਨੋ ਕਿੰਗਜ਼ ਰੈਲੀ ਵਿੱਚ, ਡੈਮੋਕ੍ਰੇਟਿਕ ਨੈਸ਼ਨਲ ਕਮੇਟੀ ਦੇ ਚੇਅਰਮੈਨ ਕੇਨ ਮਾਰਟਿਨ ਨੇ ਹਾਜ਼ਰੀਨ ਨੂੰ ਆਉਣ ਵਾਲੀਆਂ ਚੋਣਾਂ ਵਿੱਚ ਵੋਟ ਪਾਉਣ ਦੀ ਅਪੀਲ ਕੀਤੀ। ਉਨ੍ਹਾਂ ਨੇ ਕਿਹਾ, "ਇਨ੍ਹਾਂ ਰੋਸ-ਮੁਜ਼ਾਹਰਿਆਂ ਵਿੱਚ ਸ਼ਾਮਲ ਹੋਣਾ ਇੱਕ ਗੱਲ ਹੈ ਅਤੇ ਸੱਤਾ ਵਾਪਸ ਹਾਸਲ ਕਰਨਾ ਦੂਜੀ ਗੱਲ ਹੈ।" ਨਵੰਬਰ ਵਿੱਚ ਹੋਣ ਵਾਲੀਆਂ ਚੋਣਾਂ ਇਸ ਗੱਲ ਦੀ ਪ੍ਰੀਖਿਆ ਹੋਵੇਗੀ ਕਿ ਕੀ ਟਰੰਪ ਪ੍ਰਤੀ ਨਫ਼ਰਤ ਖੱਬੇਪੱਖੀ ਵੋਟਰਾਂ ਨੂੰ ਡੈਮੋਕ੍ਰੇਟਿਕ ਉਮੀਦਵਾਰਾਂ ਦਾ ਸਮਰਥਨ ਕਰਨ ਲਈ ਪ੍ਰੇਰਿਤ ਕਰਨ ਲਈ ਕਾਫੀ ਹੈ। ਹਾਲਾਂਕਿ, ਇਹ ਅਗਲੇ ਸਾਲ ਹੋਣ ਵਾਲੀਆਂ ਮੱਧਕਾਲੀ ਚੋਣਾਂ ਦੀ ਸ਼ੁਰੂਆਤ ਮਾਤਰ ਹਨ, ਜੋ ਇਹ ਨਿਰਧਾਰਤ ਕਰਨਗੀਆਂ ਕਿ ਅਮਰੀਕੀ ਕਾਂਗਰਸ ਦੇ ਦੋਵਾਂ ਸਦਨਾਂ 'ਤੇ ਕਿਸ ਪਾਰਟੀ ਦਾ ਕੰਟਰੋਲ ਹੈ ਅਤੇ ਡੈਮੋਕ੍ਰੇਟਸ ਨੂੰ ਟਰੰਪ ਦੇ ਰਾਸ਼ਟਰਪਤੀ ਦੇ ਕਾਰਜਕਾਲ ਦੇ ਆਖ਼ਰੀ ਦੋ ਸਾਲਾਂ ਲਈ ਉਨ੍ਹਾਂ ਦੀ ਸ਼ਕਤੀ 'ਤੇ ਹਕੀਕਤ ਕੰਟ੍ਰੋਲ ਦੇ ਸਕਦੀ ਹੈ।

ਸ਼ਨੀਵਾਰ ਦੇ ਰੋਸ-ਮੁਜ਼ਾਹਰਿਆਂ ਦੀ ਤਰਜੀਹ "ਟਰੰਪ ਨੂੰ ਰੋਕੋ" ਦੇ ਸੰਦੇਸ਼ ਦੇ ਆਲੇ-ਦੁਆਲੇ ਇਕਜੁੱਟ ਹੋਣਾ ਸੀ। ਘੱਟੋ-ਘੱਟ ਹੁਣ ਲਈ, ਡੈਮੋਕ੍ਰੇਟ ਸੱਤਾ ਵਿੱਚ ਵਾਪਸ ਆਉਣ ਤੋਂ ਬਾਅਦ ਕੀ ਕਰ ਸਕਦੇ ਹਨ ਇਸ ਬਾਰੇ ਚਿੰਤਾ ਘੱਟ ਹੈ। ਹਾਲਾਂਕਿ, ਕੁਝ ਸੰਕੇਤ ਹਨ ਕਿ ਪਾਰਟੀ ਗਠਜੋੜ ਦੇ ਅੰਦਰ ਦਰਾਰਾਂ ਬਣੀ ਹੋਈਆਂ ਹਨ। ਉਦਾਹਰਣ ਵਜੋਂ, ਸਾਬਕਾ ਉਪ ਰਾਸ਼ਟਰਪਤੀ ਕਮਲਾ ਹੈਰਿਸ ਦਾ 'ਕਿਤਾਬ ਦੌਰਾ', ਫਲਸਤੀਨੀ ਪੱਖੀ ਮੁਜ਼ਹਰਾਕਾਰੀਆਂ ਵੱਲੋਂ ਰੋਕਿਆ ਗਿਆ ਹੈ, ਜਿਹੜੇ ਜੋਅ ਬਾਈਡਨ ਪ੍ਰਸ਼ਾਸਨ ਦੀਆਂ ਮੱਧ ਪੂਰਬ ਨੀਤੀਆਂ ਦਾ ਵਿਰੋਧ ਕਰਦੇ ਹਨ।

ਸਮਾਜਿਕ ਨੀਤੀਆਂ (ਟ੍ਰਾਂਸ ਅਧਿਕਾਰਾਂ ਸਮੇਤ) ਦੀ ਬਜਾਏ ਆਰਥਿਕ ਮੁੱਦਿਆਂ 'ਤੇ ਧਿਆਨ ਕੇਂਦਰਿਤ ਕਰਨ ਦੇ ਮੱਧਵਾਦੀ ਪ੍ਰਸਤਾਵਾਂ ਦੀ ਖੱਬੇ-ਪੱਖੀ ਲੋਕਾਂ ਨੇ ਨਿੰਦਾ ਕੀਤੀ ਹੈ। ਮੇਨ, ਮੈਸੇਚਿਉਸੇਟਸ, ਕੈਲੀਫੋਰਨੀਆ ਅਤੇ ਮਿਸ਼ੀਗਨ ਵਿੱਚ ਅਗਲੇ ਸਾਲ ਹੋਣ ਵਾਲੀਆਂ ਚੋਣਾਂ ਲਈ ਡੈਮੋਕ੍ਰੇਟਿਕ ਉਮੀਦਵਾਰਾਂ ਨੂੰ ਨਿਰਧਾਰਤ ਕਰਨ ਲਈ ਵਿਵਾਦਪੂਰਨ ਪ੍ਰਾਇਮਰੀ ਚੋਣਾਂ ਹੋਣ ਦੀ ਸੰਭਾਵਨਾ ਹੈ, ਜਿਨ੍ਹਾਂ ਵਿੱਚ ਪੁਰਾਣੇ ਸਥਾਪਿਤ ਸਿਆਸਤਦਾਨ ਨੌਜਵਾਨਾਂ ਦੇ ਖ਼ਿਲਾਫ਼ ਅਤੇ ਉਦਾਰਵਾਦੀ ਮੱਧਵਾਦੀਆਂ ਦੇ ਖ਼ਿਲਾਫ਼ ਖੜ੍ਹੇ ਹੋਣਗੇ। ਇਹ ਲੜਾਈਆਂ ਪੁਰਾਣੇ ਰਾਜਨੀਤਿਕ ਜ਼ਖ਼ਮਾਂ ਨੂੰ ਜਲਦੀ ਖੋਲ੍ਹ ਸਕਦੀਆਂ ਹਨ ਜਿਨ੍ਹਾਂ ਨੂੰ ਠੀਕ ਕਰਨਾ ਮੁਸ਼ਕਲ ਹੈ। ਨਤੀਜੇ ਵਜੋਂ, ਇਕੱਲੇ ਮਾਰਚ ਪਾਰਟੀ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਕਾਫ਼ੀ ਨਹੀਂ ਹੋ ਸਕਦੇ।

# 40 ਸਾਲ ਬਾਅਦ ਪਤਾ ਲੱਗਿਆ ਇਹ ਤਾਂ ਨਿਰਦੋਸ਼ ਹੈ

ਕੀੜੀਆਂ ਨੂੰ ਗਿਣਨਾ, ਮੱਖੀਆਂ ਨੂੰ ਉੱਡਦੇ ਦੇਖਣਾ, ਆਪਣੇ ਨਹੁੰਆਂ ਨਾਲ ਕੰਧ ਨੂੰ ਖੁਰਚਣਾ, ਗਾਉਣਾ। 20 ਸਾਲਾਂ ਤੋਂ ਵੱਧ ਸਮੇਂ ਤੋਂ ਤੱਕ ਸੀਜ਼ਰ ਫਿਏਰੋ ਤਕਰੀਬਨ ਇਹ ਹੀ ਕਰ ਰਹੇ ਸਨ। ਉੱਤਰੀ ਮੈਕਸੀਕੋ ਦੇ ਸਰਹੱਦੀ ਸ਼ਹਿਰ ਸਿਉਦਾਦ ਜੁਆਰੇਜ਼ ਵਿੱਚ ਜਨਮੇ, 69 ਸਾਲਾ ਬਜ਼ੁਰਗ ਨੇ ਚਾਰ ਦਹਾਕਿਆਂ ਤੋਂ ਵੱਧ ਸਮਾਂ ਜੇਲ੍ਹ ਵਿੱਚ ਬਿਤਾਇਆ ਅਤੇ ਅਮਰੀਕਾ ਦੇ ਟੈਕਸਸ ਵਿੱਚ ਉਨ੍ਹਾਂ ਦੇ ਅਪਰਾਧ ਲਈ ਮੌਤ ਦੀ ਸਜ਼ਾ ਸੁਣਾਈ ਜੋ ਅਸਲ ਵਿੱਚ ਉਨ੍ਹਾਂ ਨੇ ਨਹੀਂ ਕੀਤਾ ਸੀ। ਉਸ ਸਜ਼ਾ ਦਾ ਅੱਧਾ ਹਿੱਸਾ ਇਕਾਂਤ ਕੈਦ ਵਿੱਚ ਕੱਟਿਆ ਗਿਆ। ਮੈਕਸੀਕੋ ਦੇ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ (ਸੀਐੱਨਡੀਐੱਚ) ਮੁਤਾਬਕ, 1980 ਦੇ ਦਹਾਕੇ ਦੇ ਸ਼ੁਰੂ ਵਿੱਚ, ਫਿਏਰੋ ਜੋ ਉਸ ਸਮੇਂ ਐਲ ਪਾਸੋ ਵਿੱਚ ਮਿਰਚਾਂ ਚੁੱਕਣ ਵਾਲਾ ਕੰਮ ਕਰਦੇ ਸਨ, ਨੂੰ ਪੁਲਿਸ ਅਧਿਕਾਰੀਆਂ ਦੇ ਇੱਕ ਗਰੁੱਪ ਨੇ ਇੱਕ ਟੈਕਸੀ ਡਰਾਈਵਰ ਦੇ ਕਤਲ ਦੇ ਇਕਬਾਲੀਆ ਬਿਆਨ 'ਤੇ ਦਸਤਖਤ ਕਰਨ ਲਈ ਮਜਬੂਰ ਕੀਤਾ ਸੀ।

ਉਹ ਦਾਅਵਾ ਕਰਦਾ ਹੈ ਕਿ ਜੇਲ੍ਹ ਵਿੱਚ ਉਨ੍ਹਾਂ ਨੇ ਦੁਰਵਿਵਹਾਰ ਸਹਿਣ ਕੀਤਾ ਅਤੇ ਉਨ੍ਹਾਂ ਤਸੀਹਿਆਂ ਨੂੰ ਸਹਿਣ ਕੀਤਾ ਜੋ ਇਕੱਲਤਾ ਮਨ ਅਤੇ ਸਰੀਰ 'ਤੇ ਛੱਡਦੀ ਹੈ। ਉਨ੍ਹਾਂ ਨੇ ਮੈਕਸੀਕੋ ਸਿਟੀ ਵਿੱਚ ਇੱਕ ਇਮਾਰਤ ਦੀ ਛੱਤ 'ਤੇ ਆਪਣੇ ਛੋਟੇ ਜਿਹੇ ਅਪਾਰਟਮੈਂਟ ਤੋਂ ਇੱਕ ਇੰਟਰਵਿਊ ਵਿੱਚ ਅਫ਼ਸੋਸ ਜ਼ਾਹਰ ਕੀਤਾ। ਉਨ੍ਹਾਂ ਕਿਹਾ, "ਇਨਸਾਫ਼ ਨੇ ਮੇਰਾ ਸਭ ਕੁਝ ਖੋਹ ਲਿਆ। ਜੇ ਇਹ ਮੇਰੇ ਨਾਲ ਹੋਇਆ, ਤਾਂ ਇਹ ਕਿਸੇ ਨਾਲ ਵੀ ਹੋ ਸਕਦਾ ਹੈ। ਮੈਂ ਆਜ਼ਾਦ ਹਾਂ, ਪਰ ਮੇਰੇ ਕੋਲ ਜੀਣ ਲਈ ਬਹੁਤਾ ਸਮਾਂ ਨਹੀਂ ਬਚਿਆ ਹੈ।" ਉਨ੍ਹਾਂ ਨੂੰ 2020 ਵਿੱਚ ਰਿਹਾਅ ਕੀਤਾ ਗਿਆ ਸੀ।

ਉਸੇ ਸਾਲ, ਫਿਲਮ ਨਿਰਮਾਤਾ ਸੈਂਟੀਆਗੋ ਐਸਟੀਨੋ ਨਾਲ ਮਿਲ ਕੇ ਉਨ੍ਹਾਂ ਨੇ "ਲਾ ਲਿਬਰੇਟਿਡ ਡੀ ਫਿਏਰੋ" (2024) 'ਤੇ ਕੰਮ ਕਰਨਾ ਸ਼ੁਰੂ ਕੀਤਾ, ਜੋ ਕਿ ਜੇਲ੍ਹ ਤੋਂ ਬਾਹਰ ਦੀ ਜ਼ਿੰਦਗੀ ਵਿੱਚ ਘੁੱਲ-ਮਿਲ ਬਾਰੇ ਬਣੀ ਇੱਕ ਦਸਤਾਵੇਜ਼ੀ ਫ਼ਿਲਮ ਸੀ। ਇਸ ਦਾ ਪ੍ਰੀਮੀਅਰ ਇਸੇ ਸਾਲ 10 ਅਕਤੂਬਰ ਨੂੰ ਮੈਕਸੀਕਨ ਸਿਨੇਮਾਘਰਾਂ ਵਿੱਚ ਹੋਇਆ ਸੀ ਅਤੇ ਪਹਿਲਾਂ ਟੋਰਾਂਟੋ ਫਿਲਮ ਫੈਸਟੀਵਲ ਵਿੱਚ ਦਿਖਾਇਆ ਗਈ ਸੀ। ਇਸ ਦਾ ਇੱਕ ਹੋਰਸੀਕਵਲ "ਲੋਸ ਐਨੋਸ ਡੀ ਫਿਏਰੋ" ਸਾਲ 2014 ਦੀ ਕਹਾਣੀ ਦਰਸਾਉਂਦਾ ਹੈ, ਜੋ ਉਨ੍ਹਾਂ ਦੇ ਕਾਨੂੰਨੀ ਕੇਸ ਨੂੰ ਬਿਆਨ ਕਰਦੀ ਹੈ ਅਤੇ ਇਸਦਾ ਨਿਰਦੇਸ਼ਨ ਵੀ ਐਸਟੀਨੋ ਨੇ ਹੀ ਕੀਤਾ ਸੀ। ਦੋਵੇਂ ਫਿਲਮਾਂ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਸਹੀ ਸਾਬਤ ਕਰਨ ਦੀ ਕੋਸ਼ਿਸ਼ ਕਰਦੀਆਂ ਹਨ।



ਫਿਏਰੋ ਅਜੇ ਵੀ ਸਿਉਦਾਦ ਜੁਆਰੇਜ਼ ਅਤੇ ਐਲ ਪਾਸੋ ਦੇ ਅਧਿਕਾਰੀਆਂ ਤੋਂ ਮਾਫ਼ੀ ਦੀ ਉਡੀਕ ਕਰ ਰਹੇ ਹਨ, ਜਿਨ੍ਹਾਂ ਨੇ ਇਸ ਆਉਟਲੈਟ ਤੋਂ ਟਿੱਪਣੀ ਲਈ ਬੇਨਤੀ ਦਾ ਜਵਾਬ ਨਹੀਂ ਦਿੱਤਾ। ਹੁਣ ਇਹ ਮੈਕਸੀਕਨ, ਵਿੱਤੀ ਸਹਾਰੇ ਲਈ ਇੱਕ ਸਹਾਇਤਾ ਨੈੱਟਵਰਕ ਬਣਾਉਣ ਅਤੇ ਆਪਣੀ ਸਿਹਤ ਨੂੰ ਠੀਕ ਕਰਨ ਲਈ ਸੰਘਰਸ਼ ਕਰ ਰਿਹਾ ਹੈ। ਇਹ ਉਨ੍ਹਾਂ ਦੀ ਕਹਾਣੀ ਹੈ।

ਇਕਬਾਲ ਕਰਨਾਫਰਵਰੀ 1979 ਵਿੱਚ ਐਲ ਪਾਸੋ ਪੁਲਿਸ ਨੂੰ ਮੈਕਸੀਕਨ ਸਰਹੱਦ ਦੇ ਨੇੜੇ ਟੈਕਸੀ ਡਰਾਈਵਰ ਨਿਕੋਲਸ ਕਾਸਟਾਨੋਨ ਦੀ ਲਾਸ਼ ਮਿਲੀ। ਉਸ ਨੂੰ ਗੋਲੀ ਲੱਗੀ ਹੋਈ ਸੀ। ਅਪਰਾਧ ਤੋਂ ਪੰਜ ਮਹੀਨੇ ਬਾਅਦ, ਸੀਜ਼ਰ ਫਿਏਰੋ ਨੂੰ ਟੈਕਸਸ ਸ਼ਹਿਰ ਦੀ ਇੱਕ ਜੇਲ੍ਹ ਵਿੱਚ ਆਪਣੇ ਇੱਕ ਭਰਾ ਨੂੰ ਮਿਲਣ ਜਾਂਦੇ ਹੋਏ ਗ੍ਰਿਫਤਾਰ ਕੀਤਾ ਗਿਆ ਸੀ। ਉਨ੍ਹਾਂ 'ਤੇ ਜੇਲ੍ਹ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਦੀ ਕੋਸ਼ਿਸ਼ ਕਰਨ ਦਾ ਇਲਜ਼ਾਮ ਲਗਾਇਆ ਗਿਆ ਸੀ, ਜਿਸ ਤੋਂ ਉਹ ਇਨਕਾਰ ਕਰਦੇ ਹਨ। ਉਨ੍ਹਾਂ ਨੇ ਦੱਸਿਆ, "ਉਨ੍ਹਾਂ ਨੇ ਮੇਰੀ ਜਾਂਚ ਕੀਤੀ ਅਤੇ ਕੁਝ ਨਹੀਂ ਮਿਲਿਆ।" ਹਾਲੇ ਉਹ ਟੈਕਸਸ ਵਿੱਚ ਹੀ ਸਨ ਅਜੇ ਪੁਲਿਸ ਹਿਰਾਸਤ ਵਿੱਚ ਸਨ ਜਦੋਂ ਉਨ੍ਹਾਂ 'ਤੇ ਟੈਕਸੀ ਡਰਾਈਵਰ ਦੇ ਕਤਲ ਦੇ ਇਕਬਾਲੀਆ ਬਿਆਨ 'ਤੇ ਦਸਤਖਤ ਕਰਨ ਲਈ ਦਬਾਅ ਪਾਇਆ ਗਿਆ। ਉਨ੍ਹਾਂ ਨੇ ਸਿਉਦਾਦ ਜੁਆਰੇਜ਼ ਦੇ ਅਧਿਕਾਰੀਆਂ ਦਾ ਫ਼ੋਨ ਆਉਣ ਤੋਂ ਬਾਅਦ ਅਜਿਹਾ ਕੀਤਾ, ਜਿਨ੍ਹਾਂ ਨੇ ਦੱਸਿਆ ਕਿ ਪੁਲਿਸ ਗੁਪਤ ਸੇਵਾ ਦਾ ਹਿੱਸਾ, ਜੋਰਜ ਪਲਾਸੀਓਸ ਨੇ ਉਨ੍ਹਾਂ ਦੀ ਮਾਂ ਅਤੇ ਮਤਰੇਏ ਪਿਤਾ ਨੂੰ ਗ੍ਰਿਫਤਾਰ ਕਰ ਲਿਆ ਹੈ। ਕਿਹਾ ਗਿਆ ਕਿ ਜੇਕਰ ਫਿਏਰੋ ਨੇ ਅਪਰਾਧ ਦੀ ਜ਼ਿੰਮੇਵਾਰੀ ਨਹੀਂ ਲਈ ਤਾਂ ਉਨ੍ਹਾਂ ਦੀ ਮਾਂ ਤੇ ਪਿਤਾ ਦੋਵਾਂ ਨੂੰ ਤਸੀਹੇ ਦਿੱਤੇ ਜਾਣਗੇ। 2021 ਅਤੇ 2024 ਦੇ ਵਿਚਕਾਰ ਕੀਤੀ ਗਈ ਆਪਣੀ ਜਾਂਚ ਵਿੱਚ, ਸੀ ਐੱਨ ਡੀ ਐੱਚ ਨੇ ਫਿਏਰੋ ਦੇ ਬਿਆਨ ਦੀ ਪੁਸ਼ਟੀ ਕੀਤੀ। ਏਜੰਸੀ ਦੇ ਇੱਕ ਬਿਆਨ ਮੁਤਾਬਕ, “ਮਿਉਂਸੀਪਲ ਏਜੰਟਾਂ ਨੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਹਿਰਾਸਤ ਵਿੱਚ ਲੈ ਲਿਆ ਅਤੇ ਉਨ੍ਹਾਂ ਨੂੰ ਤਸੀਹੇ ਦੇ ਕੇ ਸਰੀਰਕ ਨੁਕਸਾਨ ਪਹੁੰਚਾਉਣ ਦੀ ਧਮਕੀ ਦਿੱਤੀ, ਇੱਕ ਅਜਿਹੀ ਸਥਿਤੀ ਜਿਸਨੇ ਸੀਜ਼ਰ ਫਿਏਰੋ ਨੂੰ ਜ਼ੁਰਮ ਮੰਨਣ ਲਈ ਮਜਬੂਰ ਕੀਤਾ।" ਆਪਣੇ ਮਾਪਿਆਂ ਦੀ ਰਿਹਾਈ ਤੋਂ ਤਕਰੀਬਨ ਫ਼ੌਰਨ ਬਾਅਦ, ਫਿਏਰੋ ਨੇ ਆਪਣਾ ਫ਼ੈਸਲਾ ਬਦਲ ਲਿਆ।

"ਫਿਏਰੋ ਨੇ ਆਪਣਾ ਇਕਬਾਲੀਆ ਬਿਆਨ ਵਾਪਸ ਲੈ ਲਿਆ, ਆਪਣੀ ਬੇਗੁਨਾਹੀ ਦਾ ਐਲਾਨ ਕੀਤਾ ਅਤੇ ਉਨ੍ਹਾਂ ਨੇ ਸਿਰਫ ਇਸ ਡਰ ਤੋਂ ਕਬੂਲ ਕੀਤਾ ਸੀ ਕਿ ਉਨ੍ਹਾਂ ਨੂੰ ਖ਼ੌਫ਼ ਸੀ ਕਿ ਜੇ ਇਕਬਾਲ ਨਾ ਕੀਤਾ ਤਾਂ ਉਨ੍ਹਾਂ ਦੇ ਮਾਪਿਆਂ ਨੂੰ ਪੁਲਿਸ ਵੱਲੋਂ ਬੇਰਹਿਮੀ ਨਾਲ ਤਸੀਹੇ ਦਿੱਤੇ ਜਾਣਗੇ।" ਐਵੇਨਾ ਕੇਸ ਵਿੱਚ ਇੱਕ ਸੰਖੇਪ ਵਿੱਚ ਕਿਹਾ ਗਿਆ ਹੈ। ਐਵੇਨਾ ਮਾਮਲਾ ਇੱਕ ਉਹ ਮੁਕੱਦਮਾ ਹੈ, ਜੋ ਮੈਕਸੀਕੋ ਨੇ ਕੌਮਾਂਤਰੀ ਅਦਾਲਤ ਦੇ ਸਾਹਮਣੇ ਅਮਰੀਕਾ ਦੇ ਖ਼ਿਲਾਫ਼ ਦਾਇਰ ਕੀਤਾ ਸੀ। ਇਸ ਵਿੱਚ ਮੈਕਸੀਕੋ ਦਾ ਦਾਅਵਾ ਸੀ ਕਿ ਉਨ੍ਹਾਂ ਦੇ ਕਈ ਨਾਗਰਿਕਾਂ 'ਤੇ ਅਪਰਾਧਿਕ ਇਲਜ਼ਾਮ ਲਗਾ ਕੇ, ਉਨ੍ਹਾਂ ਦੇ ਕੌਂਸਲਰ ਅਧਿਕਾਰਾਂ ਦੀ ਉਲੰਘਣਾ ਕੀਤੀ ਗਈ ਹੈ। ਸੀਐੱਨਡੀਐੱਚ ਨੇ ਇਹ ਵੀ ਨੋਟ ਕੀਤਾ ਕਿ ਪਲਾਸੀਓਸ, ਜਿਸ ਅਧਿਕਾਰੀ ਨੇ ਫਿਏਰੋ ਦੇ ਮਾਪਿਆਂ ਨੂੰ ਹਿਰਾਸਤ ਵਿੱਚ ਲਿਆ ਸੀ, ਉਹ ਵ੍ਹਾਈਟ ਬ੍ਰਿਗੇਡ ਦਾ ਮੈਂਬਰ ਸੀ। ਇਹ ਇੱਕ ਅਰਧ ਸੈਨਿਕ ਸਮੂਹ ਜਿਸਦਾ ਤਸ਼ੱਦਦ ਦਾ ਇਤਿਹਾਸ ਮੈਕਸੀਕੋ ਵਿੱਚ 1970 ਅਤੇ 1980 ਦੇ ਦਹਾਕੇ ਦੌਰਾਨ ਜਾਰੀ ਰਿਹਾ ਸੀ।

ਫਿਏਰੋ ਨੂੰ ਅਪਰਾਧ ਨਾਲ ਜੋੜਨ ਦਾ ਕੋਈ ਭੌਤਿਕ ਸਬੂਤ ਨਹੀਂ ਸੀ ਅਤੇ ਉਨ੍ਹਾਂ ਦੇ ਮਕਾਨ ਮਾਲਕ ਤੋਂ ਪੁੱਛਗਿੱਛ ਕੀਤੀ ਗਈ। ਜਿਸ ਨੇ ਕਿਹਾ ਕਿ ਕਤਲ ਦੇ ਸਮੇਂ

(ਬਾਕੀ ਅਗਲੇ ਸਫੇ ‘ਤੇ)

# ਪੰਜਾਬ 'ਚ ਹੁਣ ਗਾਂ ਤੇ ਮੱਝ ਦੀ ਸਿਹਤ ਵੀ ਖਤਰੇ 'ਚ

ਪੰਜਾਬ ਸਣੇ ਭਾਰਤ ਦੇ ਕਈ ਸੂਬਿਆਂ ਦੇ ਲੱਖਾਂ ਪਸ਼ੂ ਪਾਲਕ ਦੁੱਧ ਉਤਪਾਦਨ ਦੇ ਕਾਰੋਬਾਰ ਨਾਲ ਜੁੜੇ ਹੋਏ ਹਨ। ਵਧੇਰੇ ਦੁੱਧ ਉਤਪਾਦਨ ਤੇ ਵੱਧ ਲਾਭ ਕਮਾਉਣ ਲਈ ਗਾਂ ਜਾਂ ਮੱਝ ਦਾ ਸਾਲ ਵਿੱਚ ਇੱਕ ਵਾਰ ਗਰਭਵਤੀ ਹੋਣਾ ਜ਼ਰੂਰੀ ਹੈ। ਪਰ ਕਈ ਵਾਰ ਅਜਿਹਾ ਹੁੰਦਾ ਹੈ ਕਿ ਗਾਂ ਜਾਂ ਮੱਝ ਵਿੱਚ ਕੋਈ ਦੋਸ਼ ਹੋਣ ਕਰ ਕੇ ਉਹ ਸਮੇਂ ਸਿਰ ਗਰਭ ਧਾਰਨ ਨਹੀਂ ਕਰ ਪਾਉਂਦੀ। ਮਾਹਰਾਂ ਦਾ ਮੰਨਣਾ ਹੈ ਕਿ ਜ਼ਿਆਦਾਤਰ ਪਸ਼ੂ ਪੌਸ਼ਟਿਕ ਖਾਣੇ ਦੀ ਕਮੀ ਕਰਕੇ ਬਾਂਝਪਨ ਦਾ ਸ਼ਿਕਾਰ ਹੁੰਦੇ ਹਨ। ਹਾਲਾਂਕਿ, ਕੁਝ ਮਾਮਲਿਆਂ ਵਿੱਚ ਯੂਟਰਸ ਵਿੱਚ ਇਨਫੈਕਸ਼ਨ, ਹਾਰਮੋਨਲ ਸੰਤੁਲਨ ਵਰਗੇ ਕਾਰਨਾਂ ਕਰਕੇ ਉਹ ਗਰਭ ਧਾਰਨ ਨਹੀਂ ਕਰ ਪਾਉਂਦੀਆਂ, ਜਿਸ ਨੂੰ ਬਾਂਝਪਨ ਕਿਹਾ ਜਾਂਦਾ ਹੈ। ਪਸ਼ੂਆਂ ਵਿੱਚ ਬਾਂਝਪਨ ਕੀ ਹੈ, ਇਸਦਾ ਕਾਰਨ ਕੀ ਹੁੰਦਾ ਹੈ ਤੇ ਮਾਹਰ ਇਸ ਬਾਰੇ ਕੀ ਕਹਿੰਦੇ ਹਨ, ਇਸ ਰਿਪੋਰਟ ਵਿੱਚ ਜਾਣਦੇ ਹਾਂ।

**ਪਸ਼ੂਆਂ ਵਿੱਚ ਬਾਂਝਪਨ**

ਮਾਹਰਾਂ ਮੁਤਾਬਕ ਪਸ਼ੂਆਂ ਦਾ ਗਰਭ ਧਾਰਨ ਚੱਕਰ 21 ਦਿਨਾਂ ਦਾ ਹੁੰਦਾ ਹੈ। ਮਾਦਾ ਪਸ਼ੂ ਬਾਲਗ਼ ਹੋਣ 'ਤੇ ਗਰਭਧਾਰਨ ਕਰਨ ਲਈ ਤਿਆਰ ਹੁੰਦੇ ਹਨ। ਇਹ ਗਰਭਧਾਰਨ ਚੱਕਰ ਹਰ 20-21 ਦਿਨਾਂ ਵਿੱਚ ਦੁਹਰਾਇਆ ਜਾਂਦਾ ਹੈ। ਪਸ਼ੂ ਪਾਲਣ ਵਿਭਾਗ ਦੇ ਡਿਪਟੀ ਡਾਇਰੈਕਟਰ ਸੀਜੀ ਚੌਧਰੀ ਨੇ ਬੀਬੀਸੀ ਨਾਲ ਕਰਦਿਆਂ ਕਿਹਾ, "ਜਦੋਂ ਕੋਈ ਮਾਦਾ ਪਸ਼ੂ ਗਰਭਵਰਤੀ ਹੋ ਜਾਂਦਾ ਹੈ, ਤਾਂ ਗਰਭਧਾਰਨ ਚੱਕਰ ਬੰਦ ਹੋ ਜਾਂਦਾ ਹੈ।" ਪਸ਼ੂਆਂ ਦੇ ਡਾਕਟਰ ਮੌਲਿਕ ਸ਼ਰਮਾ ਪ੍ਰਜਨਨ ਸੁਧਾਰ ਪ੍ਰੋਗਰਾਮ ਨਾਲ ਜੁੜੇ ਹਨ। ਡਾ. ਮੌਲਿਕ ਸ਼ਰਮਾ ਕਹਿੰਦੇ ਹਨ, "ਆਮ ਤੌਰ 'ਤੇ ਵੱਛੇ ਦੇ ਜਨਮ ਦੇ 60 ਤੋਂ 90 ਦਿਨ ਬਾਅਦ ਗਾਂ ਜਾਂ ਮੱਝ ਵਿੱਚ ਗਰਭਧਾਰਨ ਚੱਕਰ ਸ਼ੁਰੂ ਹੁੰਦਾ ਹੈ। ਗਾਂ ਦੀ ਵੱਛੀ ਦੋ ਸਾਲ ਬਾਅਦ ਜਦਕਿ ਮੱਝ ਦੀ ਕੱਟੀ 3 ਸਾਲ ਬਾਅਦ ਗਰਭਧਾਰਨ ਚੱਕਰ ਲਈ ਤਿਆਰ ਹੋ ਜਾਂਦੀ ਹੈ।" ਪਸ਼ੂਆਂ ਵਿੱਚ ਬਾਂਝਪਨ ਬਾਰੇ ਗੱਲ ਕਰਦੇ ਹੋਏ ਡਾ. ਸੀਜੀ ਚੌਧਰੀ ਕਹਿੰਦੇ ਹਨ, "ਜੇਕਰ ਗਾਂ ਜਾਂ ਮੱਝ ਦਾ ਗਰਭਧਾਰਨ ਤੋਂ ਬਾਅਦ ਗਰਭਪਾਤ ਹੋ ਰਿਹਾ ਹੈ। ਜੇਕਰ ਉਹ ਵਾਰ-ਵਾਰ ਗਰਭਧਾਰਨ ਦੇ ਚੱਕਰ ਵਿੱਚ ਆਉਂਦੀ ਹੈ ਤੇ ਜੇਕਰ 3 ਵਾਰ ਪ੍ਰਜਨਨ ਕਰਵਾਉਣ ਤੋਂ ਬਾਅਦ ਵੀ ਉਹ ਗਰਭਧਾਰਨ ਨਹੀਂ ਕਰ ਪਾਉਂਦੀ, ਤਾਂ ਉਸ ਪਸ਼ੂ ਨੂੰ ਬਾਂਝ ਪਸ਼ੂਆਂ ਦੀ ਸੂਚੀ ਵਿੱਚ ਸ਼ਾਮਲ ਕੀਤਾ ਜਾਂਦਾ ਹੈ।" ਪਸ਼ੂਆਂ ਵਿੱਚ ਇਹ ਬਾਂਝਪਨ ਦੋ ਪ੍ਰਕਾਰ ਦੇ ਹੁੰਦੇ ਹਨ- ਸਥਾਈ ਤੇ ਅਸਥਾਈ। ਡਾ। ਸੀਜੀ ਚੌਧਰੀ ਕਹਿੰਦੇ ਹਨ, ਜ਼ਿਆਦਾਤਰ ਮਾਮਲਿਆਂ ਵਿੱਚ ਅਸਥਾਈ ਬਾਂਝਪਨ ਹੁੰਦਾ ਹੈ। "ਜੇਕਰ ਗਾਂ ਜਾਂ ਮੱਝ ਗਰਭਧਾਰਨ ਚੱਕਰ ਵਿੱਚ ਨਹੀਂ ਆਉਂਦੀ, ਗਰਭਧਾਰਨ ਚੱਕਰ ਵਿੱਚ ਆਉਣ ਤੋਂ ਬਾਅਦ ਵੀ ਗਰਭਵਤੀ ਨਹੀਂ ਹੋ ਸਕਦੀ ਜਾਂ ਗਰਭਵਤੀ ਹੋਣ ਤੋਂ ਬਾਅਦ ਗਰਭਪਾਤ ਹੋ ਜਾਵੇ, ਤਾਂ ਇਹ ਅਸਥਾਈ ਬਾਂਝਪਨ ਦੇ ਲੱਛਣ ਹਨ। ਜਿਸ ਦਾ ਇਲਾਜ ਸੰਭਾਵ ਹੈ।" "ਪਰ ਬਹੁਤ ਘੱਟ ਮਾਮਲਿਆਂ ਵਿੱਚ ਜਿੱਥੇ ਜੈਨੇਟਿਕ ਦੋਸ਼ ਹੁੰਦਾ ਹੈ, ਉੱਥੇ ਸਥਾਈ ਬਾਂਝਪਨ ਦੇਖਿਆ ਜਾਂਦਾ ਹੈ। ਹਾਲਾਂਕਿ ਇਹ ਮਾਮਲੇ ਬਹੁਤ ਘੱਟ ਹਨ।" ਪਸ਼ੂ ਪਾਲਕਾਂ ਦਾ ਕਹਿਣਾ ਹੈ ਕਿ ਹਾਲ ਹੀ ਦੇ ਦਿਨਾਂ ਵਿੱਚ ਗਾਂ ਜਾਂ ਮੱਝ ਦੇ ਸਮੇਂ ਸਿਰ ਗਰਭਵਤੀ ਨਾ ਹੋਣ ਦੀ ਸਮੱਸਿਆ ਵਧਦੀ ਜਾ ਰਹੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਅਨਾਜ ਤੇ ਚਾਰੇ ਦੀਆਂ ਉੱਚੀਆਂ ਕੀਮਤਾਂ ਕਰ ਕੇ ਪੌਸ਼ਟਿਕ ਖਾਣਾ ਮਹਿੰਗਾ ਪੈਂਦਾ ਹੈ। ਪਿਛਲੇ 30 ਸਾਲਾਂ ਤੋਂ ਪਸ਼ੂ ਪਾਲਣ ਨਾਲ ਜੁੜੇ ਰਨਛੋੜਭਾਈ ਦੇਸਾਈ ਨੇ ਦੱਸਿਆ, "ਗਾਂ ਜਾਂ ਮੱਝ ਗਰਭਧਾਰਨ ਚੱਕਰ ਵਿੱਚ ਆ ਤਾਂ ਜਾਂਦੀਆਂ ਹਨ, ਪਰ ਗਰਭਵਤੀ ਨਹੀਂ ਹੁੰਦੀਆਂ। ਪਿਛਲੇ ਕੁਝ ਸਮੇਂ ਤੋਂ ਇਹ ਸਮੱਸਿਆ ਵਧਦੀ ਜਾ ਰਹੀ ਹੈ।"

"ਗਰਭਧਾਰਨ ਚੱਕਰ ਵਿੱਚ ਆਉਣ ਤੋਂ ਬਾਅਦ ਗਾਂ ਜਾਂ ਮੱਝ ਗਰਭਵਤੀ ਹੋਵੇ ਜਾਂ ਨਾ ਹੋਵੇ ਪਰ ਉਸ ਦੇ ਅਸਰ ਕਰਕੇ ਦੁੱਧ ਉਤਪਾਦਨ ਘੱਟ ਹੋ ਜਾਂਦਾ ਹੈ ਤੇ ਲਗਭਗ 7 ਤੋਂ 8 ਮਹੀਨੇ ਬਾਅਦ ਉਹ ਨਾ ਤਾਂ ਗਰਭਧਾਰਨ ਕਰ ਸਕਦੀ ਹੈ ਤੇ ਨਾ ਹੀ ਦੁੱਧ ਦੇਣ ਦੀ ਸਥਿਤੀ ਵਿੱਚ ਹੁੰਦੀ ਹੈ।" "ਪਰ ਜੇਕਰ ਉਹ ਗਰਭਵਤੀ ਨਹੀਂ ਹੁੰਦੀ ਜਾਂ ਦੇਰ ਨਾਲ ਹੁੰਦੀ ਹੈ ਤਾਂ ਪਸ਼ੂ ਪਾਲਕਾਂ ਨੂੰ ਲੰਬੇ ਸਮੇਂ ਤੱਕ ਨੁਕਸਾਨ ਝੱਲਣਾ ਪੈਂਦਾ ਹੈ। ਅਸੀਂ ਉਸ ਨੂੰ ਚਾਰਾ ਤੇ ਅਨਾਜ ਖੁਆਉਂਦੇ ਹਾਂ, ਪਰ ਸਾਨੂੰ ਸਮਝ ਨਹੀਂ ਆਉਂਦਾ ਕਿ ਗੜਬੜ ਕੀ ਹੈ।" 35 ਸਾਲਾਂ ਤੋਂ ਪਸ਼ੂ ਪਾਲਣ ਦੇ ਕਾਰੋਬਾਰ ਨਾਲ ਜੁੜੀ ਗੀਤਾ ਪਟੇਲ ਕਹਿੰਦੇ ਹਨ, "ਅੱਜਕੱਲ੍ਹ ਅਨਾਜ ਤੇ ਘਾਹ ਮਹਿੰਗਾ ਹੋ ਗਿਆ ਹੈ। ਡਾਕਟਰ ਕਹਿੰਦੇ ਹਨ ਕਿ ਜ਼ਿਆਦਾ ਅਨਾਜ ਖੁਆਓ, ਪਰ ਇਸ ਵਧਦੀ ਹੋਈ ਕੀਮਤ ਵਿੱਚ ਖਰਚ ਕੱਢਣਾ ਮੁਸ਼ਕਿਲ ਹੋ ਜਾਂਦਾ ਹੈ।" "ਜੇਕਰ ਗਾਂ ਜਾਂ ਮੱਝ ਹਰ ਸਾਲ ਗਰਭਧਾਰਨ ਚੱਕਰ ਵਿੱਚ ਨਹੀਂ ਆਉਣਗੇ ਤਾਂ ਪਸ਼ੂ ਪਾਲਕ ਆਪਣਾ ਗੁਜ਼ਾਰਾ ਕਿਵੇਂ ਕਰਨਗੇ? ਜੇਕਰ ਗਾਂ ਜਾਂ ਮੱਝ ਬੁੱਢੀ ਹੋ ਜਾਵੇ ਤੇ ਗਰਭਧਾਰਨ ਨਾ ਕਰ ਸਕੇ ਤਾਂ ਵੀ ਸਾਨੂੰ ਉਨ੍ਹਾਂ ਨੂੰ ਖੁਆਉਣਾ ਪੈਂਦਾ ਹੈ। ਅਸੀਂ ਦਿਨ ਰਾਤ ਮਿਹਨਤ ਕਰਕੇ ਇਸ ਧੰਦੇ ਨੂੰ ਚਲਾਉਂਦੇ ਹਾਂ।"

**ਪਸ਼ੂਆਂ ਵਿੱਚ ਬਾਂਝਪਨ ਦਾ ਮੁੱਖ ਕਾਰਨ**

ਗੁਰੂ ਅੰਗਦ ਦੇਵ ਵੈਟਨਰੀ ਐਂਡ ਐਨੀਮਲ ਸਾਇੰਸਜ਼ ਵਿੱਚ ਪਸ਼ੂ ਮਾਦਾ ਰੋਗ ਅਤੇ ਜੱਚਾ-ਬੱਚਾ ਵਿਭਾਗ ਦੇ ਮੁਖੀ ਡਾ. ਅਸ਼ਵਨੀ ਕੁਮਾਰ ਸਿੰਘ ਨੇ ਦੱਸਿਆ ਕਿ ਪੰਜਾਬ ਵਿੱਚ ਦੁਧਾਰੂ ਪਸ਼ੂਆਂ ਵਿੱਚ ਬਾਂਝਪਨ ਜਾਂ ਪ੍ਰਜਣਨ ਦੀ ਸਮੱਸਿਆ ਦੀ ਦਰ 30 ਫ਼ੀਸਦ ਦੇ ਕਰੀਬ ਹੈ। ਉਹ ਕਹਿੰਦੇ ਹਨ, "ਮੁੱਖ ਤੌਰ ਐਨੇਸਟ੍ਰਸ ਅਤੇ ਰੀਪੀਟ ਬਰੀਡਿੰਗ ਦੋ ਮੁੱਖ ਪ੍ਰਜਨਨ ਸਮੱਸਿਆਵਾਂ ਹਨ ਜੋ ਦੁਧਾਰੂ ਪਸ਼ੂਆਂ ਵਿੱਚ ਬਾਂਝਪਨ ਦਾ ਕਾਰਨ ਬਣਦੀਆਂ ਹਨ।

ਐਨੇਸਟ੍ਰਸ (ਪ੍ਰਜਣਨ ਅਕਿਰਿਆਸ਼ੀਲਤਾ) ਦੀ ਸਮੱਸਿਆ 20 ਤੋਂ 30% ਮੱਝਾਂ ਅਤੇ ਗਾਵਾਂ ਵਿੱਚ ਹੈ ਜਦਕਿ ਰੀਪੀਟ ਬਰੀਡਿੰਗ 35 ਤੋਂ 40% ਮੱਝਾਂ ਅਤੇ ਗਾਵਾਂ ਵਿੱਚ ਆਉਂਦੀ ਹੈ।" ਉਹ ਕਹਿੰਦੇ ਹਨ ਇਨ੍ਹਾਂ ਸਮੱਸਿਆਵਾਂ ਦੇ ਕਾਰਨ ਫਿਜ਼ੀਓਲੋਜੀਕਲ ਯਾਨਿ ਕਿ ਸਰੀਰਕ ਰੋਗ, ਪਥੋਲਜੀਕਲ ਯਾਨਿ ਕਿ ਰੋਗ, ਨਿਊਟ੍ਰੀਸ਼ਨ ਯਾਨਿ ਕਿ ਖੁਰਾਕੀ ਤੇ ਮੈਨੇਜਮੈਂਟ ਯਾਨਿ ਕਿ ਪ੍ਰਬੰਧਨ ਹੁੰਦੇ ਹਨ।" "ਸਰੀਰਕ ਕਾਰਨਾਂ ਵਿੱਚ ਪਸ਼ੂਆਂ ਦੇ ਜਣੇਪੇ ਮਗਰੋਂ 45 ਤੋਂ 60 ਦਿਨ ਬਾਅਦ ਹੀਟ ਵਿੱਚ ਨਾ ਆਉਣਾ ਹੈ, ਕਈ ਵਾਰੀ ਇਹ ਸਮਾਂ ਮਹੀਨਿਆਂ ਤੱਕ ਵੀ ਚੱਲਿਆ ਜਾਂਦਾ ਹੈ।"

"ਸਰੀਰਕ ਕਾਰਨਾਂ ਵਿੱਚ ਦੂਜਾ ਵਿਕਾਰ ਪਰਸਿਸਟੈਂਟ ਕਾਰਪਸ ਲੁੱਟਿਅਮ (ਸੀਐੱਲ) ਹੈ। ਅੰਡਕੋਸ਼ ਉੱਤੇ ਕਾਰਪਸ ਲੁੱਟਿਅਮ ਦੀ ਬਣਤਰ ਲਗਾਤਾਰ ਬਣੇ ਰਹਿਣ ਕਾਰਨ ਵੀ ਪਸ਼ੂ ਪ੍ਰਜਣਨ ਲਈ ਤਿਆਰ ਨਹੀਂ ਹੁੰਦਾ।"

ਉਹ ਅੱਗੇ ਦੱਸਦੇ ਹਨ, "ਪਥੋਲਜੀਕਲ ਕਾਰਨਾਂ ਵਿੱਚ ਅੰਡਕੋਸ਼ ਉੱਤੇ ਗੱਠ ਦਾ ਬਣਨਾ, ਬੱਚੇਦਾਨੀ ਦੀ ਲਾਗ ਅਤੇ ਅੰਡਕੋਸ਼ ਵਿਕਾਰ ਹਨ। ਇਸ ਕਾਰਨ ਵੀ ਪਸ਼ੂ ਪ੍ਰਜਣਨ ਲਈ ਤਿਆਰ ਨਹੀਂ ਹੁੰਦੇ।" "ਪ੍ਰਬੰਧਕ ਕਾਰਨਾਂ ਵਿੱਚ ਪਸ਼ੂਆਂ ਦੇ ਪ੍ਰਜਣਨ ਲਈ ਤਿਆਰ ਹੋਣ ਦੇ ਬਾਵਜੂਦ ਪਸ਼ੂ ਪਾਲਕਾਂ ਨੂੰ ਪਤਾ ਨਾ ਲੱਗਣਾ, ਪਸ਼ੂਆਂ ਦੇ ਆਪਣੇ ਬੱਚਿਆਂ ਨੂੰ ਲੰਬਾ ਸਮਾਂ ਦੁੱਧ ਚੁੰਘਾਉਣ ਅਤੇ ਮੌਸਮੀ ਤਣਾਅ ਸ਼ਾਮਲ ਹਨ।" "ਜਿੰਨਾ ਵੱਧ ਸਮਾਂ ਬੱਚਾ ਮੱਝ ਜਾਂ ਗਾਂ ਦਾ ਦੁੱਧ ਚੁੰਘਦਾ ਹੈ, ਪਸ਼ੂ ਓਨੀ ਦੇਰੀ ਨਾਲ ਪ੍ਰਜਣਨ ਲਈ ਤਿਆਰ ਹੁੰਦਾ ਹੈ। ਇਸ ਤੋਂ ਇਲਾਵਾ ਮੌਸਮੀ ਤਣਾਅ ਦਾ ਅਸਰ ਵੀ ਹੁੰਦਾ ਹੈ। ਇਸ ਤੋਂ ਇਲਾਵਾ ਜੇਕਰ ਪਸ਼ੂਆਂ ਨੂੰ ਸੰਤੁਲਿਤ ਮਾਤਰਾ ਵਿੱਚ ਖੁਰਾਕ ਨਹੀਂ ਮਿਲਦੀ ਤਾਂ ਉਨ੍ਹਾਂ ਦੀ ਪ੍ਰਜਣਨ ਸ਼ਕਤੀ ਉੱਤੇ ਅਸਰ ਪੈਂਦਾ ਹੈ।" ਪ੍ਰੋਫ਼ੈਸਰ ਅਸ਼ਵਨੀ ਦਾਅਵਾ ਕਰਦੇ ਹਨ ਕਿ ਪੰਜਾਬ ਵਿੱਚ 25 ਲੱਖ ਦੇ ਕਰੀਬ ਗਾਵਾਂ ਹਨ ਅਤੇ 40 ਤੋਂ 50 ਲੱਖ ਦਰਮਿਆਨ ਮੱਝਾਂ ਦੀ ਗਿਣਤੀ ਹੈ।



ਉੱਧਰ ਡਾ. ਮੌਲਿਕ ਸ਼ਰਮਾ ਨੇ ਕਿਹਾ, "ਪਸ਼ੂਆਂ ਦੇ ਗਰਭਧਾਰਨ ਨਾ ਕਰ ਸਕਣ ਦੇ 90 ਫੀਸਦ ਤੋਂ ਵੱਧ ਮਾਮਲਿਆਂ ਦਾ ਕਾਰਨ ਪੌਸ਼ਟਿਕ ਖਾਣੇ ਦੀ ਕਮੀ ਹੁੰਦੀ ਹੈ। ਜਦਕਿ 5 ਤੋਂ 10 ਫ਼ੀਸਦ ਮਾਮਲਿਆਂ ਵਿੱਚ ਪਸ਼ੂ ਦੇ ਯੂਟਰਸ ਵਿੱਚ ਇਨਫੈਕਸ਼ਨ ਜਾਂ ਕੋਈ ਹੋਰ ਬਿਮਾਰੀ ਹੁੰਦੀ ਹੈ।" ਡਾਕਟਰਾਂ ਮੁਤਾਬਕ ਪਸ਼ੂਆਂ ਵਿੱਚ ਹਾਰਮੋਨਲ ਅਸੰਤੁਲਨ ਦੇ ਕਾਰਨ ਵੀ ਗਰਭਧਾਰਨ ਵਿੱਚ ਸਮੱਸਿਆ ਆ ਸਕਦੀ ਹੈ।

ਇਸ ਬਾਰੇ ਗੱਲ ਕਰਦੇ ਗੋਏ ਡਾ. ਮੌਲਿਕ ਸ਼ਰਮਾ ਕਹਿੰਦੇ ਹਨ, "ਮਵੇਸ਼ੀਆਂ ਬੱਚੇ ਦੇ ਜਨਮ ਦੇ ਸਮੇਂ ਤੋਂ ਹੀ ਉਸ ਨੂੰ ਦੁੱਧ ਤੇ ਅਨਾਜ ਖੁਆਉਣਾ ਚਾਹੀਦਾ ਹੈ। ਡਾਕਟਰ ਦੀ ਸਲਾਹ ਦੇ ਮੁਤਾਬਕ ਉਸ ਨੂੰ ਦਵਾਈਆਂ ਤੇ ਟੀਕਾ ਲਗਵਾਉਣਾ ਚਾਹੀਦਾ ਹੈ।" "ਜੇਕਰ ਲੋੜੀਂਦੀ ਦੇਖਭਾਲ ਤੇ ਪੌਸ਼ਟਿਕ ਭੋਜਨ ਦਿੱਤਾ ਜਾਵੇ, ਤਾਂ ਗਾਂ ਜਾਂ ਮੱਝ 15 ਹਫ਼ਤੇ ਤੱਕ ਗਰਭਧਾਰਨ ਕਰ ਸਕਦੀ ਹੈ ਅਤੇ ਜੇਕਰ ਲੋੜੀਂਦੀ ਦੇਖਭਾਲ ਨਾ ਕੀਤੀ ਜਾਵੇ, ਤਾਂ ਅਜਿਹੇ ਮਾਮਲੇ ਵੀ ਹਨ ਜਿੱਥੇ ਗਾਂ ਜਾਂ ਮੱਝ ਦੋ ਜਾਂ ਤਿੰਨ ਹਫ਼ਤੇ ਬਾਅਦ ਵੀ ਗਰਭਧਾਰਨ ਨਹੀਂ ਕਰ ਪਾਉਂਦੀ।" ਡਾ. ਚੌਧਰੀ ਕਹਿੰਦੇ ਹਨ ਕਿ ਨਕਲੀ ਗਰਭਧਾਰਨ ਚੰਗੀ ਸਮਝ ਵਾਲੇ ਮਾਹਰ ਰਾਹੀਂ ਹੀ ਕਰਵਾਇਆ ਜਾਣਾ ਚਾਹੀਦਾ ਹੈ। ਨਕਲੀ ਗਰਭਧਾਰਨ ਕਰਵਾਉਣ ਵਾਲੇ ਸ਼ਖ਼ਸ ਨੂੰ ਸਫ਼ਾਈ ਬਣਾਈ ਰੱਖਣੀ ਚਾਹੀਦੀ ਹੈ।

ਡਾ. ਚੌਧਰੀ ਕਹਿੰਦੇ ਹਨ, "ਨਕਲੀ ਗਰਭਧਾਰਨ ਦੇ ਤਿੰਨ ਮਹੀਨੇ ਬਾਅਦ ਡਾਕਟਰ ਤੋਂ ਜਾਂਚ ਕਰਵਾਉਣੀ ਚਾਹੀਦੀ ਹੈ ਕਿ ਪਸ਼ੂ ਗਰਭਵਤੀ ਹੈ ਜਾਂ ਨਹੀਂ। ਕੁਝ ਮਾਮਲਿਆਂ ਵਿੱਚ ਪਸ਼ੂ ਪਾਲਕਾਂ ਨੂੰ 9 ਮਹੀਨੇ ਬਾਅਦ ਪਤਾ ਚਲਦਾ ਹੈ ਕਿ ਪਸ਼ੂ ਗਰਭਵਤੀ ਨਹੀਂ ਹੈ, ਅਜਿਹੇ ਵਿੱਚ ਪਸ਼ੂ ਪਾਲਕਾਂ ਨੂੰ ਨੁਕਸਾਨ ਹੁੰਦਾ ਹੈ। ਜੇਕਰ ਸਹੀ ਸਮੇਂ 'ਤੇ ਜਾਂਚ ਹੋ ਜਾਵੇ ਤਾਂ ਸਹੀ ਸਮੇਂ 'ਤੇ ਇਲਾਜ ਹੋ ਸਕਦਾ ਹੈ।" ਡਾ. ਮੌਲਿਕ ਸ਼ਰਮਾ ਕਹਿੰਦੇ ਹਨ, "ਪਸ਼ੂਆਂ ਨੂੰ ਸਮੇਂ-ਸਮੇਂ 'ਤੇ ਕੀੜੇ ਮਾਰਨ ਵਾਲੀਆਂ ਗੋਲੀਆਂ ਦੇਣੀਆਂ ਚਾਹੀਦੀਆਂ ਹਨ। ਜਿਸ ਵਿੱਚ ਬਾਲਗ ਪਸ਼ੂਆਂ ਨੂੰ ਹਰ ਮਹੀਨੇ ਕੀੜੇ ਮਾਰਨ ਵਾਲੀਆਂ ਗੋਲੀਆਂ ਦੇਣੀਆਂ ਚਾਹੀਦੀਆਂ ਹਨ। ਪਸ਼ੂਆਂ ਵਿੱਚ ਕੀੜੇ ਹੋਣ ਕਰਕੇ ਵੀ ਉਨ੍ਹਾਂ ਵਿੱਚ ਪੋਸ਼ਕ ਤੱਤਾਂ ਦੀ ਕਮੀ ਹੋ ਜਾਂਦੀ ਹੈ।" ਪਸ਼ੂਆਂ ਵਿੱਚ ਪੋਸ਼ਕ ਤੱਤਾਂ ਦੀ ਕਮੀ ਬਾਰੇ ਡਾ। ਮੌਲਿਕ ਸ਼ਰਮਾ ਕਹਿੰਦੇ ਹਨ, "ਅੱਜਕੱਲ੍ਹ ਵਧੇਰੇ ਉਤਪਾਦਨ ਹਾਸਲ ਕਰਨ ਲਈ ਮਿੱਟੀ ਵਿੱਚ ਰਸਾਇਣਕ ਖਾਦਾਂ ਦੀ ਵੱਡੇ ਪੱਧਰ ਉੱਤੇ ਵਰਤੋਂ ਕੀਤੀ ਜਾਂਦੀ ਹੈ। ਇਸ ਨਾਲ ਚਾਰੇ ਵਿੱਚ ਪੋਸ਼ਕ ਤੱਤ ਘੱਟ ਹੋ ਰਹੇ ਹਨ। ਪਸ਼ੂ ਨੂੰ ਡਾਕਟਰ ਦੀ ਸਲਾਹ ਦੇ ਨਾਲ ਹੀ ਅਨਾਜ ਜਾਂ ਹੋਰ ਪੌਸ਼ਟਿਕ ਚਾਰਾ ਅਤੇ ਖਣਿਜ ਭਰਪੂਰ ਖਾਣਾ ਦੇਣਾ ਚਾਹੀਦਾ ਹੈ।"

# 40 ਸਾਲ ਬਾਅਦ ਪਤਾ ਲੱਗਿਆ ਇਹ ਤਾਂ ਨਿਰਦੋਸ਼ ਹੈ

**(ਸਫਾ 14 ਦੀ ਬਾਕੀ)**

ਫਿਏਰੋ ਆਪਣੇ ਅਪਾਰਟਮੈਂਟ ਵਿੱਚ ਸੀ। ਇਹ ਇਲਜ਼ਾਮ ਮਾਨਸਿਕ ਸਿਹਤ ਸਮੱਸਿਆਵਾਂ ਵਾਲੇ 16 ਸਾਲ ਦੇ ਲੜਕੇ ਦੇ ਦਸਤਖ਼ਤ ਕੀਤੇ ਇਕਬਾਲੀਆ ਬਿਆਨ ਅਤੇ ਅਨਿਯਮਿਤ ਗਵਾਹੀ 'ਤੇ ਅਧਾਰਤ ਸੀ। ਇਸ ਮੁੰਡੇ ਨੇ ਕਿਹਾ ਸੀ ਕਿ ਉਹ ਟੈਕਸੀ ਵਿੱਚ ਸੀ ਅਤੇ ਉਸ ਨੇ ਫਿਏਰੋ ਨੂੰ ਬੰਦੂਕ ਚਲਾਉਂਦੇ ਦੇਖਿਆ ਸੀ। ਇਸ ਦੇ ਬਾਵਜੂਦ, ਫਿਏਰੋ ਦੋਸ਼ੀ ਪਾਇਆ ਗਿਆ ਅਤੇ 1980 ਵਿੱਚ ਉਨ੍ਹਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ। ਕਈ ਸਾਲਾਂ ਬਾਅਦ, 1994 ਵਿੱਚ ਇੱਕ ਜੱਜ ਸੁਣਵਾਈ ਤੋਂ ਬਾਅਦ ਇਹ ਨਤੀਜਾ ਕੱਢਿਆ ਕਿ "ਇਸ ਗੱਲ ਦੀ ਮਜ਼ਬੂਤ ਸੰਭਾਵਨਾ ਹੈ ਕਿ ਬਚਾਓ ਪੱਖ ਦੇ ਇਕਬਾਲ ਨੂੰ ਸਿਉਦਾਦ ਜੁਆਰੇਜ਼ ਪੁਲਿਸ ਵੱਲੋਂ ਜ਼ਬਰਦਸਤੀ ਕਰਵਾਇਆ ਗਿਆ ਸੀ..."

ਪਰ ਕਾਨੂੰਨੀ ਤਕਨੀਕੀ ਕਾਰਨਾਂ ਕਰਕੇ, ਉਨ੍ਹਾਂ ਨੇ ਇੱਕ ਨਵੇਂ ਮੁਕੱਦਮੇ ਤੋਂ ਇਨਕਾਰ ਕਰ ਦਿੱਤਾ ਗਿਆ ਅਤੇ ਉਹ ਜੇਲ੍ਹ ਵਿੱਚ ਹੀ ਰਹੇ। ਫਿਏਰੋ ਨੇ ਆਪਣੇ ਸਿਰ ਦੇ ਵਾਲ ਸ਼ੇਵ ਕੀਤੇ ਹੋਏ ਹਨ ਅਤੇ ਉਨ੍ਹਾਂ ਨੇ ਸਲੇਟੀ ਦਾੜ੍ਹੀ ਰੱਖੀ ਹੋਈ ਹੈ।

ਉਹ ਹੁਣ ਲੰਬੇ ਵਾਲਾਂ ਵਾਲੇ, ਚੌਰਸ ਚਿਹਰੇ ਵਾਲੇ ਨੌਜਵਾਨ ਮੁੰਡਾ ਨਹੀਂ ਜਿਸ ਨੂੰ 45 ਸਾਲ ਪਹਿਲਾਂ ਗ੍ਰਿਫ਼ਤਾਰ ਕੀਤਾ ਗਿਆ ਸੀ, ਬਲਕਿ ਬਿਲਕੁਲ ਅਲੱਗ ਆਦਮੀ ਹੈ। ਉਹ ਕਹਿੰਦੇ ਹਨ ਕਿ ਉਨ੍ਹਾਂ ਨੂੰ ਮੈਕਸੀਕੋ ਸਿਟੀ ਸਬਵੇਅ ਤੋਂ ਡਰ ਲੱਗਦਾ ਹੈ। ਇਹ ਇੱਕ ਭੀੜ-ਭੜੱਕੇ ਵਾਲੀ ਜਗ੍ਹਾ ਹੈ। ਉਹ ਸਾਲਾਂ ਤੱਕ 3-ਬਾਈ-3 ਮੀਟਰ ਦੀ ਕੋਠੜੀ ਵਿੱਚ ਰਹੇ ਸਨ। ਜੇਲ੍ਹ ਵਿੱਚ ਉਨ੍ਹਾਂ ਦਾ ਪਹਿਲਾ ਕਾਰਜਕਾਲ ਵਾਕਰ ਕਾਉਂਟੀ ਦੇ ਐਲਿਸ ਯੂਨਿਟ ਵਿੱਚ ਸੀ। ਪਰ 1999 ਵਿੱਚ, ਉਨ੍ਹਾਂ ਨੂੰ ਪੋਲੰਸਕੀ ਯੂਨਿਟ ਵਿੱਚ ਤਬਦੀਲ ਕਰ ਦਿੱਤਾ ਗਿਆ, ਜਿੱਥੇ ਉਨ੍ਹਾਂ ਆਪਣੀ ਬਾਕੀ ਦੀ ਸਜ਼ਾ ਇਕਾਂਤ ਕੈਦ ਵਿੱਚ ਬਿਤਾਈ।

ਦਿਨ ਦੇ 23 ਘੰਟੇ ਬਿਨ੍ਹਾਂ ਮਨੁੱਖੀ ਸੰਪਰਕ ਅਤੇ ਕੁਦਰਤੀ ਰੌਸ਼ਨੀ ਦੇ ਬਿਤਾਉਣੇ ਪੈਂਦੇ ਸਨ। ਕਈ ਵਾਰ ਖੁਦਕੁਸ਼ੀ ਦੀ ਕੋਸ਼ਿਸ਼ ਕਰਨ ਤੋਂ ਬਾਅਦ, ਉਨ੍ਹਾਂ ਨੇ ਕੱਪੜੇ ਉਤਾਰ ਦਿੱਤੇ। ਉਹ ਉਨ੍ਹਾਂ ਨੂੰ ਆਪਣੇ ਆਪ ਨੂੰ ਨੁਕਸਾਨ ਪਹੁੰਚਾਉਣ ਤੋਂ ਰੋਕਣਾ ਚਾਹੁੰਦੇ ਸਨ। ਫਿਏਰੋ ਦਾ ਦਾਅਵਾ ਹੈ ਕਿ ਉਨ੍ਹਾਂ ਨੂੰ ਜੇਲ੍ਹ ਅਧਿਕਾਰੀਆਂ ਦਾ ਦੁਰਵਿਵਹਾਰ ਵੀ ਸਹਿਣਾ ਪਿਆ। ਉਹ ਕਹਿੰਦੇ ਹਨ, "ਉਨ੍ਹਾਂ ਨੇ ਮੇਰੇ 'ਤੇ ਸਾਬਣ ਸੁੱਟਿਆ, ਉਨ੍ਹਾਂ ਨੇ ਮੈਨੂੰ ਖਾਣ ਲਈ ਕੁਝ ਨਹੀਂ ਦਿੱਤਾ ਅਤੇ ਸਭ ਤੋਂ ਪਹਿਲਾਂ ਮੈਨੂੰ ਇਹ ਲੱਗਿਆ ਕਿ ਮੈਂ ਜੀਣਾ ਨਹੀਂ ਚਾਹੁੰਦਾ।" ਉਨ੍ਹਾਂ ਨੇ ਇੱਕ ਹੱਲ ਲੱਭਿਆ। ਫਿਏਰੋ ਕਹਿੰਦੇ ਹਨ, "ਮੈਂ ਕਸਰਤ ਕਰਨੀ, ਗਾਉਣਾ ਅਤੇ ਉਨ੍ਹਾਂ ਨੂੰ ਨਜ਼ਰਅੰਦਾਜ਼ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਜੋ ਵੀ ਕੀਤਾ, ਮੈਂ ਉਨ੍ਹਾਂ ਨਾਲ ਗੱਲ ਨਹੀਂ ਕੀਤੀ, ਮੈਂ ਸ਼ਿਕਾਇਤ ਨਹੀਂ ਕੀਤੀ, ਜਾਂ ਕੁਝ ਵੀ ਨਹੀਂ ਕੀਤਾ।" ਉਹ ਇਹ ਵੀ ਕਹਿੰਦੇ ਹਨ ਕਿ ਉਨ੍ਹਾਂ ਨੂੰ ਚਿੰਤਾ ਅਤੇ ਡਿਪਰੈਸ਼ਨ ਲਈ ਲੋੜੀਂਦੀ ਦਵਾਈ ਨਹੀਂ ਦਿੱਤੀ ਗਈ ਸੀ, ਜਿਸ ਕਾਰਨ ਉਹ ਕੁਝ ਸਮੇਂ ਲਈ "ਉਲਝਣ" ਵਿੱਚ ਰਹੇ ਅਤੇ ਉਨ੍ਹਾਂ ਨੂੰ ਹੁਣ ਮਨੋਵਿਗਿਆਨਕ ਰੀਹੈਬਲੀਟੇਸ਼ਨ ਦੀ ਲੋੜ ਸੀ। ਸਾਲ ਬੀਤਦੇ ਗਏ ਅਤੇ ਅਮਰੀਕੀ ਮੀਡੀਆ ਨੇ ਫਿਏਰੋ ਨੂੰ ਦੇਸ਼ ਵਿੱਚ ਸਭ ਤੋਂ ਲੰਬੇ ਸਮੇਂ ਤੱਕ ਮੌਤ ਦੀ ਸਜ਼ਾ ਵਾਲੇ ਕੈਦੀ ਵਜੋਂ ਦਰਸਾਇਆ। ਇਸ ਪ੍ਰਕਿਰਿਆ ਵਿੱਚ ਉਨ੍ਹਾਂ ਨੇ ਆਪਣੀ ਮਾਂ ਨੂੰ ਗੁਆ ਦਿੱਤਾ।

ਆਪਣੀ ਮਾਂ ਬਾਰੇ ਉਨ੍ਹਾਂ ਨੇ ਹੋਰ ਇੰਟਰਵਿਊਆਂ ਵਿੱਚ ਕਿਹਾ ਸੀ, "ਉਹ ਮੇਰੀ ਸਭ ਤੋਂ ਚੰਗੀ ਦੋਸਤ" ਸੀ ਅਤੇ ਹਰ ਵਾਰ ਜਦੋਂ ਉਸਨੂੰ ਇਹ ਖ਼ਬਰ ਮਿਲਦੀ ਸੀ ਕਿ ਉਹ ਘਾਤਕ ਟੀਕੇ ਨਾਲ ਮਰਨ ਵਾਲਾ ਹੈ, ਤਾਂ ਉਹ ਸਭ ਤੋਂ ਵੱਧ ਚਿੰਤਤ ਹੁੰਦੀ ਸੀ। ਇਹ 17 ਵਾਰ ਹੋਇਆ। ਉਹ ਜ਼ੋਰ ਦੇ ਕੇ ਕਹਿੰਦੇ ਹਨ ਕਿ ਉਨ੍ਹਾਂ ਨੂੰ ਕਦੇ ਡਰ ਨਹੀਂ ਲੱਗਾ। ਉਹ ਸ਼ਾਂਤ ਸੁਰ ਵਿੱਚ ਕਹਿੰਦੇ ਹਨ, "ਜਦੋਂ ਮੈਨੂੰ ਪਹਿਲੀ ਵਾਰ ਫਾਂਸੀ ਦੀ ਤਾਰੀਖ ਦਿੱਤੀ ਗਈ ਸੀ, ਮੈਂ ਮਰਨ ਤੋਂ ਮਹਿਜ਼ ਚਾਰ ਘੰਟੇ ਦੂਰ ਸੀ।" ਉਹ ਅੱਗੇ ਕਹਿੰਦੇ ਹਨ, "ਮੈਨੂੰ ਕੋਈ ਚਿੰਤਾ ਨਹੀਂ ਸੀ। ਕਿਉਂਕਿ ਮੈਂ ਕੁਝ ਗ਼ਲਤ ਨਹੀਂ ਕੀਤਾ ਸੀ। ਮੈਂ ਹਮੇਸ਼ਾ ਸੋਚਦਾ ਸੀ ਕਿ ਸੱਚ ਜਲਦੀ ਜਾਂ ਫ਼ਿਰ ਬਾਅਦ ਵਿੱਚ ਸਾਹਮਣੇ ਆ ਜਾਵੇਗਾ... ਅਤੇ ਅਜਿਹਾ ਹੀ ਹੋਇਆ।"

**ਫਿਏਰੋ ਦੀ ਆਜ਼ਾਦੀ**

ਦਸਤਾਵੇਜ਼ੀ 'ਲਾ ਲਿਬਰੇਟਿਡ ਡੀ ਫਿਏਰੋ (2024)' ਦੇ ਪਹਿਲੇ ਦ੍ਰਿਸ਼ਾਂ ਵਿੱਚੋਂ ਇੱਕ ਵਿੱਚ, ਫਿਏਰੋ ਨੇ ਇੱਕ ਵਾਹਨ ਵਿੱਚ ਸੈਨੇਟਰੀ ਮਾਸਕ ਪਹਿਨਿਆ ਹੋਇਆ ਦੇਖਿਆ ਗਿਆ ਹੈ। ਇਹ 2020 ਸੀ ਅਤੇ ਕੋਵਿਡ-19 ਮਹਾਂਮਾਰੀ ਦੇ ਪ੍ਰਬੰਧਨ ਦੇ ਉਪਾਵਾਂ ਕਾਰਨ ਲੌਕਡਾਊਨ ਚੱਲ ਰਿਹਾ ਸੀ। ਫਿਏਰੋ ਨੂੰ ਉਸੇ ਸਾਲ 14 ਮਈ ਨੂੰ ਰਿਹਾਅ ਕੀਤਾ ਗਿਆ ਸੀ।

ਟੈਕਸਸ ਦੀ ਇੱਕ ਅਦਾਲਤ ਨੇ ਮੁਕੱਦਮੇ ਵਿੱਚ ਗਲਤੀਆਂ ਲੱਭਣ ਤੋਂ ਬਾਅਦ ਉਨ੍ਹਾਂ ਦੀ ਮੌਤ ਦੀ ਸਜ਼ਾ ਨੂੰ ਉਲਟਾ ਦਿੱਤਾ ਸੀ। ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ, ਪਰ ਉਹ ਤੁਰੰਤ ਪੈਰੋਲ ਲਈ ਯੋਗ ਹੋ ਗਏ ਸਨ। ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ ਅਤੇ ਮੈਕਸੀਕੋ ਭੇਜ ਦਿੱਤਾ ਗਿਆ। ਉਨ੍ਹਾਂ ਨੂੰ ਕਦੇ ਵੀ ਆਪਣੀ ਸਜ਼ਾ ਵਿਰੁੱਧ ਅਪੀਲ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ। ਸੰਘੀ ਅਦਾਲਤਾਂ ਨੇ ਫ਼ੈਸਲਾ ਸੁਣਾਇਆ ਕਿ ਉਨ੍ਹਾਂ ਦੀ ਬੇਨਤੀ ਸਮੇਂ ਸਿਰ ਦਾਇਰ ਨਹੀਂ ਕੀਤੀ ਗਈ ਸੀ। ਉਹ ਕਹਿੰਦੇ ਹਨ, "ਮੇਰੇ ਕੋਲ ਰਹਿਣ ਲਈ ਕਿਤੇ ਵੀ ਥਾਂ ਨਹੀਂ ਸੀ, ਕੋਈ ਨੌਕਰੀ ਨਹੀਂ ਸੀ, ਕੋਈ ਸਹਾਇਤਾ ਨੈੱਟਵਰਕ ਨਹੀਂ ਸੀ, ਅਤੇ ਮੈਨੂੰ ਇਹ ਵੀ ਨਹੀਂ ਪਤਾ ਸੀ ਕਿ ਆਜ਼ਾਦੀ ਨਾਲ ਕਿਵੇਂ ਨਜਿੱਠਣਾ ਹੈ।" ਉਨ੍ਹਾਂ ਦੱਸਿਆ, "ਮਹਾਂਮਾਰੀ ਨੇ ਮੈਨੂੰ ਕੁਝ ਤਰੀਕਿਆਂ ਨਾਲ ਫਾਇਦਾ ਪਹੁੰਚਾਇਆ। ਜੇ ਸਭ ਕੁਝ ਆਮ ਹੁੰਦਾ, ਤਾਂ ਮੇਰਾ ਬਹੁਤ ਬੁਰਾ ਹਾਲ ਹੁੰਦਾ।" "ਪਰ ਕਿਉਂਕਿ ਸੜਕਾਂ 'ਤੇ ਘੱਟ ਲੋਕ ਸਨ, ਇਸ ਲਈ ਮੈਨੂੰ ਬਿਹਤਰ ਢੰਗ ਨਾਲ ਬਾਹਰੀ ਸਮਾਜ ਵਿੱਚ ਢਲਣ ਦਾ ਮੌਕਾ ਮਿਲਿਆ, ਹਾਲਾਂਕਿ ਮੈਂ ਹਾਲੇ ਵੀ ਪੂਰੀ ਤਰ੍ਹਾਂ ਢਲਿਆ ਨਹੀਂ ਹਾਂ।" ਦਸਤਾਵੇਜ਼ੀ ਦੇ ਨਿਰਦੇਸ਼ਕ ਸੈਂਟੀਆਗੋ ਐਸਟੀਨੋ ਨੇ ਜੇਲ੍ਹ ਤੋਂ ਰਿਹਾਅ ਹੋਣ 'ਤੇ ਉਨ੍ਹਾਂ ਨੂੰ ਰਹਿਣ ਲਈ ਜਗ੍ਹਾ ਦਿੱਤੀ, ਕਿਉਂਕਿ ਸਿਹਤ ਐਮਰਜੈਂਸੀ ਦੌਰਾਨ ਆਸਰਾ ਲੱਭਣਾ ਮੁਸ਼ਕਲ ਸੀ। ਫਿਏਰੋ ਅਜੇ ਵੀ ਇਸੇ ਅਪਾਰਟਮੈਂਟ ਵਿੱਚ ਰਹਿੰਦੇ ਹਨ। ਸੀਐੱਨਡੀਐੱਚ ਨੇ ਸਿਫ਼ਾਰਸ਼ ਕੀਤੀ ਕਿ ਮੈਕਸੀਕਨ ਸਰਕਾਰ ਉਨ੍ਹਾਂ ਨੂੰ ਜਨਤਕ ਮਾਫ਼ੀ, ਮਨੋਵਿਗਿਆਨਕ ਸਹਾਇਤਾ, ਵਿੱਤੀ ਮੁਆਵਜ਼ਾ ਅਤੇ ਉਨ੍ਹਾਂ ਦੇ ਸਨਮਾਨ ਵਿੱਚ ਇੱਕ ਪਾਰਕ ਜਾਂ ਗਲੀ ਦਾ ਨਾਮ ਰੱਖਣ ਦੀ ਪੇਸ਼ਕਸ਼ ਕਰੇ, ਪਰ ਅਜਿਹਾ ਅਜੇ ਤੱਕ ਨਹੀਂ ਹੋਇਆ ਹੈ। ਉਹ ਆਪਣੇ ਆਪ ਨੂੰ ਕਾਇਮ ਰੱਖਣ ਅਤੇ ਆਪਣੇ ਸਮਾਜਿਕ ਪੁਨਰ-ਏਕੀਕਰਨ ਨੂੰ ਜਾਰੀ ਰੱਖਣ ਲਈ ਜੱਦੋ-ਜਹਿਦ ਕਰ ਰਹੇ ਹਨ। ਉਨ੍ਹਾਂ ਨੇ ਖਾਣਾ ਪਕਾਉਣ ਦੀਆਂ ਕਲਾਸਾਂ ਲਈਆਂ ਅਤੇ ਇੱਕ ਰੈਸਟੋਰੈਂਟ ਵਿੱਚ ਕੰਮ ਕਰਨ ਦੀ ਕੋਸ਼ਿਸ਼ ਕੀਤੀ। ਪਰ ਨੌਕਰੀ ਤੋਂ ਪੈਦਾ ਹੋਈ ਚਿੰਤਾ ਤੋਂ ਘਬਰਾ ਕੇ ਨੌਕਰੀ ਛੱਡ ਦਿੱਤੀ।

ਉਹ ਤਾਈ ਚੀ ਦਾ ਅਭਿਆਸ ਵੀ ਕਰਦੇ ਹਨ ਅਤੇ ਇੱਕ ਕਮਿਊਨਿਟੀ ਸੈਂਟਰ ਵਿੱਚ ਅੰਗਰੇਜ਼ੀ ਦੀਆਂ ਕਲਾਸਾਂ ਲੈਂਦੇ ਹਨ। ਉਹ ਕਹਿੰਦੇ ਹਨ, "ਵਿਦਿਆਰਥੀਆਂ ਨੂੰ ਬੋਲਣ ਵਿੱਚ ਸ਼ਰਮ ਆਉਂਦੀ ਹੈ। ਉਹ ਅਧਿਆਪਕ ਨੂੰ ਕਹਿੰਦੇ ਹਨ ਕਿ ਉਹ ਡਰਦੇ ਹਨ, ਸੰਗਦੇ ਹਨ। ਪਰ ਮੈਨੂੰ ਅੰਗਰੇਜ਼ੀ ਬੋਲਣ ਤੋਂ ਡਰ ਨਹੀਂ ਲੱਗਦਾ।" ਪਰ ਉਨ੍ਹਾਂ ਨੂੰ ਇੱਕ ਹੋਰ ਡਰ ਵੀ ਹਨ। ਉਹ ਮੰਨਦੇ ਹਨ, "ਮੈਨੂੰ ਅਜੇ ਵੀ ਬਹੁਤ ਡਰ ਹਨ। ਸਬਵੇਅ ਤੋਂ ਇਲਾਵਾ, ਮੈਨੂੰ ਟਰੱਕਾਂ ਤੋਂ ਵੀ ਡਰ ਲੱਗਦਾ ਹੈ। ਮੈਨੂੰ ਉਨ੍ਹਾਂ ਥਾਵਾਂ 'ਤੇ ਆਰਾਮਦਾਇਕ ਮਹਿਸੂਸ ਨਹੀਂ ਹੁੰਦਾ ਅਤੇ ਮੈਂ ਘਬਰਾ ਜਾਂਦਾ ਹਾਂ।" "ਮੈਂ ਅਜੇ 100 ਫ਼ੀਸਦ ਠੀਕ ਨਹੀਂ ਹਾਂ, ਪਰ ਮੈਂ ਠੀਕ ਹੋਣ ਦੀ ਰਾਹ ਉੱਤੇ ਹਾਂ।"




## ਦਿਮਾਗ਼ 'ਚ ਫਾਲਤੂ ਪਦਾਰਥ ਦੀ ਸਮੱਸਿਆ ਆਉਣ 'ਤੇ ਡਿਮੈਂਸ਼ੀਆ ਦਾ ਖ਼ਤਰਾ



ਦਿਮਾਗ਼ ਦੇ ਸੈਰੇਬ੍ਰੋਸਪਾਈਨਲ ਫਲੂਡ ਦੀ ਰਫ਼ਤਾਰ 'ਚ ਕਮੀ ਨਾਲ ਫਾਲਤੂ ਪਦਾਰਥਾਂ ਦੇ ਨਿਪਟਾਰੇ 'ਚ ਸਮੱਸਿਆ ਪੈਦਾ ਹੋ ਸਕਦੀ ਹੈ, ਜਿਸ ਕਾਰਨ ਡਿਮੈਂਸ਼ੀਆ ਦਾ ਖ਼ਤਰਾ ਵੱਧ ਸਕਦਾ ਹੈ। ਇਸਦੇ ਨਾਲ ਹੀ ਸੈਰੇਬ੍ਰੋਸਪਾਈਨਲ ਫਲੂਡ ਦੇ ਕਈ ਹੋਰ ਮਹੱਤਵਪੂਰਨ ਕੰਮ ਹਨ। ਇਨ੍ਹਾਂ 'ਚ ਕੇਂਦਰੀ ਤੰਤਰਿਕਾ ਤੰਤਰ ਨੂੰ ਝਟਕਿਆਂ ਤੋਂ ਬਚਾਉਣਾ ਤੇ ਪੋਸ਼ਕ ਤੱਤਾਂ ਨੂੰ ਪਹੁੰਚਾਉਣਾ ਆਦਿ ਸ਼ਾਮਲ ਹੈ। ਇਹ ਰੰਗਹੀਣ ਤਰਲ ਗਲਾਈਮਫੈਟਿਕ ਸਿਸਟਮ ਦਾ ਹਿੱਸਾ ਹੈ। ਬਰਤਾਨੀਆ ਦੀ ਕੈਂਬ੍ਰਿਜ ਯੂਨੀਵਰਸਿਟੀ ਦੇ ਖੋਜੀਆਂ ਨੇ ਕਿਹਾ ਕਿ ਗਲਾਈਮਫੈਟਿਕ ਸਿਸਟਮ ਨੂੰ ਡਿਮੈਂਸ਼ੀਆ ਤੋਂ ਬਚਾਉਣ ਲਈ ਮਹੱਤਵਪੂਰਨ ਮੰਨਿਆ ਜਾਂਦਾ ਹੈ। ਡਿਮੈਂਸ਼ੀਆ ਇਕ ਨਿਊਰੋਡੀਜਨਰੇਟਿਵ ਖ਼ਰਾਬੀ ਹੈ, ਜਿਸ ਵਿਚ ਉਮਰ ਦੇ ਨਾਲ ਯਾਦਦਾਸ਼ਤ ਤੇ ਵਿਚਾਰ ਦੀਆਂ ਪ੍ਰਕਿਰਿਆਵਾਂ ਹੌਲੀ-ਹੌਲੀ ਪ੍ਰਭਾਵਿਤ ਹੁੰਦੀਆਂ ਹਨ ਤੇ ਆਖਰ ਰੋਜ਼ਾਨਾ ਸਰਗਰਮੀਆਂ 'ਚ ਰੁਕਾਵਟ ਪਾ ਸਕਦੀਆਂ ਹਨ।

ਇਹ ਅਧਿਐਨ ਅਲਜ਼ਾਈਮਰ ਤੇ ਡਿਮੈਂਸ਼ੀਆ ਦਿ ਜਰਨਲ ਆਫ ਅਲਜ਼ਾਈਮਰ ਐਸੋਸੀਏਸ਼ਨ 'ਚ ਛਪਿਆ ਹੈ। ਅਧਿਐਨ ਤੋਂ ਪਤਾ ਲੱਗਦਾ ਹੈ ਕਿ ਦਿਮਾਗ 'ਚ ਖ਼ੂਨ ਦੇ ਛੋਟੇ ਵੈਸਲਸ ਦੀ ਖ਼ਰਾਬੀ ਤੇ ਬਲੱਡ ਪ੍ਰੈਸ਼ਰ ਵਰਗੇ ਦਿਲ ਸਬੰਧੀ ਖਤਰੇ ਕਾਰਕ ਗਲਾਈਮਫੈਟਿਕ ਸਿਸਟਮ ਨੂੰ ਨੁਕਸਾਨ ਪਹੁੰਚਾ ਸਕਦੇ ਹਨ ਤੇ ਡਿਮੈਂਸ਼ੀਆ ਦੇ ਖ਼ਤਰੇ ਨੂੰ ਵਧਾ ਸਕਦੇ ਹਨ। ਇਸ ਖੋਜ 'ਚ 40 ਹਜ਼ਾਰ ਬਾਲਗਾਂ ਦੇ ਐੱਮਆਰਆਈ ਸਕੈਨ ਦਾ ਵਿਸ਼ਲੇਸ਼ਣ ਕੀਤਾ ਗਿਆ। ਖੋਜੀਆਂ ਨੇ ਤਿੰਨ ਬਾਇਓਮਾਰਕਰ ਦੀ ਪਛਾਣ ਕੀਤੀ, ਜਿਹੜੀ ਕਿਸੇ ਵਿਅਕਤੀ 'ਚ ਡਿਮੈਂਸ਼ੀਆ ਦੇ ਖ਼ਤਰੇ ਦੀ ਭਵਿੱਖਬਾਣੀ ਕਰਨ 'ਚ ਮਦਦ ਕਰ ਸਕਦੇ ਹਨ। ਇਨ੍ਹਾਂ ਬਾਇਓਮਾਰਕਰਾਂ 'ਚ ਖ਼ੂਨ ਵੈਸਲਸ ਦੇ ਚਾਰੇ ਪਾਸੇ ਛੋਟੇ ਚੈਨਲਾਂ ਰਾਹੀਂ ਫਲੂਡ ਦਾ ਫੈਲਾਅ ਤੇ ਦਿਮਾਗ 'ਚ ਪ੍ਰਵਾਹਿਤ ਹੁੰਦੇ ਸਮੇਂ ਸੈਰੇਬ੍ਰੋਸਪਾਈਨਲ ਫਲੂਡ ਦੀ ਰਫ਼ਤਾਰ ਨੂੰ ਨੋਟ ਕਰਨਾ ਸ਼ਾਮਲ ਹੈ। ਕੈਂਬ੍ਰਿਜ ਯੂਨੀਵਰਸਿਟੀ ਦੇ ਕਲੀਨਿਕਲ ਨਿਊਰੋਸਾਇੰਸਿਜ਼ ਵਿਭਾਗ ਦੇ ਲੇਖਕ ਯੂਟੋਂਗ ਚੇਨ ਨੇ ਕਿਹਾ ਕਿ ਇਹ ਖੋਜ ਇਹ ਜਾਣਕਾਰੀ ਦਿੰਦੀ ਹੈ ਕਿ ਗਲਾਈਮਫੈਟਿਕ ਸਿਸਟਮ ਦੀ ਵੰਡ ਡਿਮੈਂਸ਼ੀਆ 'ਚ ਭੂਮਿਕਾ ਨਿਭਾਉਂਦੀ ਹੈ।

## ਅਕਸਰ ਪੇਟ ਫੁੱਲਣ ਤੋਂ ਹੋ ਪਰੇਸ਼ਾਨ

ਅੱਜ ਦੀ ਤੇਜ਼ ਰਫ਼ਤਾਰ ਜ਼ਿੰਦਗੀ ਵਿੱਚ ਪੇਟ ਫੁੱਲਣਾ ਇੱਕ ਆਮ ਸਮੱਸਿਆ ਬਣ ਗਈ ਹੈ, ਜੋ ਅਕਸਰ ਖਾਣ-ਪੀਣ ਦੀਆਂ ਮਾੜੀਆਂ ਆਦਤਾਂ, ਤਣਾਅ, ਦੇਰ ਨਾਲ ਖਾਣਾ, ਜਾਂ ਕਮਜ਼ੋਰ ਪਾਚਨ ਪ੍ਰਣਾਲੀ ਕਾਰਨ ਹੁੰਦੀ ਹੈ। ਇਸ ਨਾਲ ਪੇਟ ਭਾਰੀ, ਤੰਗ ਅਤੇ ਬੇਆਰਾਮੀ ਮਹਿਸੂਸ ਹੁੰਦਾ ਹੈ। ਜਦੋਂ ਕਿ ਦਵਾਈਆਂ ਤੁਰੰਤ ਰਾਹਤ ਪ੍ਰਦਾਨ ਕਰ ਸਕਦੀਆਂ ਹਨ, ਕੁਝ ਕੁਦਰਤੀ ਭੋਜਨ ਸਿਰਫ 25-30 ਮਿੰਟਾਂ ਵਿੱਚ ਪੇਟ ਫੁੱਲਣ ਨੂੰ ਘਟਾ ਸਕਦੇ ਹਨ। ਇਹ ਭੋਜਨ ਨਾ ਸਿਰਫ਼ ਜਲਦੀ ਕੰਮ ਕਰਦੇ ਹਨ ਬਲਕਿ ਬਿਨਾਂ ਕਿਸੇ ਮਾੜੇ ਪ੍ਰਭਾਵਾਂ ਦੇ ਰਾਹਤ ਵੀ ਪ੍ਰਦਾਨ ਕਰਦੇ ਹਨ। ਆਓ ਬਿਨਾਂ ਦੇਰੀ ਕੀਤੇ ਅਜਿਹੇ ਪ੍ਰਭਾਵਸ਼ਾਲੀ ਭੋਜਨਾਂ ਬਾਰੇ ਜਾਣੀਏ-

**ਪਪੀਤਾ-** ਪਪੀਤਾ ਇੱਕ ਅਜਿਹਾ ਫਲ ਹੈ ਜਿਸ ਵਿਚ ਪਪੈਨ ਨਾਮਕ ਇੱਕ ਐਨਜ਼ਾਈਮ ਹੁੰਦਾ ਹੈ। ਇਹ ਐਨਜ਼ਾਈਮ ਪਾਚਨ ਨੂੰ ਤੇਜ਼ ਕਰਦਾ ਹੈ ਅਤੇ ਅੰਤੜੀਆਂ ਵਿੱਚ ਗੈਸ ਬਣਨ ਤੋਂ ਰੋਕਦਾ ਹੈ। ਪਪੀਤਾ ਖਾਣ ਦੇ 20-25 ਮਿੰਟਾਂ ਦੇ ਅੰਦਰ ਤੁਸੀਂ ਪੇਟ ਹਲਕਾ ਮਹਿਸੂਸ ਕਰ ਸਕਦੇ ਹੋ। ਇਸਨੂੰ ਸਵੇਰੇ ਜਾਂ ਭੋਜਨ ਤੋਂ ਬਾਅਦ ਖਾਓ।

**ਖੀਰਾ-** ਖੀਰਾ ਲਗਪਗ 95% ਪਾਣੀ ਹੁੰਦਾ ਹੈ, ਜੋ ਸਰੀਰ ਨੂੰ ਹਾਈਡ੍ਰੇਟ ਕਰਦਾ ਹੈ ਅਤੇ ਪਿਸ਼ਾਬ ਰਾਹੀਂ ਵਾਧੂ ਪਾਣੀ ਅਤੇ ਗੈਸ ਨੂੰ ਦੂਰ ਕਰਨ ਵਿੱਚ ਮਦਦ ਕਰਦਾ ਹੈ। ਇਸ ਵਿੱਚ ਮੌਜੂਦ ਐਂਟੀਆਕਸੀਡੈਂਟ ਕੁਕਰਬਿਟਾਸਿਨ ਫੁੱਲਣ ਨੂੰ ਘਟਾਉਂਦਾ ਹੈ।

**ਅਦਰਕ-** ਅਦਰਕ ਵਿੱਚ ਜਿੰਜੇਰੋਲ ਅਤੇ ਸ਼ੋਗਾਓਲ ਵਰਗੇ ਮਿਸ਼ਰਣ ਹੁੰਦੇ ਹਨ ਜੋ ਅੰਤੜੀਆਂ ਨੂੰ ਸ਼ਾਂਤ ਕਰਦੇ ਹਨ ਅਤੇ ਗੈਸ ਦੀ ਗਤੀ ਨੂੰ ਬਿਹਤਰ ਬਣਾਉਂਦੇ ਹਨ। ਅਦਰਕ ਦੀ ਚਾਹ ਜਾਂ ਅਦਰਕ ਦਾ ਇੱਕ ਛੋਟਾ ਜਿਹਾ ਟੁਕੜਾ ਚਬਾਉਣ ਨਾਲ 25 ਮਿੰਟਾਂ ਦੇ ਅੰਦਰ ਨਤੀਜੇ ਦਿਖਾਈ ਦੇ ਸਕਦੇ ਹਨ।

**ਦਹੀਂ-** ਦਹੀਂ ਵਿੱਚ ਪਾਏ ਜਾਣ ਵਾਲੇ ਪ੍ਰੋਬਾਇਓਟਿਕਸ ਚੰਗੇ ਬੈਕਟੀਰੀਆ ਹਨ ਜੋ ਪੇਟ ਦੀ ਖਰਾਬੀ ਨੂੰ ਸ਼ਾਂਤ ਕਰਨ ਅਤੇ ਫੁੱਲਣ ਨੂੰ ਕੰਟਰੋਲ ਕਰਨ ਵਿੱਚ ਮਦਦ ਕਰਦੇ ਹਨ। ਭੋਜਨ ਤੋਂ ਬਾਅਦ ਇੱਕ ਕਟੋਰੀ ਦਹੀਂ ਖਾਣਾ ਵੀ ਪ੍ਰਭਾਵਸ਼ਾਲੀ ਹੈ।

**ਪੁਦੀਨਾ-** ਪੁਦੀਨਾ ਪੇਟ ਦੀਆਂ ਮਾਸਪੇਸ਼ੀਆਂ ਨੂੰ ਆਰਾਮ ਦਿੰਦਾ ਹੈ ਅਤੇ ਗੈਸ ਨੂੰ ਕੁਦਰਤੀ ਤੌਰ 'ਤੇ ਬਾਹਰ ਕੱਢਣ ਵਿੱਚ ਮਦਦ ਕਰਦਾ ਹੈ। ਪੁਦੀਨੇ ਦੀ ਚਾਹ ਪੀਣ ਜਾਂ ਪੁਦੀਨੇ ਦੇ ਪੱਤੇ ਚਬਾਉਣ ਨਾਲ ਜਲਦੀ ਰਾਹਤ ਮਿਲਦੀ ਹੈ।

**ਕੇਲਾ-** ਕੇਲੇ ਵਿੱਚ ਪੋਟਾਸ਼ੀਅਮ ਸੋਡੀਅਮ ਨੂੰ ਸੰਤੁਲਿਤ ਕਰਦਾ ਹੈ । ਇਹ ਪਾਚਨ ਕਿਰਿਆ ਨੂੰ ਬਿਹਤਰ ਬਣਾਉਂਦਾ ਹੈ ਅਤੇ ਪੇਟ ਦੇ ਭਾਰੀਪਨ ਤੋਂ ਰਾਹਤ ਦਿੰਦਾ ਹੈ।

**ਸੌਂਫ-** ਸੌਂਫ ਵਿੱਚ ਐਨੀਥੋਲ ਹੁੰਦਾ ਹੈ, ਜੋ ਗੈਸ ਨੂੰ ਬਾਹਰ ਕੱਢਣ ਵਿੱਚ ਮਦਦ ਕਰਦਾ ਹੈ। ਇੱਕ ਚੁਟਕੀ ਸੌਂਫ ਚਬਾਉਣ ਜਾਂ ਇਸਦਾ ਪਾਣੀ ਪੀਣ ਨਾਲ 20-30 ਮਿੰਟਾਂ ਵਿੱਚ ਪੇਟ ਫੁੱਲਣ ਨੂੰ ਘੱਟ ਕੀਤਾ ਜਾ ਸਕਦਾ ਹੈ।

## ਅੱਖਾਂ ਨੂੰ ਵਾਰ-ਵਾਰ ਰਗੜਨ ਦੀ ਆਦਤ ਨੁਕਸਾਨਦੇਹ

ਅਕਸਰ ਜਦੋਂ ਸਾਡੀਆਂ ਅੱਖਾਂ ਵਿੱਚ ਖਾਰਸ਼ ਹੁੰਦੀ ਹੈ ਜਾਂ ਥਕਾਵਟ ਮਹਿਸੂਸ ਹੁੰਦੀ ਹੈ, ਤਾਂ ਅਸੀਂ ਅਣਜਾਣੇ ਵਿੱਚ ਉਨ੍ਹਾਂ ਨੂੰ ਰਗੜਨਾ ਸ਼ੁਰੂ ਕਰ ਦਿੰਦੇ ਹਾਂ। ਇਹ ਇੱਕ ਆਮ ਆਦਤ ਹੈ ਜੋ ਪਲ ਭਰ ਲਈ ਰਾਹਤ ਦਿੰਦੀ ਹੈ ਪਰ ਲੰਬੇ ਸਮੇਂ ਵਿੱਚ, ਇਹ ਸਾਡੀਆਂ ਅੱਖਾਂ ਲਈ ਬਹੁਤ ਨੁਕਸਾਨਦੇਹ ਸਾਬਤ ਹੋ ਸਕਦੀ ਹੈ। ਹਾਂ ਡਾਕਟਰ ਇਹ ਵੀ ਕਹਿੰਦੇ ਹਨ ਕਿ ਅੱਖਾਂ ਰਗੜਨ ਨਾਲ ਨਾ ਸਿਰਫ਼ ਇਨਫੈਕਸ਼ਨ ਦਾ ਖ਼ਤਰਾ ਵਧਦਾ ਹੈ, ਸਗੋਂ ਇਹ ਅੱਖਾਂ ਦੀ ਬਣਤਰ ਨੂੰ ਵੀ ਗੰਭੀਰ ਨੁਕਸਾਨ ਪਹੁੰਚਾ ਸਕਦੀ ਹੈ। ਇਸ ਲਈ ਇਹ ਸਾਧਾਰਨ ਜਿਹੀ ਆਦਤ ਤੁਹਾਡੀਆਂ ਨਾਜ਼ੁਕ ਅੱਖਾਂ ਨੂੰ ਬਹੁਤ ਨੁਕਸਾਨ ਪਹੁੰਚਾਉਂਦੀ ਹੈ। ਆਓ ਜਾਣਦੇ ਹਾਂ ਕਿਵੇਂ।



**ਲਾਗ ਦਾ ਖ਼ਤਰਾ-** ਜਦੋਂ ਅਸੀਂ ਆਪਣੀਆਂ ਅੱਖਾਂ ਨੂੰ ਵਾਰ-ਵਾਰ ਮਲਦੇ ਹਾਂ ਤਾਂ ਸਾਡੇ ਹੱਥਾਂ 'ਤੇ ਧੂੜ, ਬੈਕਟੀਰੀਆ ਅਤੇ ਵਾਇਰਸ ਸਿੱਧੇ ਸਾਡੀਆਂ ਅੱਖਾਂ ਵਿੱਚ ਪਹੁੰਚ ਜਾਂਦੇ ਹਨ। ਇਸ ਨਾਲ ਕੰਨਜਕਟਿਵਾਇਟਿਸ, ਫਿਨਕ ਓਇਸ ਵਰਗੀਆਂ ਸਥਿਤੀਆਂ ਹੋ ਸਕਦੀਆਂ ਹਨ। ਇਹ ਲਾਗ ਤੇਜ਼ੀ ਨਾਲ ਫੈਲ ਸਕਦੀ ਹੈ, ਖਾਸ ਕਰਕੇ ਠੰਢੇ ਅਤੇ ਐਲਰਜੀ ਦੇ ਮੌਸਮ ਦੌਰਾਨ।

**ਕੌਰਨੀਅਲ ਨੂੰ ਨੁਕਸਾਨ-** ਲਗਾਤਾਰ ਅੱਖਾਂ ਨੂੰ ਰਗੜਨ ਨਾਲ ਕੌਰਨੀਆ ਅੱਖ ਦੀ ਬਾਹਰੀ ਪਾਰਦਰਸ਼ੀ ਪਰਤ ਕਮਜ਼ੋਰ ਹੋ ਸਕਦੀ ਹੈ। ਇਸ ਨਾਲ ਕੇਰਾਟੋਕੋਨਸ ਹੋ ਸਕਦਾ ਹੈ, ਇੱਕ ਅਜਿਹੀ ਸਥਿਤੀ ਜਿਸ ਵਿੱਚ ਕੌਰਨੀਆ ਪਤਲਾ ਹੋ ਜਾਂਦਾ ਹੈ ਅਤੇ ਅੱਗੇ ਵੱਲ ਉੱਭਰਦਾ ਹੈ। ਇਹ ਨਜ਼ਰ ਨੂੰ ਧੁੰਦਲਾ ਕਰ ਸਕਦਾ ਹੈ ਅਤੇ ਗੰਭੀਰ ਮਾਮਲਿਆਂ ਵਿੱਚ, ਲੈਂਸ ਜਾਂ ਸਰਜਰੀ ਦੀ ਲੋੜ ਹੋ ਸਕਦੀ ਹੈ।

**ਕਾਲੇ ਘੇਰੇ ਤੇ ਸੋਜ-** ਅੱਖਾਂ ਦੇ ਆਲੇ-ਦੁਆਲੇ ਦੀ ਚਮੜੀ ਬਹੁਤ ਸੰਵੇਦਨਸ਼ੀਲ ਹੁੰਦੀ ਹੈ। ਵਾਰ-ਵਾਰ ਰਗੜਨ ਨਾਲ ਖੂਨ ਦੀਆਂ ਨਾੜੀਆਂ ਨੂੰ ਨੁਕਸਾਨ ਹੋ ਸਕਦਾ ਹੈ, ਜਿਸ ਨਾਲ ਕਾਲੇ ਘੇਰੇ ਅਤੇ ਸੋਜ ਹੋ ਜਾਂਦੀ ਹੈ।

**ਐਲਰਜੀ ਅਤੇ ਜਲਣ-** ਐਲਰਜੀ ਵਾਲੇ ਲੋਕ ਅਕਸਰ ਆਪਣੀਆਂ ਅੱਖਾਂ ਵਿੱਚ ਖੁਜਲੀ ਦਾ ਅਨੁਭਵ ਕਰਦੇ ਹਨ ਅਤੇ ਉਹਨਾਂ ਨੂੰ ਰਗੜਦੇ ਹਨ। ਇਹ ਅੱਖਾਂ ਦੀ ਜਲਣ ਨੂੰ ਵਧਾ ਸਕਦਾ ਹੈ ਕਿਉਂਕਿ ਰਗੜਨ ਨਾਲ ਜ਼ਿਆਦਾ ਹਿਸਟਾਮਾਈਨ ਨਿਕਲਦਾ ਹੈ, ਜੋ ਐਲਰਜੀ ਪ੍ਰਤੀਕ੍ਰਿਆ ਨੂੰ ਹੋਰ ਵਧਾਉਂਦਾ ਹੈ।

ਆਪਣੀਆਂ ਅੱਖਾਂ ਨੂੰ ਛੂਹਣ ਤੋਂ ਪਹਿਲਾਂ ਕੀ ਕਰਨਾ ਚਾਹੀਦਾ ਹੈ?

**ਆਪਣੇ ਹੱਥਾਂ ਨੂੰ ਚੰਗੀ ਤਰ੍ਹਾਂ ਧੋਵੋ-** ਆਪਣੀਆਂ ਅੱਖਾਂ ਨੂੰ ਛੂਹਣ ਤੋਂ ਪਹਿਲਾਂ ਹਮੇਸ਼ਾ ਆਪਣੇ ਹੱਥਾਂ ਨੂੰ ਸਾਬਣ ਅਤੇ ਪਾਣੀ ਨਾਲ ਘੱਟੋ-ਘੱਟ 20 ਸਕਿੰਟਾਂ ਲਈ ਧੋਵੋ। ਇਸ ਨਾਲ ਲਾਗ ਫੈਲਣ ਦਾ ਖ਼ਤਰਾ ਘੱਟ ਜਾਵੇਗਾ।

**ਟਿਸ਼ੂ ਜਾਂ ਸਾਫ਼ ਕੱਪੜੇ ਦੀ ਵਰਤੋਂ ਕਰੋ -** ਜੇਕਰ ਤੁਹਾਡੀਆਂ ਅੱਖਾਂ ਵਿੱਚ ਖਾਰਸ਼ ਹੈ ਤਾਂ ਆਪਣੀਆਂ ਉਂਗਲਾਂ ਦੀ ਬਜਾਏ ਸਾਫ਼ ਟਿਸ਼ੂ ਦੀ ਵਰਤੋਂ ਕਰੋ। ਵਰਤੋਂ ਤੋਂ ਤੁਰੰਤ ਬਾਅਦ ਇਸਨੂੰ ਸੁੱਟ ਦਿਓ।

**ਆਪਣੀਆਂ ਅੱਖਾਂ ਨੂੰ ਨਮ ਰੱਖੋ -** ਸੁੱਕਣ ਨਾਲ ਵੀ ਖੁਜਲੀ ਹੁੰਦੀ ਹੈ। ਲੁਬਰੀਕੇ-ਟਿੰਗ ਆਈ ਡ੍ਰੌਪਸ ਦੀ ਵਰਤੋਂ ਕਰੋ। ਇਹ ਤੁਹਾਡੀਆਂ ਅੱਖਾਂ ਨੂੰ ਰਗੜਨ ਦੀ ਜ਼ਰੂਰਤ ਨੂੰ ਘਟਾ ਦੇਵੇਗਾ।

**ਡਾਕਟਰੀ ਸਲਾਹ ਲਓ -** ਜੇਕਰ ਤੁਹਾਡੀਆਂ ਅੱਖਾਂ ਵਿੱਚ ਅਕਸਰ ਖਾਰਸ਼ ਜਾਂ ਜਲਣ ਹੁੰਦੀ ਹੈ, ਤਾਂ ਆਪ ਦਵਾਈ ਨਾ ਲਓ। ਕਾਰਨ ਅਤੇ ਇਲਾਜ ਦਾ ਪਤਾ ਲਗਾਉਣ ਲਈ ਅੱਖਾਂ ਦੇ ਮਾਹਰ ਨਾਲ ਸਲਾਹ ਕਰੋ।

**ਕੰਟੈਕਟ ਲੈਂਸ ਪਹਿਨਣ ਵਾਲਿਆਂ ਲਈ ਸਾਵਧਾਨੀ -** ਕੰਟੈਕਟ ਲੈਂਸ ਪਾਉਣ ਜਾਂ ਹਟਾਉਣ ਤੋਂ ਪਹਿਲਾਂ ਹਮੇਸ਼ਾ ਆਪਣੇ ਹੱਥਾਂ ਨੂੰ ਸਾਫ਼ ਕਰੋ ਅਤੇ ਲੈਂਸ ਦੇ ਕੇਸ ਨੂੰ ਵਾਰ-ਵਾਰ ਬਦਲੋ।

## ਹੱਡੀਆਂ ਨੂੰ ਵੀ ਕਮਜ਼ੋਰ ਕਰ ਸਕਦਾ ਹੈ ਤਣਾਅ?

ਇਨ੍ਹੀਂ ਦਿਨੀਂ ਤਣਾਅ ਦਾ ਪੱਧਰ ਕਾਫ਼ੀ ਵਧ ਗਿਆ ਹੈ। ਪੜ੍ਹਾਈ, ਕਰੀਅਰ, ਨੌਕਰੀ, ਪਰਿਵਾਰ ਤੇ ਹੋਰ ਬਹੁਤ ਸਾਰੀਆਂ ਚੀਜ਼ਾਂ 'ਤੇ ਤਣਾਅ ਕਾਫ਼ੀ ਆਮ ਹੋ ਗਿਆ ਹੈ। ਹਰ ਦੂਜਾ ਵਿਅਕਤੀ ਕਿਸੇ ਨਾ ਕਿਸੇ ਚੀਜ਼ ਬਾਰੇ ਤਣਾਅ ਵਿੱਚ ਰਹਿੰਦਾ ਹੈ ਜਿਵੇਂ ਕਿ ਇਹ ਸਾਡੇ ਰੋਜ਼ਾਨਾ ਰੁਟੀਨ ਦਾ ਹਿੱਸਾ ਬਣ ਗਿਆ ਹੈ। ਤਣਾਅ ਨੂੰ ਅਕਸਰ ਨਜ਼ਰਅੰਦਾਜ਼ ਤੇ ਅਣਦੇਖਾ ਕੀਤਾ ਜਾਂਦਾ ਹੈ। ਬਹੁਤ ਜ਼ਿਆਦਾ ਤਣਾਅ ਅਕਸਰ ਦਿਲ ਦੀਆਂ ਸਮੱਸਿਆਵਾਂ ਦੇ ਜੋਖਮ ਨੂੰ ਵਧਾਉਂਦਾ ਹੈ। ਇਸ ਤੋਂ ਇਲਾਵਾ ਬਹੁਤ ਜ਼ਿਆਦਾ ਤਣਾਅ ਹੱਡੀਆਂ ਦੀ ਸਿਹਤ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ। ਇਸ ਲੇਖ ਵਿੱਚ ਆਓ ਡਾਕਟਰਾਂ ਤੋਂ ਇਹ ਜਾਣਨ ਦੀ ਕੋਸ਼ਿਸ਼ ਕਰੀਏ ਕਿ ਕੀ ਤਣਾਅ ਸੱਚਮੁੱਚ ਹੱਡੀਆਂ ਨੂੰ ਕਮਜ਼ੋਰ ਕਰ ਸਕਦਾ ਹੈ।



ਨੋਇਡਾ ਦੇ ਮੈਟਰੋ ਹਸਪਤਾਲ ਦੇ ਸਲਾਹਕਾਰ ਡਾ. ਅਕਸ਼ੈ ਚੁਘ ਦਾ ਕਹਿਣਾ ਹੈ ਕਿ "ਜਦੋਂ ਸਾਡੇ ਸਰੀਰ ਲਗਾਤਾਰ ਤਣਾਅ ਵਿੱਚ ਰਹਿੰਦੇ ਹਨ ਤਾਂ ਇਹ ਨਾ ਸਿਰਫ਼ ਸਾਡੇ ਦਿਮਾਗ ਨੂੰ ਪ੍ਰਭਾਵਿਤ ਕਰਦਾ ਹੈ ਸਗੋਂ ਸਾਡੇ ਹਾਰਮੋਨਲ ਪ੍ਰਣਾਲੀ ਨੂੰ ਵੀ ਪ੍ਰਭਾਵਿਤ ਕਰਦਾ ਹੈ। ਤਣਾਅ ਦੇ ਸਮੇਂ ਸਾਡੇ ਸਰੀਰ ਕੋਰਟੀਸੋਲ ਨਾਮਕ ਇੱਕ ਹਾਰਮੋਨ ਪੈਦਾ ਕਰਦੇ ਹਨ, ਜਿਸਨੂੰ ਤਣਾਅ ਹਾਰਮੋਨ ਵੀ ਕਿਹਾ ਜਾਂਦਾ ਹੈ। ਜੇਕਰ ਇਹ ਹਾਰਮੋਨ ਲੰਬੇ ਸਮੇਂ ਤੱਕ ਤੁਹਾਡੇ ਸਰੀਰ ਵਿੱਚ ਉੱਚ ਪੱਧਰ 'ਤੇ ਰਹਿੰਦਾ ਹੈ ਤਾਂ ਇਹ ਤੁਹਾਡੀਆਂ ਹੱਡੀਆਂ ਤੋਂ ਕੈਲਸ਼ੀਅਮ ਨੂੰ ਖਤਮ ਕਰ ਦਿੰਦਾ ਹੈ ਜੋ ਹੌਲੀ-ਹੌਲੀ ਹੱਡੀਆਂ ਨੂੰ ਕਮਜ਼ੋਰ ਕਰ ਸਕਦਾ ਹੈ ਅਤੇ ਓਸਟੀਓਪੋਰੋਸਿਸ ਦਾ ਕਾਰਨ ਬਣ ਸਕਦਾ ਹੈ।"

ਦਿੱਲੀ ਦੇ ਪੀ ਆਰ ਸੀ ਹਸਪਤਾਲ ਵਿਖੇ ਸਪੋਰਟਸ ਇੰਜਰੀ, ਜੋੜਾਂ ਦੀ ਸੰਭਾਲ ਅਤੇ ਸਰਜਰੀ ਦੇ ਡਾਇਰੈਕਟਰ ਡਾ. ਗੌਰਵ ਪ੍ਰਕਾਸ਼ ਭਾਰਦਵਾਜ ਨੇ ਵੀ ਇਹ ਜਾਣਕਾਰੀ ਸਾਂਝੀ ਕਰਦਿਆਂ ਕਿਹਾ, "ਤਣਾਅ ਸਰੀਰ ਵਿੱਚ ਕੋਰਟੀਸੋਲ ਦੇ ਪੱਧਰ ਨੂੰ ਵਧਾਉਂਦਾ ਹੈ, ਜੋ ਹੱਡੀਆਂ ਵਿੱਚ ਕੈਲਸ਼ੀਅਮ ਦੇ ਪੱਧਰ ਨੂੰ ਘਟਾ ਸਕਦਾ ਹੈ ਅਤੇ ਨਵੀਂ ਹੱਡੀਆਂ ਦੇ ਗਠਨ ਦੀ ਪ੍ਰਕਿਰਿਆ ਨੂੰ ਹੌਲੀ ਕਰ ਦਿੰਦਾ ਹੈ, ਜਿਸ ਨਾਲ ਸਮੇਂ ਦੇ ਨਾਲ ਹੱਡੀਆਂ ਕਮਜ਼ੋਰ ਹੋ ਸਕਦੀਆਂ ਹਨ ਤੇ ਓਸਟੀਓਪੋਰੋਸਿਸ ਵਰਗੀਆਂ ਬਿਮਾਰੀਆਂ ਦਾ ਖ਼ਤਰਾ ਵਧ ਸਕਦਾ ਹੈ।"

### ਤਣਾਅ ਦਾ ਹੱਡੀਆਂ 'ਤੇ ਕੀ ਪ੍ਰਭਾਵ ਪਾਉਂਦੈ?

ਤਣਾਅ ਸਰੀਰ ਵਿੱਚ ਕੈਲਸ਼ੀਅਮ ਦੀ ਕਮੀ ਦਾ ਕਾਰਨ ਬਣ ਸਕਦਾ ਹੈ, ਜਿਸ ਨਾਲ ਹੱਡੀਆਂ ਕਮਜ਼ੋਰ ਹੋ ਸਕਦੀਆਂ ਹਨ, ਜਿਸ ਨਾਲ ਹੇਠ ਲਿਖੀਆਂ ਸਮੱਸਿਆਵਾਂ ਵੀ ਹੋ ਸਕਦੀਆਂ ਹਨ:

**ਕੈਲਸ਼ੀਅਮ ਦੀ ਘਾਟ:** ਕੋਰਟੀਸੋਲ ਹੱਡੀਆਂ ਤੋਂ ਕੈਲਸ਼ੀਅਮ ਖਤਮ ਹੋ ਜਾਂਦਾ ਹੈ, ਜਿਸ ਨਾਲ ਹੱਡੀਆਂ ਦੀ ਘਣਤਾ ਵਿੱਚ ਕਮੀ ਆਉਂਦੀ ਹੈ।

ਹਾਰਮੋਨਲ ਅਸੰਤੁਲਨ: ਤਣਾਅ ਐਸਟ੍ਰੋਜਨ ਅਤੇ ਟੈਸਟੋਸਟੀਰੋਨ ਦੇ ਪੱਧਰ ਨੂੰ ਘਟਾਉਂਦਾ ਹੈ, ਜੋ ਹੱਡੀਆਂ ਦੀ ਮਜ਼ਬੂਤੀ ਲਈ ਜ਼ਰੂਰੀ ਹਨ।

**ਮਾੜੀ ਜੀਵਨ ਸ਼ੈਲੀ:** ਤਣਾਅ ਤੁਹਾਡੀ ਜੀਵਨ ਸ਼ੈਲੀ ਨੂੰ ਵੀ ਪ੍ਰਭਾਵਿਤ ਕਰਦਾ ਹੈ, ਜਿਸ ਨਾਲ ਨੀਂਦ, ਭੋਜਨ ਅਤੇ ਕਸਰਤ ਦੀ ਘਾਟ ਹੁੰਦੀ ਹੈ, ਜੋ ਹੱਡੀਆਂ ਦੀ ਸਿਹਤ ਨੂੰ ਪ੍ਰਭਾਵਿਤ ਕਰਦੀ ਹੈ।

**ਸਿਗਰਟਨੋਸ਼ੀ ਅਤੇ ਕੈਫੀਨ:** ਸਿਗਰਟਨੋਸ਼ੀ ਅਤੇ ਬਹੁਤ ਜ਼ਿਆਦਾ ਕੈਫੀਨ ਦਾ ਸੇਵਨ ਤੁਹਾਡੀ ਸਿਹਤ ਦੇ ਨਾਲ-ਨਾਲ ਤੁਹਾਡੀਆਂ ਹੱਡੀਆਂ 'ਤੇ ਵੀ ਨਕਾਰਾਤਮਕ ਪ੍ਰਭਾਵ ਪਾਉਂਦਾ ਹੈ।

### ਅਧਿਐਨ ਕੀ ਕਹਿੰਦਾ ਹੈ?

ਨੈਸ਼ਨਲ ਲਾਇਬ੍ਰੇਰੀ ਆਫ਼ ਮੈਡੀਸਨ ਦੇ ਇੱਕ ਅਧਿਐਨ ਦੇ ਅਨੁਸਾਰ, "ਮਨੋਵਿਗਿਆਨਕ ਤਣਾਅ ਸਰੀਰਕ ਤੇ ਵਿਵਹਾਰਕ ਤਬਦੀਲੀਆਂ ਵੱਲ ਲੈ ਜਾਂਦਾ ਹੈ ਜੋ ਹੱਡੀਆਂ ਦੀ ਸਿਹਤ ਨੂੰ ਪ੍ਰਭਾਵਤ ਕਰ ਸਕਦੇ ਹਨ। ਇਹ ਕਾਰਕ ਇਕੱਠੇ ਹੱਡੀਆਂ ਦੇ ਪੁਨਰ ਨਿਰਮਾਣ ਨੂੰ ਪ੍ਰਭਾਵਤ ਕਰਦੇ ਹਨ, ਜਿਸ ਨਾਲ ਹੱਡੀਆਂ ਦਾ ਨੁਕਸਾਨ ਹੁੰਦਾ ਹੈ।"

### ਹੱਡੀਆਂ ਨੂੰ ਤਣਾਅ ਤੋਂ ਬਚਾਉਣ ਦੇ ਤਰੀਕੇ

ਤਣਾਅ ਕਾਰਨ ਹੱਡੀਆਂ ਦੇ ਨੁਕਸਾਨ ਨੂੰ ਰੋਕਣ ਲਈ, ਇਹਨਾਂ ਗੱਲਾਂ ਨੂੰ ਧਿਆਨ ਵਿੱਚ ਰੱਖੋ:

**ਸੰਤੁਲਿਤ ਖੁਰਾਕ:** ਦੁੱਧ, ਦਹੀਂ, ਮੱਛੀ, ਆਂਡੇ, ਹਰੀਆਂ ਸਬਜ਼ੀਆਂ ਅਤੇ ਫਲ ਖਾਓ; ਇਹ ਭੋਜਨ ਕੈਲਸ਼ੀਅਮ ਅਤੇ ਵਿਟਾਮਿਨ ਡੀ ਨੂੰ ਭਰਨ ਵਿੱਚ ਮਦਦ ਕਰਦੇ ਹਨ।

**ਨਿਯਮਿਤ ਕਸਰਤ:** ਹਲਦੀ, ਦੌੜਨਾ, ਯੋਗਾ, ਜਾਂ ਤਾਕਤ ਸਿਖਲਾਈ ਹੱਡੀਆਂ ਨੂੰ ਮਜ਼ਬੂਤ ਕਰਨ ਵਿੱਚ ਮਦਦ ਕਰਦੀ ਹੈ ਅਤੇ ਤਣਾਅ ਘਟਾਉਣ ਵਿੱਚ ਵੀ ਪ੍ਰਭਾਵਸ਼ਾਲੀ ਮੰਨੀ ਜਾਂਦੀ ਹੈ।

**ਸੂਰਜ ਦੀ ਰੌਸ਼ਨੀ:** ਸਵੇਰੇ 10 ਵਜੇ ਤੋਂ ਪਹਿਲਾਂ ਹਲਕੀ ਧੁੱਪ ਦਾ ਸਾਹਮਣਾ ਕਰਨ ਨਾਲ ਤੁਹਾਡੇ ਸਰੀਰ ਨੂੰ ਕੁਦਰਤੀ ਵਿਟਾਮਿਨ ਡੀ ਮਿਲਦਾ ਹੈ, ਜੋ ਹੱਡੀਆਂ ਨੂੰ ਮਜ਼ਬੂਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

**ਕਾਫ਼ੀ ਨੀਂਦ ਲਓ:** ਰੋਜ਼ਾਨਾ 7 ਤੋਂ 8 ਘੰਟੇ ਦੀ ਨੀਂਦ ਲੈਣ ਦੀ ਕੋਸ਼ਿਸ਼ ਕਰੋ, ਕਿਉਂਕਿ ਇਹ ਤੁਹਾਡੀਆਂ ਹੱਡੀਆਂ ਨੂੰ ਠੀਕ ਹੋਣ ਵਿੱਚ ਮਦਦ ਕਰਦਾ ਹੈ।

**ਤਣਾਅ ਘਟਾਓ:** ਧਿਆਨ, ਪ੍ਰਾਣਾਯਾਮ, ਆਪਣੇ ਮਨਪਸੰਦ ਗੀਤ ਸੁਣਨਾ ਅਤੇ ਲੋਕਾਂ ਨਾਲ ਗੱਲ ਕਰਨਾ ਤੁਹਾਨੂੰ ਮਾਨਸਿਕ ਸ਼ਾਂਤੀ ਦੇ ਸਕਦਾ ਹੈ।

ਸਿੱਟਾ- ਤਣਾਅ ਨੂੰ ਹਲਕੇ ਵਿੱਚ ਲੈਣਾ ਨਾ ਸਿਰਫ਼ ਤੁਹਾਡੀ ਮਾਨਸਿਕ ਅਤੇ ਸਰੀਰਕ ਸਿਹਤ ਲਈ ਨੁਕਸਾਨਦੇਹ ਹੈ, ਸਗੋਂ ਇਹ ਤੁਹਾਡੀ ਹੱਡੀਆਂ ਦੀ ਸਿਹਤ 'ਤੇ ਵੀ ਨਕਾਰਾਤਮਕ ਪ੍ਰਭਾਵ ਪਾਉਂਦਾ ਹੈ। ਇਸ ਲਈ, ਜੇਕਰ ਤੁਸੀਂ ਬਹੁਤ ਜ਼ਿਆਦਾ ਤਣਾਅ ਵਿੱਚ ਹੋ, ਤਾਂ ਉੱਪਰ ਦੱਸੇ ਗਏ ਉਪਾਵਾਂ ਦੀ ਮਦਦ ਨਾਲ ਇਸਨੂੰ ਪ੍ਰਬੰਧਨ ਕਰਨ ਦੀ ਕੋਸ਼ਿਸ਼ ਕਰੋ ਅਤੇ ਆਪਣੀਆਂ ਹੱਡੀਆਂ ਨੂੰ ਮਜ਼ਬੂਤ ਰੱਖਣ ਲਈ ਪੌਸ਼ਟਿਕ ਤੱਤਾਂ ਨਾਲ ਭਰਪੂਰ ਭੋਜਨ ਦਾ ਸੇਵਨ ਕਰੋ।

# ਵਿਦੇਸ਼ੀ ਨਾਗਰਿਕਾਂ ਦੇ ਪਸੰਦੀਦਾ ਬਣਨ ਵਾਲੇ ਏਸ਼ੀਆ ਦੇ ਮੁਲਕ

ਕਿਫ਼ਾਇਤੀ ਰਹਿਣ-ਸਹਿਣ, ਜ਼ਿੰਦਾ-ਦਿਲ ਸੱਭਿਆਚਾਰ ਅਤੇ ਨਵੇਂ ਕਰੀਅਰ ਦੇ ਮੌਕੇ ਏਸ਼ੀਆ ਨੂੰ ਪਰਵਾਸੀਆਂ ਲਈ ਆਕਰਸ਼ਕ ਬਣਾ ਰਹੇ ਹਨ। ਸਾਲ 2025 ਦੇ ਇੰਟਰਨੈਸ਼ਨਲ ਐਕਸਪੈਟ ਇਨਸਾਈਡਰ ਸਰਵੇਖਣ ਵਿੱਚ 172 ਦੇਸ਼ਾਂ ਦੇ ਦਸ ਹਜ਼ਾਰ ਤੋਂ ਵੱਧ ਲੋਕਾਂ ਤੋਂ ਉਨ੍ਹਾਂ ਦੇ ਵਿਦੇਸ਼ਾਂ ਵਿੱਚ ਜ਼ਿੰਦਗੀ ਦੇ ਤਜ਼ਰਬਿਆਂ ਬਾਰੇ ਪੁੱਛਿਆ ਗਿਆ। ਪਰਵਾਸੀ ਉਹ ਲੋਕ ਹੁੰਦੇ ਹਨ ਜੋ ਆਪਣੇ ਦੇਸ਼ ਤੋਂ ਬਾਹਰ ਕੰਮ ਕਰਨ ਜਾਂ ਲੰਬੇ ਸਮੇਂ ਲਈ ਕਿਸੇ ਹੋਰ ਦੇਸ਼ ਵਿੱਚ ਵਸਣ ਲਈ ਜਾਂਦੇ ਹਨ। ਇਸ ਸਰਵੇਖਣ ਵਿੱਚ ਸਾਹਮਣੇ ਆਇਆ ਕਿ ਨਿੱਜੀ ਵਿੱਤ ਸਿੱਧੇ ਤੌਰ 'ਤੇ ਖੁਸ਼ੀ ਨਾਲ ਜੁੜਿਆ ਹੋਇਆ ਹੈ, ਜਿਸ ਕਾਰਨ ਏਸ਼ੀਆਈ ਦੇਸ਼ਾਂ ਨੂੰ ਕਾਫ਼ੀ ਫਾਇਦਾ ਹੁੰਦਾ ਹੈ।

ਪਰਵਾਸੀਆਂ ਲਈ ਦੁਨੀਆ ਭਰ ਦੇ ਚੋਟੀ ਦੇ ਪਰਵਾਸੀਆਂ ਲਈ ਇੱਕ ਵਧੀਆ ਜਗ੍ਹਾ ਹੈ।" "ਇੱਥੇ ਬਹੁਤ ਸਾਰੇ ਕੌਮਾਂਤਰੀ ਸਮੂਹ, ਬਾਰ, ਕੰਪਨੀਆਂ ਅਤੇ ਸਥਾਨ ਹਨ ਜਿੱਥੇ ਪਰਵਾਸੀ ਘੁੰਮਦੇ ਹਨ। ਬੀਜਿੰਗ ਵਿੱਚ ਰਵਾਇਤੀ ਚੀਨੀ ਸੱਭਿਆਚਾਰ ਦੀ ਸੁਹਜ ਹੈ, ਪਰ ਉੱਥੇ ਪਰਵਾਸੀ ਭਾਈਚਾਰਾ ਕਾਫ਼ੀ ਛੋਟਾ ਹੈ।"

ਬੈਲਜੀਅਨ ਪਰਵਾਸੀ ਵਾਊਟਰ ਮੇਅਰ ਹਾਂਗ ਕਾਂਗ ਅਤੇ ਸ਼ੇਨਜ਼ੇਨ ਦੋਵਾਂ ਵਿੱਚ ਰਹਿ ਚੁੱਕੇ ਹਨ। ਦੋਵਾਂ ਥਾਵਾਂ 'ਤੇ ਉਨ੍ਹਾਂ ਦੇ ਅਨੁਭਵ ਬਿਲਕੁਲ ਵੱਖਰੇ ਸਨ। ਉਹ ਕਹਿੰਦੇ ਹਨ, "ਹਾਂਗ ਕਾਂਗ ਇੱਕ ਗਹਿਮਾ-ਗਹਿਮੀ ਵਾਲਾ ਅਤੇ ਵਿਅਸਤ ਸ਼ਹਿਰ ਹੈ।" "ਇੱਥੇ ਹਰ ਉਮਰ ਦੇ ਲੋਕਾਂ ਲਈ ਬਹੁਤ ਸਾਰੇ ਖਰੀਦਦਾਰੀ, ਸੁਆਦੀ ਭੋਜਨ ਅਤੇ ਮਨੋਰੰਜਨ ਦੇ ਵਿਕਲਪ ਹਨ। ਸਾਲਾਂ ਦੌਰਾਨ ਸਿਆਸੀ ਤਬਦੀਲੀਆਂ ਦੇ ਜਲਦੀ ਘੁੱਲ-ਮਿਲ ਜਾਂਦੇ ਹਨ।" "ਮੈਂ ਅੱਠ ਮਹੀਨਿਆਂ ਬਾਅਦ ਚੀਨੀ ਭਾਸ਼ਾ ਨੂੰ ਸਿੱਖਣਾ ਸ਼ੁਰੂ ਕੀਤਾ, ਕਾਸ਼ ਮੈਂ ਇਹ ਪਹਿਲਾਂ ਸ਼ੁਰੂ ਕੀਤਾ ਹੁੰਦਾ।"

**ਮਲੇਸ਼ੀਆ-** ਮਲੇਸ਼ੀਆ ਇਸ ਸਾਲ ਦੀ ਸੂਚੀ ਵਿੱਚ ਦਸਵੇਂ ਸਥਾਨ 'ਤੇ ਹੈ। ਇਸਨੇ ਨਿੱਜੀ ਵਿੱਤ, ਰਿਹਾਇਸ਼ ਅਤੇ ਭਾਸ਼ਾ ਵਿੱਚ ਵਧੀਆ ਅੰਕ ਪ੍ਰਾਪਤ ਕੀਤੇ। ਇੱਥੇ ਆਮ ਤੌਰ 'ਤੇ ਅੰਗਰੇਜ਼ੀ ਬੋਲੀ ਜਾਂਦੀ ਹੈ, ਜੋ ਇਸਨੂੰ ਨਵੇਂ ਆਉਣ ਵਾਲਿਆਂ ਲਈ ਹੋਰ ਵੀ ਆਕਰਸ਼ਕ ਬਣਾਉਂਦੀ ਹੈ। ਆਸਟ੍ਰੇਲੀਆਈ ਨਾਗਰਿਕ ਕ੍ਰਿਸਟੀਨ ਰੇਨੋਲਡਜ਼ ਕਹਿੰਦੇ ਹਨ, "ਇੱਥੇ ਆਉਣਾ ਅਤੇ ਲੋਕਾਂ ਨਾਲ ਘੁੱਲਣਾ-ਮਿਲਣਾ ਸੌਖਾ ਹੈ।" ਅਮਰੀਕੀ ਲੇਖਕ ਕਿਰਸਟਨ ਰਾਕੁਆ ਆਪਣੇ ਬਲੌਗ, 'ਸੈਂਡ ਇਨ ਮਾਈ ਕਰਲਜ਼' ਵਿੱਚ ਲਿਖਦੇ ਹਨ, 'ਉਣ ਵਾਲਿਆਂ ਲਈ ਵਿਸ਼ੇਸ਼ ਟੈਕਸ ਲਾਭ ਪ੍ਰਦਾਨ ਕਰਦਾ ਹੈ।

**ਵੀਅਤਨਾਮ** -ਵੀਅਤਨਾਮ ਇਸ ਸਾਲ ਪਰਵਾਸੀਆਂ ਲਈ ਚੋਟੀ ਦੇ ਪੰਜ ਦੇਸ਼ਾਂ ਵਿੱਚੋਂ ਇੱਕ ਹੈ, ਨਿੱਜੀ ਵਿੱਤ ਸੂਚਕਾਂਕ ਵਿੱਚ ਪਹਿਲੇ ਸਥਾਨ 'ਤੇ ਹੈ, ਜੋ ਜੀਵਨ ਦੀ ਗੁਣਵੱਤਾ ਨੂੰ ਸਿੱਧਾ ਪ੍ਰਭਾਵਿਤ ਕਰਦਾ ਹੈ। ਇੱਥੇ ਰਹਿਣ-ਸਹਿਣ ਦਾ ਖਰਚਾ ਬਹੁਤ ਘੱਟ ਹੈ, ਜੋ ਵਿਦੇਸ਼ੀ ਕਾਮਿਆਂ ਨੂੰ ਆਕਰਸ਼ਿਤ ਕਰਦਾ ਹੈ। ਇੱਕ ਅਮਰੀਕੀ ਨਾਗਰਿਕ ਨੌਰਮਨ ਬੋਰ ਜੋ ਪਿਛਲੇ ਸਾਲ ਦਿ ਨਾਂਗ ਵਿੱਚ ਤਿੰਨ ਮਹੀਨੇ ਰਿਹਾ ਸੀ ਅਤੇ ਵਾਪਸ ਆਉਣ ਦੀ ਯੋਜਨਾ ਬਣਾ ਰਹੇ ਹਨ। ਉਹ ਕਹਿੰਦੇ ਹਨ, "ਸਮੁੰਦਰ ਤੋਂ ਤਿੰਨ ਬਲਾਕ ਦੂਰ ਇੱਕ ਸਟੂਡੀਓ ਅਪਾਰਟਮੈਂਟ ਦੀ ਕੀਮਤ





10 ਪਸੰਦੀਦਾ ਦੇਸ਼ (2025)
ਪਨਾਮਾ
ਕੋਲੰਬੀਆ
ਮੈਕਸੀਕੋ
ਥਾਈਲੈਂਡ
ਵੀਅਤਨਾਮ
ਚੀਨ
ਸੰਯੁਕਤ ਅਰਬ ਅਮੀਰਾਤ
ਇੰਡੋਨੇਸ਼ੀਆ
ਸਪੇਨ
ਮਲੇਸ਼ੀਆ

ਦੁਨੀਆ ਦੇ ਚੋਟੀ ਦੇ 10 ਦੇਸ਼ਾਂ ਵਿੱਚੋਂ ਪੰਜ, ਥਾਈਲੈਂਡ, ਵੀਅਤਨਾਮ, ਚੀਨ, ਇੰਡੋਨੇਸ਼ੀਆ ਅਤੇ ਮਲੇਸ਼ੀਆ, ਪਰਵਾਸੀਆਂ ਦੀ ਪਸੰਦ ਬਣ ਗਏ ਹਨ। ਚੀਨ ਨੇ ਇਸ ਸਾਲ ਇੱਕ ਵੱਡੀ ਛਾਲ ਮਾਰੀ ਹੈ, 2024 ਵਿੱਚ 19ਵੇਂ ਸਥਾਨ ਤੋਂ ਛੇਵੇਂ ਸਥਾਨ 'ਤੇ ਪਹੁੰਚ ਗਿਆ ਹੈ। ਇਹ ਸੁਧਾਰ ਕੰਮਕਾਜੀ ਸੱਭਿਆਚਾਰ ਅਤੇ ਜੀਵਨ ਦੀ ਗੁਣਵੱਤਾ ਦੋਵਾਂ ਵਿੱਚ ਸੁਧਰੇ ਪ੍ਰਦਰਸ਼ਨ ਕਰਕੇ ਹੋਇਆ। ਮਲੇਸ਼ੀਆ ਪਹਿਲੀ ਵਾਰ ਸਿਖਰਲੇ ਦਸ ਦੇਸ਼ਾਂ ਦੀ ਲਿਸਟ ਵਿੱਚ ਸ਼ੁਮਾਰ ਹੋਇਆ, ਜਦੋਂ ਕਿ ਵੀਅਤਨਾਮ ਪੰਜਵੇਂ ਸਥਾਨ 'ਤੇ ਰਿਹਾ, ਖ਼ਾਸ ਤੌਰ ਉੱਤੇ ਨਿੱਜੀ ਵਿੱਤ ਵਿੱਚ ਬਿਹਤਰ ਨਤੀਜਿਆਂ ਦੇ ਕਾਰਨ। ਅਸੀਂ ਇਨ੍ਹਾਂ ਤਿੰਨਾਂ ਦੇਸ਼ਾਂ ਵਿੱਚ ਰਹਿ ਰਹੇ ਪਰਵਾਸੀਆਂ ਨਾਲ ਗੱਲ ਕੀਤੀ ਤਾਂ ਜੋ ਇਹ ਸਮਝਿਆ ਜਾ ਸਕੇ ਕਿ ਉਨ੍ਹਾਂ ਨੂੰ ਉੱਥੇ ਦੀ ਜ਼ਿੰਦਗੀ ਇੰਨੀ ਆਕਰਸ਼ਕ ਕਿਉਂ ਲੱਗਦੀ ਹੈ ਅਤੇ ਨਵੇਂ ਆਉਣ ਵਾਲਿਆਂ ਨੂੰ ਕਿਹੜੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

**ਚੀਨ-** ਨਿੱਜੀ ਵਿੱਤ, ਕਰੀਅਰ ਦੀਆਂ ਸੰਭਾਵਨਾਵਾਂ, ਤਨਖਾਹਾਂ ਅਤੇ ਨੌਕਰੀ ਸੁਰੱਖਿਆ ਵਿੱਚ ਬਿਹਤਰ ਹੋਣ ਕਾਰਨ ਚੀਨ ਇਸ ਸੂਚੀ ਵਿੱਚ ਛੇਵੇਂ ਸਥਾਨ 'ਤੇ ਹੈ। ਹਾਲਾਂਕਿ, ਪਰਵਾਸੀਆਂ ਦਾ ਤਜਰਬਾ ਸ਼ਹਿਰ ਦਰ ਸ਼ਹਿਰ ਵਿੱਚ ਵੱਖਰਾ ਹੁੰਦਾ ਹੈ। ਡੱਚ ਪਰਵਾਸੀ ਅਤੇ ਯਾਤਰਾ ਬਲੌਗਰ ਕ੍ਰਿਸ ਬਰਮੈਨ ਕਹਿੰਦੇ ਹਨ, "ਸ਼ੰਘਾਈ ਬਾਵਜੂਦ, ਇਹ ਸ਼ਹਿਰ ਪਰਵਾਸੀਆਂ ਲਈ ਸੁਵਿਧਾਜਨਕ ਅਤੇ ਆਰਾਮਦਾਇਕ ਬਣਿਆ ਹੋਇਆ ਹੈ।" ਦੱਖਣ-ਪੂਰਬੀ ਚੀਨ ਵਿੱਚ ਸਥਿਤ ਸ਼ੇਨਜ਼ੇਨ ਨੂੰ ਚੀਨ ਦੀ ਤੇਜ਼ੀ ਨਾਲ ਵਧ ਰਹੀ 'ਤਕਨੀਕੀ ਰਾਜਧਾਨੀ' ਮੰਨਿਆ ਜਾਂਦਾ ਹੈ, ਜੋ ਆਪਣੇ ਆਧੁਨਿਕ ਬੁਨਿਆਦੀ ਢਾਂਚੇ ਅਤੇ ਸਾਫ਼-ਸੁਥਰੀਆਂ ਗਲੀਆਂ ਲਈ ਜਾਣਿਆ ਜਾਂਦਾ ਹੈ।

ਮਯੂਰ ਕਹਿੰਦਾ ਹਨ, "ਇੱਥੇ ਨੌਕਰੀ ਦੇ ਬਹੁਤ ਸਾਰੇ ਮੌਕੇ ਹਨ ਅਤੇ ਆਵਾਜਾਈ ਪ੍ਰਣਾਲੀ ਬਹੁਤ ਵਧੀਆ ਹੈ। ਜੇਕਰ ਤੁਸੀਂ ਇਕੱਲੇ ਯਾਤਰਾ ਕਰਨਾ ਪਸੰਦ ਕਰਦੇ ਹੋ, ਤਾਂ ਤੁਸੀਂ ਈ-ਬਾਈਕ ਲੈ ਸਕਦੇ ਹੋ। ਜ਼ਿਆਦਾਤਰ ਪ੍ਰਮੁੱਖ ਸੜਕਾਂ 'ਤੇ ਸਮਰਪਿਤ ਸਾਈਕਲਿੰਗ ਲੇਨ ਹਨ।" ਚੀਨ ਵਿੱਚ ਰਹਿਣ ਵਾਲੇ ਵਿਦੇਸ਼ੀ ਤੇਜ਼ ਜਨਤਕ ਆਵਾਜਾਈ ਅਤੇ ਆਨਲਾਈਨ ਖਰੀਦਦਾਰੀ ਦੀ ਸਹੂਲਤ ਦੀ ਬਹੁਤ ਕਦਰ ਕਰਦੇ ਹਨ। ਬਰਮੈਨ ਦੱਸਦੇ ਹਨ, "ਜੇ ਤੁਸੀਂ ਕੁਝ ਖਰੀਦਦੇ ਹੋ ਅਤੇ ਇਸਨੂੰ ਵਾਪਸ ਕਰਨਾ ਚਾਹੁੰਦੇ ਹੋ, ਤਾਂ ਇਸਨੂੰ ਆਪਣੇ ਦਰਵਾਜ਼ੇ 'ਤੇ ਛੱਡ ਦਿ ਅਤੇ ਉਹ ਆ ਕੇ ਇਸਨੂੰ ਚੁੱਕ ਲੈਣਗੇ। ਇਹ ਵਿਸ਼ੇਸ਼ਤਾਵਾਂ ਬਹੁਤ ਜ਼ਿਆਦਾ ਸਮਾਂ ਬਚਾਉਣ ਵਾਲੀਆਂ ਹਨ।" ਹਾਲਾਂਕਿ, ਜੇਕਰ ਤੁਸੀਂ ਇੱਥੇ ਖੁਸ਼ ਰਹਿਣਾ ਚਾਹੁੰਦੇ ਹੋ, ਤਾਂ ਥੋੜ੍ਹਾ ਜਿਹਾ ਲਚਕਦਾਰ ਰਵੱਈਆ ਹੋਣਾ ਜ਼ਰੂਰੀ ਹੈ। ਬਰਮੈਨ ਕਹਿੰਦਾ ਹੈ, "ਚੀਨ ਵਿੱਚ ਸਭ ਕੁਝ ਬਹੁਤ ਜਲਦੀ ਬਦਲ ਜਾਂਦਾ ਹੈ।"

"ਚਾਹੇ ਇਹ ਕੰਮ 'ਤੇ ਬੌਸ ਦਾ ਫ਼ੈਸਲਾ ਹੋਵੇ ਜਾਂ ਪਲੰਬਰ ਨਾਲ ਮੁਲਾਕਾਤ, ਜੋ ਅਗਲੇ ਦਿਨ ਸਿਰਫ਼ ਇੱਕ ਮਿੰਟ ਦੇ ਨੋਟਿਸ 'ਤੇ ਆ ਸਕਦੀ ਹੈ।" ਇੱਥੇ ਰੈਸਟੋਰੈਂਟ ਵੀ ਅਕਸਰ ਖੁੱਲ੍ਹਦੇ ਅਤੇ ਬੰਦ ਹੁੰਦੇ ਹਨ, ਇਸ ਲਈ ਕਿਸੇ ਇੱਕ ਜਗ੍ਹਾ ਜਾਂ ਚੀਜ਼ ਨਾਲ ਬਹੁਤ ਜ਼ਿਆਦਾ ਨਾ ਜੁੜਨਾ ਹੀ ਸਭ ਤੋਂ ਵਧੀਆ ਹੈ। ਮੈਂਡਰਿਨ ਸਿੱਖਣ ਨਾਲ ਵੀ ਇੱਥੇ ਜ਼ਿੰਦਗੀ ਸੌਖੀ ਹੋ ਜਾਂਦੀ ਹੈ। ਬਰਮੈਨ ਕਹਿੰਦਾ ਹੈ, "ਜੇ ਤੁਸੀਂ ਕਿਸੇ ਰੈਸਟੋਰੈਂਟ ਵਿੱਚ ਕਹਿੰਦੇ ਹੋ, 'ਖਾਣਾ ਚੰਗਾ ਹੈ' ਜਾਂ ਕੰਪਨੀ ਵਿੱਚ ਕਿਸੇ ਨੂੰ ਕਹਿੰਦੇ ਹੋ, 'ਤੁਸੀਂ ਚੰਗਾ ਕੰਮ ਕਰ ਰਹੇ ਹੋ' ਤਾਂ ਤੁਸੀਂ ਦੇਖੋਗੇ ਕਿ ਚੀਨੀ ਅਤੇ ਵਿਦੇਸ਼ੀ ਲੋਕਾਂ ਵਿਚਲਾ ਫ਼ਰਕ ਬਹੁਤ ਜਲਦੀ ਖ਼ਤਮ ਹੋ ਜਾਂਦੀ ਹੈ, ਅਤੇ ਲੋਕ "ਮਲੇਸ਼ੀਆ ਦੀ ਸੱਭਿਆਚਾਰਕ ਵਿਭਿੰਨਤਾ ਹੈਰਾਨੀਜਨਕ ਹੈ। ਤੁਸੀਂ ਇੱਕ ਹਿੰਦੂ ਮੰਦਰ ਵਿੱਚ ਖੜ੍ਹੇ ਹੋ ਸਕਦੇ ਹੋ, ਨੇੜਲੇ ਬੋਧੀ ਮੰਦਰ ਤੋਂ ਆ ਰਹੀ ਧੂਫ਼ ਦੀ ਸੁਗੰਧ ਲੈ ਸਕਦੇ ਹੋ ਅਤੇ ਇੱਕ ਮਸਜਿਦ ਤੋਂ ਦੁਆ ਦੀ ਆਵਾਜ਼ ਸੁਣ ਸਕਦੇ ਹੋ।" "ਦੁਨੀਆ ਵਿੱਚ ਹੋਰ ਕੋਈ ਜਗ੍ਹਾ ਨਹੀਂ ਹੈ ਜਿੱਥੇ ਅਜਿਹਾ ਸੱਭਿਆਚਾਰਕ ਮਿਸ਼ਰਣ ਮਿਲਦਾ ਹੋਵੇ।"

ਇਹ ਦੇਸ਼ ਆਪਣੀ ਕਿਫਾਇਤੀ ਜੀਵਨ ਸ਼ੈਲੀ ਲਈ ਵੀ ਮਸ਼ਹੂਰ ਹੈ। ਰਹਿਣ-ਸਹਿਣ, ਸਿਹਤ ਸੰਭਾਲ ਅਤੇ ਆਵਾਜਾਈ ਦੀ ਲਾਗਤ ਘੱਟ ਹੈ, ਜਿਸ ਨਾਲ ਜੀਵਨ ਦੀ ਗੁਣਵੱਤਾ ਬਿਹਤਰ ਹੁੰਦੀ ਹੈ। ਰੇਨੋਲਡਜ਼ ਕਹਿੰਦੇ ਹਨ, "ਇੱਥੇ ਜਿੰਮ ਅਤੇ ਪੂਲ ਵਾਲੇ ਆਲੀਸ਼ਾਨ ਅਪਾਰਟਮੈਂਟ ਕਿਫਾਇਤੀ ਹਨ। ਇੱਕ ਵੀਕਐਂਡ ਲਈ, ਤੁਸੀਂ ਬੀਚਾਂ ਅਤੇ ਜੰਗਲਾਂ ਵਿੱਚ ਜਾ ਸਕਦੇ ਹੋ, ਬੋਰਨੀ ਵਿੱਚ ਰੰਗੁਟਾਨ ਦੇਖ ਸਕਦੇ ਹੋ, ਜਾਂ ਸਿਰਫ਼ 50 ਡਾਲਰ ਵਿੱਚ ਥਾਈਲੈਂਡ ਜਾ ਸਕਦੇ ਹੋ।" ਵਿਦੇਸ਼ਾਂ ਵਿੱਚ ਕੰਮ ਕਰਨ ਵਾਲੇ ਲੋਕ ਵੀ ਇੱਥੇ ਕੰਮ ਅਤੇ ਨਿੱਜੀ ਜ਼ਿੰਦਗੀ ਵਿਚਕਾਰ ਸੰਤੁਲਨ ਦੀ ਕਦਰ ਕਰਦੇ ਹਨ। ਬੈਂਕਾਕ ਦੇ ਰਹਿਣ ਵਾਲੇ ਫਰਾਹ ਜਾਬੇਰ, ਹੁਣ ਅਨੰਤਾਰਾ ਦੇਸਾਰੂ ਕੋਸਟ ਰਿਜ਼ੋਰਟ ਅਤੇ ਵਿਲਾਸ ਦੇ ਜਨਰਲ ਮੈਨੇਜਰ ਹਨ।

ਉਹ ਕਹਿੰਦੇ ਹਨ, "ਮਲੇਸ਼ੀਆ ਕਾਰੋਬਾਰ ਨੂੰ ਗੰਭੀਰਤਾ ਨਾਲ ਲੈਂਦਾ ਹੈ, ਪਰ ਇਹ ਤੁਹਾਨੂੰ ਆਰਾਮ ਕਰਨ ਅਤੇ ਆਪਣੀਆਂ ਰੁਚੀਆਂ ਨੂੰ ਅੱਗੇ ਵਧਾਉਣ ਦਾ ਸਮਾਂ ਵੀ ਦਿੰਦਾ ਹੈ।" "ਇਹ ਇੱਕ ਅਜਿਹੀ ਜਗ੍ਹਾ ਹੈ ਜਿੱਥੇ ਤੁਸੀਂ ਸਖ਼ਤ ਮਿਹਨਤ ਕਰ ਸਕਦੇ ਹੋ ਅਤੇ ਫਿਰ ਸੱਭਿਆਚਾਰ, ਕੁਦਰਤ ਅਤੇ ਨਵੀਆਂ ਖੋਜਾਂ ਨਾਲ ਭਰਪੂਰ ਜੀਵਨ ਸ਼ੈਲੀ ਦਾ ਆਨੰਦ ਮਾਣ ਸਕਦੇ ਹੋ।" ਮਲੇਸ਼ੀਆ ਡਿਜੀਟਲ ਪੇਸ਼ੇਵਰਾਂ ਲਈ ਵੀ ਇੱਕ ਪਸੰਦੀਦਾ ਸਥਾਨ ਹੈ। ਵੀਜ਼ਾ ਪ੍ਰਣਾਲੀ ਸੌਖੀ ਹੈ ਅਤੇ ਚੰਗੀ ਵਾਈ-ਫਾਈ ਕੁਨੈਕਟੀਵਿਟੀ ਵਾਲੀਆਂ ਸਹਿ-ਕਾਰਜਸ਼ੀਲ ਥਾਵਾਂ ਰਿਮੋਟ ਕੰਮ ਕਰਨਾ ਸੁਵਿਧਾਜਨਕ ਬਣਾਉਂਦੀਆਂ ਹਨ। ਜਿਹੜੇ ਲੋਕ ਜ਼ਿਆਦਾ ਸਮਾਂ ਰੁਕਣਾ ਚਾਹੁੰਦੇ ਹਨ, ਉਹ 'ਮਲੇਸ਼ੀਆ ਮਾਈ ਸੈਕਿੰਡ ਹੋਮ' ਪ੍ਰੋਗਰਾਮ ਵਿੱਚ ਹਿੱਸਾ ਲੈ ਸਕਦੇ ਹਨ, ਜੋ ਵਿਦੇਸ਼ਾਂ ਤੋਂ ਆਮਦਨ ਕਮ-ਮਹਿਜ਼ 360 ਡਾਲਰ ਪ੍ਰਤੀ ਮਹੀਨਾ ਹੈ।" "ਸਾਡੇ ਰਹਿਣ ਲਈ ਦੁਨੀਆ ਵਿੱਚ ਕਿਤੇ ਵੀ ਕੁਝ ਇੰਨਾ ਕਿਫਾਇਤੀ ਨਹੀਂ ਹੈ।" ਵੀਅਤਨਾਮ ਵਿੱਚ ਦੂਜੇ ਦੇਸ਼ਾਂ ਤੋਂ ਆ ਕੇ ਸਥਾਨਕ ਲੋਕਾਂ ਨਾਲ ਭਾਈਚਾਰਾ ਬਣਾਉਣਾ ਆਸਾਨ ਹੈ। ਆਯੂਸ਼ੀ ਟੰਡਨ, ਡੇਢ ਸਾਲ ਤੋਂ ਹੋ ਚੀ ਮਿਨ੍ਹ ਸਿਟੀ ਵਿੱਚ ਰਹਿ ਰਹੇ ਹਨ ਅਤੇ ਆਪਣਾ ਬਲੌਗ ਚਲਾਉਂਦੀ ਹੈ। ਉਹ ਕਹਿੰਦੇ ਹਨ, "ਗੁਆਂਢੀ, ਸਥਾਨਕ ਦੁਕਾਨਦਾਰ ਅਤੇ ਗਲੀ ਵਿੱਚ ਵਿਕਰੀ ਲਈ ਆਉਣ ਵਾਲੇ ਜਲਦੀ ਹੀ ਤੁਹਾਡੀ ਸਹਾਇਤਾ ਲਈ ਆ ਜਾਂਦੇ ਹਨ। ਇਹ ਇੱਕ ਅਜਿਹਾ ਭਾਈਚਾਰਾ ਬਣਾ ਦਿੰਦੇ ਹਨ, ਜਿਸਦੀ ਜ਼ਿਆਦਾਤਰ ਵਿਦੇਸ਼ੀ ਪਹਿਲਾਂ ਉਮੀਦ ਨਹੀਂ ਕਰਦੇ।" ਉਹ ਦੱਸਦੇ ਹਨ ਕਿ ਹੋ ਚੀ ਮਿਨ੍ਹ ਸ਼ਹਿਰ ਸਤ੍ਹਾ 'ਤੇ ਵਿਅਸਤ ਅਤੇ ਹਫੜਾ-ਦਫੜੀ ਵਾਲਾ ਲੱਗ ਸਕਦਾ ਹੈ, ਪਰ ਇੱਕ ਵਾਰ ਜਦੋਂ ਤੁਸੀਂ ਇਸਦੀ ਤਾਲ ਦੇ ਆਦੀ ਹੋ ਜਾਂਦੇ ਹੋ, ਤਾਂ ਜ਼ਿੰਦਗੀ ਆਸਾਨ ਹੋ ਜਾਂਦੀ ਹੈ। ਹਾਲਾਂਕਿ, ਸਧਾਰਨ ਕੰਮਾਂ ਲਈ ਵੀ ਲੋੜੀਂਦੇ ਕਾਗਜ਼ੀ ਕੰਮ ਵਿੱਚ ਲਚਕਤਾ ਜ਼ਰੂਰੀ ਹੈ। ਟੰਡਨ ਕਹਿੰਦੇ ਹਨ, "ਫ਼ੋਨ ਪਲਾਨ ਸ਼ੁਰੂ ਕਰਨ ਜਾਂ ਵੀਜ਼ਾ ਵਧਾਉਣ ਵਿੱਚ ਕਈ ਕਾਗਜ਼ੀ ਕਾਰਵਾਈਆਂ ਕਰਨੀਆਂ ਪੈਂਦੀਆਂ ਹਨ। ਇਹ ਇੱਕ ਪੁਰਾਣੀ ਪ੍ਰਣਾਲੀ ਵਾਂਗ ਲੱਗ ਸਕਦਾ ਹੈ, ਪਰ ਇੱਕ ਵਾਰ ਜਦੋਂ ਤੁਸੀਂ ਇਸਦੀ ਆਦਤ ਪਾ ਲੈਂਦੇ ਹੋ, ਤਾਂ ਸਭ ਕੁਝ ਆਪਣੀ ਥਾਂ 'ਤੇ ਆ ਜਾਂਦਾ ਹੈ।" ਉਹ ਇਹ ਵੀ ਕਹਿੰਦੇ ਹਨ ਕਿ ਵੀਅਤਨਾਮੀ ਮੌਸਮ ਦੇ ਅਨੁਕੂਲ ਹੋਣ ਵਿੱਚ ਕੁਝ ਸਮਾਂ ਲੱਗਦਾ ਹੈ। "ਕਿਤਾਬਾਂ, ਕੱਪੜਿਆਂ ਅਤੇ ਇਲੈਕਟ੍ਰਾਨਿਕਸ ਨੂੰ ਉੱਲੀ ਅਤੇ ਜੰਗਾਲ ਤੋਂ ਬਚਾਉਣ ਲਈ ਵਾਧੂ ਦੇਖਭਾਲ ਦੀ ਲੋੜ ਹੁੰਦੀ ਹੈ।" ਵੀਅਤਨਾਮ ਦਾ 'ਕੌਫੀ ਸੱਭਿਆਚਾਰ' ਇੱਥੋਂ ਦੀ ਜ਼ਿੰਦਗੀ ਦਾ ਇੱਕ ਅਹਿਮ ਹਿੱਸਾ ਹੈ। ਟੰਡਨ ਸਾਈਗਨ ਨਦੀ ਦੇ ਪਾਰ ਕਿਸ਼ਤੀਆਂ ਦੀ ਯਾਤਰਾ ਨੂੰ ਯਾਦ ਕਰਦੇ ਹਨ, ਜਿੱਥੇ ਉਨ੍ਹਾਂ ਨੇ ਉਨ੍ਹਾਂ ਇਲਾਕਿਆਂ ਦਾ ਦੌਰਾ ਕੀਤਾ ਜਿੱਥੇ ਸੈਲਾਨੀ ਘੱਟ ਹੀ ਜਾਂਦੇ ਸਨ। ਉਹ ਕਹਿੰਦੇ ਹਨ, "ਛੋਟੀਆਂ ਗਲੀਆਂ ਵਿੱਚ ਲੁਕੀਆਂ ਹੋਈਆਂ ਕੌਫੀ ਦੀਆਂ ਦੁਕਾਨਾਂ ਅਤੇ ਸਥਾਨਕ ਖਾਣ-ਪੀਣ ਦੀਆਂ ਦੁਕਾਨਾਂ ਨੇ ਮੈਨੂੰ ਸ਼ਹਿਰ ਨਾਲ ਸਭ ਤੋਂ ਡੂੰਘਾਈ ਨਾਲ ਜੋੜਿਆ।"

# ਸ੍ਰੀ ਆਨੰਦਪੁਰ ਸਾਹਿਬ ਵਿਖੇ ਰੋਜ਼ਾਨਾ 12 ਹਜ਼ਾਰ ਸੰਗਤ ਦੇ ਠਹਿਰਨ ਲਈ ਟੈਂਟ ਸਿਟੀ ਬਣਨੀ ਸ਼ੁਰੂ

ਚੰਡੀਗੜ੍ਹ- ਪੰਜਾਬ ਦੇ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਦੱਸਿਆ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਸਬੰਧੀ ਸ੍ਰੀ ਆਨੰਦਪੁਰ ਸਾਹਿਬ ਵਿਖੇ ਹੋਣ ਵਾਲੇ ਸਮਾਗਮਾਂ 'ਚ ਸੰਗਤ ਦੇ ਠਹਿਰਣ ਲਈ ਟੈਂਟ ਸਿਟੀ ਬਣਨੀ ਸ਼ੁਰੂ ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਟੈਂਟ ਸਿਟੀ ਤਿੰਨ ਥਾਂਵਾਂ ਅਗਮਪੁਰ, ਪੀਐਸਪੀਸੀਐਲ ਗ੍ਰਾਂਊਡ ਮਟੋਰ ਅਤੇ ਝਿੰਜੜੀ ਵਿਖੇ ਬਣਾਈ ਜਾ ਰਹੀ ਹੈ।



ਸੌਂਦ ਨੇ ਦੱਸਿਆ ਕਿ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਬਾਰੇ ਵਿਭਾਗ ਵੱਲੋਂ ਟੈਂਟ ਸਿਟੀ ਦੀ ਸਥਾਪਨਾ ਉੱਤੇ 21.52 ਕਰੋੜ ਰੁਪਏ ਖਰਚੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਟੈਂਟ ਸਿਟੀ ਵਿੱਚ ਰੋਜ਼ਾਨਾ 10 ਤੋਂ 12 ਹਜ਼ਾਰ ਸੰਗਤਾਂ ਦੇ ਠਹਿਰਣ ਦਾ ਪ੍ਰਬੰਧ ਹੋਵੇਗਾ। ਇੱਥੇ ਸਾਰੀਆਂ ਜ਼ਰੂਰੀ ਸਹੂਲਤਾਂ ਦਿੱਤੀਆਂ ਜਾਣਗੀਆਂ ਤਾਂ ਜੋ ਸੰਗਤ ਨੂੰ ਕੋਈ ਪਰੇਸ਼ਾਨੀ ਨਾ ਹੋਵੇ। ਉਨ੍ਹਾਂ ਦੱਸਿਆ ਕਿ ਟੈਂਟ ਸਿਟੀ 19 ਨਵੰਬਰ ਤੋਂ ਲੈ ਕੇ 30 ਨਵੰਬਰ ਤੱਕ ਕਾਰਜਸ਼ੀਲ ਰਹੇਗੀ।

ਉਨ੍ਹਾਂ ਦੱਸਿਆ ਕਿ ਟੈਂਟ ਆਨਲਾਈਨ ਬੁੱਕ ਕੀਤੇ ਜਾ ਸਕਦੇ ਹਨ, ਜਿਸਦੀ ਜਾਣਕਾਰੀ ਜਲਦ ਜਨਤਕ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਹ ਵੀ ਸੁਨਿਸ਼ਚਿਤ ਕੀਤਾ ਗਿਆ ਹੈ ਕਿ ਟੈਂਟ ਸਿਟੀ ਤੱਕ ਪੁੱਜਣ ਵਾਲੀਆਂ ਸੜਕਾਂ ਦਾ ਵੀ ਨਵੀਨੀਕਰਨ ਕੀਤਾ ਜਾਵੇ ਤਾਂ ਜੋ ਸੰਗਤ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆਵੇ।

ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਇਨ੍ਹਾਂ ਸਮਾਗਮਾਂ ਦੀ ਕਾਮਯਾਬੀ ਅਤੇ ਵਿਉਂਤਬੰਦੀ ਲਈ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਬਾਰੇ ਵਿਭਾਗ ਨੂੰ ਨੋਡਲ ਵਿਭਾਗ ਨਿਯੁਕਤ ਕੀਤਾ ਗਿਆ ਹੈ ਅਤੇ ਇਸ ਮਕਸਦ ਦੀ ਪੂਰਤੀ ਲਈ ਪੂਰੀ ਸੁਹਿਰਦਤਾ ਨਾਲ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਹੈ ਕਿ ਉਹ ਇਨ੍ਹਾਂ ਸਮਾਗਮਾਂ ਵਿੱਚ ਹੁੰਮ ਹੁੰਮਾ ਕੇ ਸ਼ਮੂਲੀਅਤ ਕਰਨ।



ਮਹਾਨ ਸ਼ਖ਼ਸੀਅਤ

# ਸੱਯਦ ਬਦਰੂਦੀਨ ਉਰਫ਼ ਪੀਰ ਬੁੱਧੂ ਸ਼ਾਹ

ਜ਼ਿਲ੍ਹਾ ਯਮੁਨਾਨਗਰ ਦੇ ਮਸ਼ਹੂਰ ਕਸਬਾ 'ਸਢੌਰਾ' ਵਿੱਚ ਸੱਯਦ ਖ਼ਾਨਦਾਨ ਦੇ ਪਤਵੰਤੇ ਗੁਲਾਮ ਸ਼ਾਹ ਦੇ ਘਰ 13 ਜੂਨ 1647 ਨੂੰ ਬਦਰੂਦੀਨ ਉਰਫ਼ ਪੀਰ ਬੁੱਧੂ ਸ਼ਾਹ ਨੇ ਜਨਮ ਲਿਆ। ਮੁਗ਼ਲ ਰਾਜ ਦੌਰਾਨ ਇਸ ਖ਼ਾਨਦਾਨ ਨੂੰ ਜਗੀਰ ਬਖ਼ਸ਼ੀ ਗਈ ਤੇ ਇਹ ਖ਼ਾਨਦਾਨ ਸਮਾਣਾ (ਪਟਿਆਲਾ) ਤੋਂ ਸਢੌਰਾ ਆਣ ਵੱਸਿਆ। ਜੇ ਸਢੌਰਾ ਦੇ ਇਤਿਹਾਸਕ ਪਿਛੋਕੜ ਵੱਲ ਝਾਤੀ ਮਾਰੀਏ ਤਾਂ ਇਸ ਨਾਲ ਕਈ ਤਰ੍ਹਾਂ ਦੀਆਂ ਗਾਥਾਵਾਂ ਤੇ ਦੰਦ ਕਥਾਵਾਂ ਜੁੜੀਆਂ ਹੋਈਆਂ ਹਨ। ਜਿਵੇਂ ਕਿ ਇਸ ਦਾ ਪੁਰਾਤਨ ਨਾਂ 'ਸਾਧੂ ਰਾਹ' ਜਾਂ 'ਸਾਧੂ ਵਾੜਾ' ਸੀ, ਜਿਸ ਦਾ ਅਰਥ ਹੈ 'ਸੰਤਾਂ ਦਾ ਮਾਰਗ'। ਜਦੋਂ ਸਾਧੂ-ਤਪੱਸਵੀ ਪਹਾੜਾਂ ਵੱਲ ਜਾਂਦੇ ਤਾਂ ਇਸ ਸਥਾਨ 'ਤੇ ਪੜਾਅ ਕਰਦੇ ਸਨ। ਇੱਥੋਂ ਹੀ ਵਿਗੜ ਕੇ ਇਸ ਦਾ ਨਾਂ ਸਢੌਰਾ ਪਿਆ ਹੈ।

ਪੀਰ ਬੁੱਧੂ ਸ਼ਾਹ ਦਾ ਮੁੱਢੋਂ ਹੀ ਧਿਆਨ ਰੱਬ ਵੱਲ ਸੀ। ਉਹ ਗੰਭੀਰ ਤੇ ਘੱਟ ਬੋਲਣ ਵਾਲੇ ਸਨ। ਕੁਝ ਲੋਕ ਉਨ੍ਹਾਂ ਨੂੰ ਬੁੱਧੂ ਕਹਿ ਕੇ ਬੁਲਾਉਂਦੇ ਸਨ ਪਰ ਜਦੋਂ ਉਨ੍ਹਾਂ ਨੇ ਕਦੇ ਕਿਸੇ ਦੀ ਗੱਲ ਦਾ ਗੁੱਸਾ ਨਾ ਕੀਤਾ ਤਾਂ ਲੋਕ ਉਨ੍ਹਾਂ ਨੂੰ ਬੁੱਧੂ ਸ਼ਾਹ ਕਹਿਣ ਲੱਗੇ। ਉਨ੍ਹਾਂ ਦੀ ਇਬਾਦਤ ਤੇ ਬੰਦਗੀ ਕਰਕੇ ਮਗਰੋਂ ਉਨ੍ਹਾਂ ਦੇ ਨਾਂ ਨਾਲ 'ਪੀਰ' ਸ਼ਬਦ ਜੁੜ ਗਿਆ। ਘੁੜਾਮ ਦੇ ਪ੍ਰਸਿੱਧ ਫ਼ਕੀਰ ਭੀਖਣ ਸ਼ਾਹ ਕੋਲੋਂ ਉਨ੍ਹਾਂ ਨੇ ਬਾਲ ਗੋਬਿੰਦ ਰਾਏ ਦੀ ਮਹਿਮਾ ਸੁਣੀ ਤੇ ਗੁਰੂ ਗੋਬਿੰਦ ਸਿੰਘ ਦੇ ਨਾਨਕਾ ਪਿੰਡ ਲਖਨੌਰ (ਅੰਬਾਲਾ) ਹਰਿਆਣਾ ਵਿੱਚ ਉਨ੍ਹਾਂ ਨੂੰ ਪਹਿਲੀ ਵਾਰ ਗੁਰੂ ਸਾਹਿਬ ਦੇ ਦਰਸ਼ਨ ਕਰਨੇ ਨਸੀਬ ਹੋਏ। ਉਨ੍ਹਾਂ ਦਾ ਵਿਆਹ ਲਗਪਗ 17-18 ਸਾਲ ਦੀ ਉਮਰ ਵਿੱਚ ਔਰੰਗਜ਼ੇਬ ਦੀ ਫ਼ੌਜ ਦੇ ਜਰਨੈਲ ਸੈਦ ਬੇਗ਼ ਦੀ ਭੈਣ ਨਸੀਰਾਂ ਨਾਲ ਹੋਇਆ।

ਬੀਬੀ ਨਸੀਰਾਂ ਪਵਿੱਤਰ ਵਿਚਾਰਾਂ ਤੇ ਅੱਲ੍ਹਾ ਪਾਕ ਤੋਂ ਡਰਨ ਵਾਲੀ ਸੁਗੜ ਔਰਤ ਸੀ। ਉਸ ਦੀ ਕੁੱਖੋਂ ਚਾਰ ਪੁੱਤਰਾਂ ਸੱਯਦ ਮੁਹੰਮਦ ਖ਼ਸ਼, ਸੱਯਦ ਸ਼ਾਹ ਹੁਸੈਨ, ਸੱਯਦ ਅਸ਼ਰਫ਼ ਤੇ ਸੱਯਦ ਮੁਹੰਮਦ ਸ਼ਾਹ ਨੇ ਜਨਮ ਲਿਆ। ਸੈਦ ਖ਼ਾਨ ਆਪਣੇ ਇੱਕ ਭਾਣਜੇ ਨੂੰ ਔਰੰਗਜ਼ੇਬ ਦੇ ਦਰਬਾਰ ਵਿੱਚ ਕਿਸੇ ਉੱਚੀ ਪਦਵੀ 'ਤੇ ਰਖਵਾਉਣਾ ਚਾਹੁੰਦਾ ਸੀ ਪਰ ਪੀਰ ਬੁੱਧੂ ਸ਼ਾਹ ਤੇ ਬੀਬੀ ਨਸੀਰਾਂ ਨਾ ਮੰਨੇ। ਉਹ ਚਾਹੁੰਦੇ ਸਨ ਕਿ ਉਨ੍ਹਾਂ ਦੇ ਪੁੱਤਰ ਕਿਸੇ ਸੱਚੇ ਦਰਬਾਰ ਦੀ ਸੇਵਾ ਨਿਭਾਉਣ। ਉਨ੍ਹਾਂ ਨੂੰ ਸਿੱਖੀ ਤੇ ਮੁਸਲਿਮ ਸਿਧਾਂਤ ਨੇੜੇ-ਨੇੜੇ ਲੱਗੇ। ਜਦੋਂ ਔਰੰਗਜ਼ੇਬ ਨੇ 500 ਪਠਾਣਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਸੀ ਤਾਂ ਪੀਰ ਬੁੱਧੂ ਸ਼ਾਹ ਦੇ ਕਹਿਣ ਉੱਤੇ ਗੁਰੂ ਗੋਬਿੰਦ ਸਿੰਘ ਨੇ ਉਨ੍ਹਾਂ ਨੂੰ ਆਪਣੇ ਕੋਲ ਨੌਕਰੀ ਦੇ ਦਿੱਤੀ। ਜਦੋਂ ਪਹਾੜੀ ਰਾਜਿਆਂ ਨੇ ਹੱਲਾ ਬੋਲਿਆ ਤਾਂ ਉਹ ਪੰਜ ਸੌ ਪਠਾਣ ਗੁਰੂ ਜੀ ਦਾ ਸਾਥ ਛੱਡ ਗਏ। ਗੁਰੂ ਜੀ ਨੇ ਪੀਰ ਬੁੱਧੂ ਸ਼ਾਹ ਨੂੰ ਖਤ ਲਿਖ ਕੇ ਸਾਰੀ ਸਥਿਤੀ ਤੋਂ ਜਾਣੂ ਕਰਵਾਇਆ। ਜਦੋਂ ਪੀਰ ਬੁੱਧੂ ਸ਼ਾਹ ਨੂੰ ਇਹ ਖ਼ਬਰ ਮਿਲੀ ਤਾਂ ਉਨ੍ਹਾਂ ਨੂੰ ਬਹੁਤ ਦੁੱਖ ਹੋਇਆ ਤੇ ਉਨ੍ਹਾਂ ਨੇ ਇਸ ਔਖੀ ਘੜੀ ਵਿੱਚ ਗੁਰੂ ਜੀ ਦਾ ਸਾਥ ਦਿੱਤਾ। ਆਪਣੇ ਚਾਰਾਂ ਪੁੱਤਰਾਂ ਤੇ ਲਗਪਗ 700 ਮੁਰੀਦਾਂ ਨਾਲ ਉਹ ਗੁਰੂ ਜੀ ਨਾਲ ਯੁੱਧ ਵਿੱਚ ਲੜਨ ਲਈ ਪੁੱਜ ਗਏ। ਇਸ ਯੁੱਧ ਨੂੰ ਭੰਗਾਣੀ ਦਾ ਯੁੱਧ ਕਿਹਾ ਜਾਂਦਾ ਹੈ। ਇਸ ਯੁੱਧ ਵਿੱਚ ਪੀਰ ਦੇ ਦੋ ਪੁੱਤਰ ਸੱਯਦ ਅਸ਼ਰਫ਼ ਤੇ ਸੱਯਦ ਮੁਹੰਮਦ ਸ਼ਾਹ, ਇੱਕ ਭਰਾ ਤੇ ਕੁਝ ਮੁਰੀਦ ਸ਼ਹੀਦ ਹੋ ਗਏ। ਭੰਗਾਣੀ ਦਾ ਯੁੱਧ ਜਿੱਤਣ ਮਗਰੋਂ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਇੱਕ ਦਸਤਾਰ, ਹੁਕਮਨਾਮਾ ਤੇ ਕਟਾਰ ਭੇਟ ਕੀਤੀ।



ਜਦੋਂ ਦਿੱਲੀ ਦਰਬਾਰ ਵਿੱਚ ਪਤਾ ਲੱਗਾ ਕਿ ਪੀਰ ਬੁੱਧੂ ਸ਼ਾਹ ਨੇ ਭੰਗਾਣੀ ਦੇ ਯੁੱਧ ਵਿੱਚ ਗੁਰੂ ਗੋਬਿੰਦ ਸਿੰਘ ਦਾ ਸਾਥ ਦਿੱਤਾ ਹੈ ਤਾਂ ਉਸਮਾਨ ਖ਼ਾਨ ਦਾ ਦੂਤ ਪੀਰ ਬੁੱਧੂ ਸ਼ਾਹ ਕੋਲ ਆਇਆ ਤੇ ਕਹਿਣ ਲੱਗਾ, "ਸਾਨੂੰ ਪਤਾ ਲੱਗਾ ਹੈ ਕਿ ਗੁਰੂ ਗੋਬਿੰਦ ਸਿੰਘ ਤੁਹਾਡੇ ਕੋਲ ਹਨ। ਤੁਸੀਂ ਉਨ੍ਹਾਂ ਨੂੰ ਜੀਵਤ ਜਾਂ ਮ੍ਰਿਤਕ ਪੇਸ਼ ਕਰੋ...।" ਉਸ ਵੇਲੇ ਬੁੱਧੂ ਸ਼ਾਹ ਦੇ ਵੱਡੇ ਪੁੱਤਰ ਮੁਹੰਮਦ ਬਖ਼ਸ਼ ਨੇ ਆਪਣੇ ਪਿਤਾ ਨੂੰ ਸਲਾਹ ਦਿੱਤੀ ਕਿ ਗੁਰੂ ਜੀ ਨੂੰ ਉਸਮਾਨ ਖ਼ਾਨ ਕੋਲ ਪੇਸ਼ ਨਹੀਂ ਕਰਨਾ। ਉਸ ਨੇ ਕਿਹਾ, "ਤੁਸੀਂ ਮੇਰਾ ਗਲ ਕੱਟ ਕੇ ਖ਼ੂਨ ਬੋਤਲ ਵਿੱਚ ਪਾ ਕੇ ਉਸਮਾਨ ਖ਼ਾਨ ਕੋਲ ਪੇਸ਼ ਕਰ ਦਿਓ।" ਪੀਰ ਬੁੱਧੂ ਸ਼ਾਹ ਨੇ ਇਸੇ ਤਰ੍ਹਾਂ ਕੀਤਾ। ਜਦੋਂ ਦਿੱਲੀ ਦਰਬਾਰ ਵਿੱਚ ਉਸ ਖ਼ੂਨ ਦੀ ਜਾਂਚ ਕੀਤੀ ਗਈ ਤਾਂ ਖ਼ੂਨ ਗੁਰੂ ਜੀ ਦਾ ਨਹੀਂ ਸੀ। ਉਸਮਾਨ ਖ਼ਾਨ ਗੁੱਸੇ ਵਿੱਚ ਲਾਲ-ਪੀਲਾ ਹੋ ਗਿਆ। ਉਸ ਨੇ ਸਹੁੰ ਖਾ ਲਈ ਸੀ ਕਿ ਉਹ ਪੀਰ ਬੁੱਧੂ ਸ਼ਾਹ ਨੂੰ ਸਬਕ ਸਿਖਾ ਕੇ ਹੀ ਹਟੇਗਾ। ਇਸੇ ਕਰਕੇ ਉਸ ਨੇ ਪੀਰ ਬੁੱਧੂ ਸ਼ਾਹ ਨੂੰ ਕੈਦ ਕਰ ਲਿਆ ਤੇ ਉਨ੍ਹਾਂ ਨੂੰ ਹਰ ਤਰ੍ਹਾਂ ਦੇ ਤਸੀਹੇ ਦਿੱਤੇ ਗਏ। ਅੰਤ ਜਦੋਂ ਪੀਰ ਬੁੱਧੂ ਸ਼ਾਹ ਨਾ ਡੋਲੇ ਤਾਂ ਉਸ ਨੇ 21 ਮਾਰਚ 1704 ਨੂੰ ਉਨ੍ਹਾਂ ਨੂੰ ਕਤਲ ਕਰਵਾ ਦਿੱਤਾ।

**– ਅਲੀ ਰਾਜਪੁਰਾ**

# ਭਗਤ ਧੰਨਾ ਜੀ ਦਾ ਜਨਮ ਅਸਥਾਨ

ਭਾਰਤ ਦੀ ਧਰਤੀ ਨੂੰ ਗੁਰੂਆਂ, ਪੀਰਾਂ ਅਤੇ ਫ਼ਕੀਰਾਂ ਦੀ ਧਰਤੀ ਕਿਹਾ ਜਾਂਦਾ ਹੈ। ਇਨ੍ਹਾਂ ਮਹਾਨ ਗੁਰੂਆਂ, ਭਗਤਾਂ ਨੇ ਜਿੱਥੇ ਕਿਤੇ ਵੀ ਆਪਣੇ ਪਵਿੱਤਰ ਚਰਨ ਪਾਏ, ਉਹ ਜਗ੍ਹਾ ਪੂਜਣਯੋਗ ਹੋ ਗਈ ਅਤੇ ਉੱਥੇ ਉਨ੍ਹਾਂ ਦੀਆਂ ਯਾਦਗਾਰਾਂ ਬਣ ਗਈਆਂ। ਸਿੱਖ ਧਰਮ ਵਿੱਚ ਸ਼੍ਰੋਮਣੀ ਭਗਤ ਧੰਨਾ ਜੀ ਦਾ ਵਿਸ਼ੇਸ਼ ਸਥਾਨ ਹੈ। ਭਗਤ ਧੰਨਾ ਦਾ ਨਾਂ ਉਨ੍ਹਾਂ ਭਗਤਾਂ ਵਿੱਚ ਸ਼ੁਮਾਰ ਹੈ, ਜਿਨ੍ਹਾਂ ਦੀ ਪਵਿੱਤਰ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਧੰਨਾ ਭਗਤ ਦਾ ਜਨਮ ਰਾਜਸਥਾਨ ਦੇ ਜ਼ਿਲ੍ਹਾ ਟਾਂਕ ਤਹਿਸੀਲ ਦਿਉਲੀ ਦੇ ਪਿੰਡ ਧੂੰਆਂ ਕਲਾਂ ਵਿੱਚ 1415 ਨੂੰ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਤੋਂ 53 ਸਾਲ ਪਹਿਲਾਂ ਇੱਕ ਜੱਟ ਘਰਾਣੇ 'ਚ ਹੋਇਆ। ਉਨ੍ਹਾਂ ਦੇ ਮਾਤਾ-ਪਿਤਾ ਖੇਤੀਬਾੜੀ ਕਰ ਕੇ ਅਤੇ ਪਸ਼ੂ ਪਾਲ ਕੇ ਗੁਜ਼ਾਰਾ ਕਰਦੇ ਸਨ। ਧੰਨਾ ਭਗਤ ਜਦੋਂ ਵੱਡੇ ਹੋਏ ਤਾਂ ਮਾਂ-ਬਾਪ ਨਾਲ ਹੱਥ ਵਟਾਉਂਦੇ ਹੋਏ ਖੇਤੀਬਾੜੀ ਕਰਨ ਲੱਗੇ ਅਤੇ ਪਸ਼ੂ ਚਾਰਨ ਲੱਗ ਪਏ। ਬਚਪਨ ਤੋਂ ਹੀ ਉਨ੍ਹਾਂ ਦਾ ਲਗਾਓ ਪਰਮਾਤਮਾ ਨਾਲ ਸੀ। ਉਨ੍ਹਾਂ ਨੇ ਆਪਣੀ ਜ਼ਿਦ ਤੇ ਦ੍ਰਿੜ੍ਹ ਵਿਸ਼ਵਾਸ ਨਾਲ ਪਰਮਾਤਮਾ ਨੂੰ ਆਪਣਾ ਸੱਜਣ ਬਣਾ ਲਿਆ ਸੀ। ਗੁਰੂ ਗ੍ਰੰਥ ਸਾਹਿਬ ਵਿੱਚ ਆਸਾ ਰਾਗ ਵਿੱਚ ਉਨ੍ਹਾਂ ਦੇ ਦੋ ਸ਼ਬਦ ਦਰਜ ਹਨ। ਤੀਜਾ ਸ਼ਬਦ ਧਨਾਸਰੀ ਰਾਗ ਵਿੱਚ ਹੈ। ਉਨ੍ਹਾਂ ਦੀ ਯਾਦ ਵਿੱਚ ਪਿੰਡ ਧੂੰਆਂ ਕਲਾਂ ਵਿੱਚ ਇੱਕ ਮੰਦਿਰ ਬਣਿਆ ਹੋਇਆ ਹੈ। ਉੱਥੇ ਹੀ ਇਸ ਰਮਣੀਕ ਥਾਂ ਉੱਤੇ ਉਨ੍ਹਾਂ ਦੀ ਯਾਦ ਵਿੱਚ ਗੁਰਦੁਆਰਾ ਵੀ ਬਣਿਆ ਹੋਇਆ ਹੈ। ਇਸ ਵਿੱਚ ਦਰਬਾਰ ਸਾਹਿਬ, ਲੰਗਰ ਹਾਲ, ਸਰੋਵਰ, ਦੀਵਾਨ ਹਾਲ, 46 ਰਿਹਾਇਸ਼ੀ ਕਮਰੇ ਹਨ, ਜਿੱਥੇ ਆਉਣ-ਜਾਣ ਵਾਲੇ ਰਾਹਗੀਰ ਅਤੇ ਗੁਰੂ ਘਰ ਦੀ ਸਾਂਭ ਸੰਭਾਲ ਲਈ ਸਿੱਖ ਸ਼ਰਧਾਲੂ ਰਹਿ ਰਹੇ ਹਨ। ਭਗਤ ਧੰਨਾ ਦੀ ਯਾਦ ਵਿੱਚ ਬਣੇ ਗੁਰਦੁਆਰੇ ਦੀ ਸੇਵਾ ਮੁੱਖ ਸੇਵਾਦਾਰ ਬਾਬਾ ਸ਼ੇਰ ਸਿੰਘ ਪਿਛਲੇ 30 ਸਾਲ ਤੋਂ ਨਿਭਾ ਰਹੇ ਹਨ। ਉਨ੍ਹਾਂ ਨੇ ਭਗਤ ਧੰਨੇ ਦਾ ਪਹਿਲਾ ਪੁਰਾਤਨ ਖੂਹ ਲੱਭਿਆ ਅਤੇ ਰਾਜਸਥਾਨ ਦੇ ਮਾਲ ਰਿਕਾਰਡ ਵਿਭਾਗ ਵਿੱਚੋਂ ਉਨ੍ਹਾਂ ਦੇ ਨਾਂ ਬੋਲਦੀ ਜ਼ਮੀਨ ਵੀ ਲੱਭੀ। ਬਾਬਾ ਸ਼ੇਰ ਸਿੰਘ ਨੇ ਕਾਰ ਸੇਵਾ ਵਾਲੇ ਬਾਬਾ ਲੱਖਾ ਸਿੰਘ ਕੋਟੇ ਵਾਲਿਆਂ ਦੀ ਮਦਦ ਨਾਲ ਇੱਕ ਛੋਟਾ ਜਿਹਾ ਦਰਬਾਰ ਸਾਹਿਬ ਬਣਾ ਕੇ 1 ਮਾਰਚ 1996 ਨੂੰ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਉੱਥੇ ਕੀਤਾ ਸੀ।



ਭਾਵੇਂ ਇਸ ਇਲਾਕੇ ਵਿੱਚ ਸਿੱਖਾਂ ਦੀ ਗਿਣਤੀ ਜ਼ਿਆਦਾ ਨਾ ਹੋਣ ਕਾਰਨ ਪਹਿਲਾਂ ਕਾਫ਼ੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ ਪਰ ਸਮਾਂ ਪਾ ਕੇ ਦੇਸ਼ਾਂ-ਵਿਦੇਸ਼ਾਂ ਤੋਂ ਸਿੱਖ ਸੰਗਤਾਂ ਦਾ ਇੱਥੇ ਆਉਣਾ-ਜਾਣਾ ਸ਼ੁਰੂ ਹੋ ਗਿਆ। ਗੁਰਦੁਆਰੇ ਦੇ ਨੇੜੇ ਪਿੰਡ ਧੂੰਆਂ ਕਲਾਂ, ਇੰਦੋਲਾ, ਕਲੰਦਪੁਰਾ ਕਮਰਪੁਰਾ, ਇਕਬਾਲ ਗੰਜ, ਹੰਡੋਤੀ ਅਤੇ ਕਿਸ਼ਨਪੁਰਾ ਆਦਿ 7 ਪਿੰਡਾਂ ਦੀ ਸਾਂਝੀ ਪੰਚਾਇਤ ਹੈ। ਸਰਪੰਚ ਅਨੁਸਾਰ ਪਿੰਡ ਵਿੱਚ ਭਗਤ ਧੰਨਾ ਦਾ ਪੁਰਾਣਾ ਮਕਾਨ ਤਾਂ ਮੌਜੂਦ ਸੀ ਪਰ ਉੱਥੇ ਲੋਕਾਂ ਦਾ ਕਬਜ਼ਾ ਹੋਣ ਕਾਰਨ ਅਨੇਕਾਂ ਨਵੇਂ ਮਕਾਨ ਬਣ ਗਏ ਹਨ। ਬਾਬਾ ਸ਼ੇਰ ਸਿੰਘ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਘਰ ਦੀ 30 ਏਕੜ ਜ਼ਮੀਨ ਵਿੱਚ ਖੇਤੀ ਕੀਤੀ ਜਾਂਦੀ ਹੈ ਅਤੇ ਪੁਰਾਤਨ ਮਰਯਾਦਾ ਅਨੁਸਾਰ ਲੰਗਰ ਵਿੱਚ ਦੁੱਧ ਦੀ ਵਰਤੋਂ ਲਈ ਦਰਜਨ ਦੇ ਕਰੀਬ ਗਊਆਂ ਅਤੇ ਮੱਝਾਂ ਰੱਖੀਆਂ ਹੋਈਆਂ ਹਨ। ਭਾਵੇਂ ਦੁਨੀਆਂ ਬਹੁਤ ਤੇਜ਼-ਤਰਾਰ ਹੋ ਚੁੱਕੀ ਹੈ ਪਰ ਹਾਲੇ ਵੀ ਭਗਤ ਧੰਨਾ ਦੀ ਚਰਨ ਛੋਹ ਪ੍ਰਾਪਤ ਇਸ ਧਰਤੀ ਬਾਰੇ ਬਹੁਤੇ ਗੁਰੂ ਸਿੱਖਾਂ ਨੂੰ ਗਿਆਨ ਨਹੀਂ ਹੈ।

# ਸ਼ਿਵਾਲਿਕ ਦੀਆਂ ਪਹਾੜੀਆਂ ਵਿਚ ਵੱਸਿਆ ਇਤਿਹਾਸਕ ਅਸਥਾਨ ਗੁਰਦੁਆਰਾ ਨਾਢਾ ਸਾਹਿਬ

ਗੁਰਦੁਆਰਾ ਨਾਢਾ ਸਾਹਿਬ ਦੀ ਧਰਤੀ ਨੂੰ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਦੀ ਛੋਹ ਪ੍ਰਾਪਤ ਹੈ। ਭਾਈ ਕਾਹਨ ਸਿੰਘ ਨਾਭਾ ਨੇ ਮਹਾਨ ਕੋਸ਼ ਵਿੱਚ ਨਾਢਾ ਸਾਹਿਬ ਗੁਰਦੁਆਰੇ ਸਬੰਧੀ ਲਿਖਿਆ, "ਨਾਢਾ, ਪਟਿਆਲਾ ਰਾਜ ਵਿੱਚ ਤਹਿਸੀਲ ਰਾਜਪੁਰਾ ਥਾਣਾ ਪਿੰਜੌਰ ਦਾ ਇੱਕ ਪਿੰਡ, ਜੋ ਰੇਲਵੇ ਸਟੇਸ਼ਨ ਚੰਡੀਗੜ੍ਹ ਤੋਂ ਚਾਰ ਮੀਲ ਦੱਖਣ ਪੂਰਬ ਵੱਲ ਹੈ, ਵਿੱਚ ਦਸਮੇਸ਼ ਪਿਤਾ ਦਾ ਗੁਰਦੁਆਰਾ ਹੈ। ਗੁਰੂ ਜੀ ਪਾਉਂਟਾ ਸਾਹਿਬ ਵੱਲੋਂ ਆਨੰਦਪੁਰ ਸਾਹਿਬ ਜਾਂਦੇ ਸਮੇਂ ਇੱਥੇ ਬਿਰਾਜੇ ਸਨ। ਇੱਥੇ ਗੁਰਦੁਆਰਾ ਮੰਜੀ ਸਾਹਿਬ ਬਣਾਇਆ ਹੋਇਆ ਹੈ, ਪਰ ਸੇਵਾਦਾਰ ਕੋਈ ਨਹੀਂ।" (ਮਹਾਨ ਕੋਸ਼ ਪੰਨਾ 517 ਪ੍ਰਕਾਸ਼ਕ ਭਾਸ਼ਾ ਵਿਭਾਗ, 1930)

ਇਸ ਸਥਾਨ ਸਬੰਧੀ ਖੋਜ ਕਰਦਿਆਂ ਪ੍ਰਬੰਧਕਾਂ ਨੂੰ ਪਤਾ ਲੱਗਾ ਕਿ ਇਹ ਅਸਥਾਨ ਕੁਝ ਚਿਰ ਗੁੰਮਨਾਮ ਰਿਹਾ। ਇਸ ਦਾ ਕਾਰਨ ਇਹ ਸੀ ਕਿ ਇਹ ਪਹਾੜੀ ਤੇ ਜੰਗਲੀ ਪਰਗਨਾ ਸੀ। ਇਸ ਵਿੱਚ ਆਮ ਆਵਾਜਾਈ ਨਾ ਹੋਣ ਕਾਰਨ ਇੱਥੇ ਕਿਸੇ ਸੇਵਾਦਾਰ ਦਾ ਟਿਕਣਾ ਮੁਸ਼ਕਿਲ ਸੀ, ਪਰ ਭਾਈ ਮੋਠਾ ਸਿੰਘ, ਜੋ ਇੱਥੇ ਪਹਿਲੇ ਸੇਵਾਦਾਰ ਸਨ, ਦੀ ਮਿਹਨਤ ਅਤੇ ਘਾਲਣਾ ਸ਼ਲਾਘਾਯੋਗ ਹੈ। ਉਨ੍ਹਾਂ ਤੋਂ ਮਗਰੋਂ ਉਨ੍ਹਾਂ ਦਾ ਪਰਿਵਾਰ ਇੱਥੇ ਸੇਵਾ ਕਰਦਾ ਰਿਹਾ। ਇਸ ਗੁਰਧਾਮ ਦੀ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਇੱਕ ਪ੍ਰਬੰਧਕ ਕਮੇਟੀ ਸੀ, ਪਰ ਹੁਣ ਇਸ ਦਾ ਪ੍ਰਬੰਧ ਸਿੱਧਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ। ਇਸ ਵਿੱਚ ਮੈਨੇਜਰ ਰਣਜੀਤ ਸਿੰਘ, ਮੀਤ ਮੈਨੇਜਰ ਪਰਵਿੰਦਰ ਸਿੰਘ ਤੇ ਹੈੱਡ ਗ੍ਰੰਥੀ ਬਾਬਾ ਜਗਜੀਤ ਸਿੰਘ ਮੁੱਖ ਸੇਵਾ ਨਿਭਾ ਰਹੇ ਹਨ।

ਗੁਰਦੁਆਰੇ ਦਾ ਇਤਿਹਾਸ: ਭੰਗਾਣੀ ਦੇ ਯੁੱਧ ਵਿੱਚ ਪਹਾੜੀ ਰਾਜੇ ਭੀਮ ਚੰਦ ਨੂੰ ਮੂੰਹ ਦੀ ਖਾਣੀ ਪਈ। ਰਾਜਪੂਤਾਂ ਦੇ ਜਾਣ ਪਿੱਛੋਂ ਇਸ ਅਸਥਾਨ ਉੱਪਰ ਦਸਮ ਪਿਤਾ ਨੇ ਵਿਸ਼ੇਸ਼ ਦਰਬਾਰ ਕੀਤਾ ਅਤੇ ਕੁਝ ਚਿਰ ਫ਼ਤਹਿ ਦੇ ਡੰਕੇ ਵਜਾਉਂਦੇ ਰਹੇ। ਮਗਰੋਂ ਪਾਉਂਟਾ ਸਾਹਿਬ ਠਹਿਰੇ ਤੇ ਬਾਅਦ ਵਿੱਚ ਸ੍ਰੀ ਆਨੰਦਪੁਰ ਸਾਹਿਬ ਦਾ ਰੁਖ ਕੀਤਾ। ਪਾਉਂਟੇ ਤੋਂ ਆ ਕੇ ਗੁਰੂ ਜੀ ਨੇ ਕੁਝ ਸਮਾਂ ਨਾਹਨ ਦੇ ਰਾਜੇ ਪਾਸ ਡੇਰਾ ਲਾਇਆ। ਰਾਜੇ ਨੇ ਗੁਰੂ ਜੀ ਦੀ ਰਜਵੀਂ ਸੇਵਾ ਕੀਤੀ। ਗੁਰੂ ਜੀ ਨੇ ਉਸ ਨੂੰ ਸੁੰਦਰ ਕੀਮਤੀ ਕਿਰਪਾਨ ਬਖ਼ਸ਼ਿਸ਼ ਵਜੋਂ ਦਿੱਤੀ, ਜੋ ਅਜੇ ਵੀ ਮੌਜੂਦ ਹੈ। ਨਾਹਨ ਤੋਂ ਆ ਕੇ ਗੁਰੂ ਜੀ ਨੇ ਟੋਕਾ ਪਿੰਡ ਵਿੱਚ ਮੁਕਾਮ ਕੀਤਾ। ਇੱਥੇ ਘੋੜੀਆਂ ਨੂੰ ਟੋਕਾ-ਕੁਤਰਾ ਚਾਰਾ ਪਾਉਣ ਕਾਰਨ ਇਹ ਅਸਥਾਨ ਟੋਕਾ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੋਇਆ। ਟੋਕਾ ਸਾਹਿਬ ਤੋਂ ਰਾਏਪੁਰ ਪਹੁੰਚੇ। ਰਾਏਪੁਰ ਦੀ ਰਾਣੀ ਨੇ ਉੱਥੋਂ ਦੇ ਰਾਜੇ ਨੂੰ ਗੁਰੂ ਜੀ ਦਾ ਸ਼ਰਧਾਲੂ ਤੇ ਵਿਸ਼ਵਾਸ ਪਾਤਰ ਬਣਾਇਆ। ਗੁਰੂ ਜੀ ਨੇ ਰਾਣੀ ਦੇ ਸਿਦਕ ਨੂੰ ਵੇਖ ਕੇ ਰਾਜ ਭਾਗ ਦੇ ਵਾਧੇ ਦਾ ਆਸ਼ੀਰਵਾਦ ਦਿੱਤਾ। ਰਾਣੀ ਰਾਏਪੁਰ ਤੋਂ ਮਾਣਕ ਟਪਰੇ ਪੁੱਜੇ ਅਤੇ ਇੱਥੋਂ ਨਾਢਾ ਪਿੰਡ ਪਾਸ ਇੱਕ ਉੱਚੇ ਟਿੱਬੇ ਉਤੇ ਡੇਰਾ ਲਾ ਲਿਆ। ਇਸ ਅਸਥਾਨ ਉੱਪਰ ਗੁਰੂ ਜੀ ਨਾਲ ਕਈ ਸਿੱਖ ਸੇਵਕ, ਸ਼ਸਤਰਧਾਰੀ ਯੋਧੇ, ਘੋੜ ਸਵਾਰ ਤੇ ਜੰਗੀ ਸੂਰਮੇ ਮੌਜੂਦ ਸਨ।

ਉਨ੍ਹਾਂ ਦਿਨਾਂ ਵਿੱਚ ਇਹ ਪਰਗਨਾ ਜੰਗਲੀ ਇਲਾਕਾ ਸੀ। ਇੱਥੇ ਭਾਈ ਮੱਖਣ ਸ਼ਾਹ ਲੁਬਾਣਾ ਦੇ ਖ਼ਾਨਦਾਨ ਵਿੱਚੋਂ ਕੁਝ ਲੋਕ ਆਬਾਦ ਸਨ। ਨਾਢੂ ਸ਼ਾਹ ਨਾਂ ਦੇ ਧਰਮੀ ਬੰਦੇ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਜੀ ਆਇਆਂ ਕਿਹਾ। ਉਸ ਨੇ ਗੁਰੂ ਜੀ ਤੇ ਸਿੱਖ ਸੇਵਕਾਂ ਦੀ ਬੜੀ ਸੇਵਾ ਕੀਤੀ। ਉਸ ਦੀ ਟਹਿਲ ਸੇਵਾ ਨੂੰ ਵੇਖ ਕੇ ਦਸਵੇਂ ਪਾਤਸ਼ਾਹ ਬਹੁਤ ਪ੍ਰਸੰਨ ਹੋਏ। ਗੁਰੂ ਜੀ ਨੇ ਇੱਥੋਂ ਤੁਰਨ ਮੌਕੇ ਨਾਢੂ ਸ਼ਾਹ ਨੂੰ ਵਰ ਬਖ਼ਸ਼ਿਆ ਤੇ ਕਿਹਾ, "ਤੇਰੀ ਸੇਵਾ ਕਰਕੇ ਹੀ ਇਹ ਅਸਥਾਨ ਨਾਢਾ ਦੇ ਨਾਂ ਨਾਲ ਪ੍ਰਸਿੱਧ ਹੋਵੇਗਾ ਤੇ ਸਦਾ ਲਈ ਤੇਰਾ ਨਾਂ ਕਇਮ ਹੋਵੇਗਾ।"



ਇਹ ਸਥਾਨ ਹਰਿਆਣਾ ਦੇ ਜ਼ਿਲ੍ਹਾ ਪੰਚਕੂਲਾ ਦੇ ਸੈਕਟਰ 23 ਵਿੱਚ ਸਥਿਤ ਹੈ। ਇੱਥੋਂ ਦੇ ਕੀਰਤਨ ਦਾ ਰਸ ਥੋੜ੍ਹੀ ਦੂਰ ਹੀ ਹਿਮਾਚਲ-ਪੰਜਾਬ ਤੇ ਚੰਡੀਗੜ੍ਹ ਦੀਆਂ ਹਵਾਵਾਂ ਵਿੱਚ ਘੁਲ ਮਿਲ ਜਾਂਦਾ ਹੈ। ਗੁਰਦੁਆਰੇ ਦੇ ਪੂਰਬ ਵਾਲੇ ਪਾਸੇ ਕੱਚੀਆਂ ਪਹਾੜੀਆਂ ਹਨ, ਜੋ ਗੁਰਦੁਆਰੇ ਦੀ ਸੁੰਦਰਤਾ ਵਿੱਚ ਚਾਰ ਚੰਨ ਲਾਉਂਦੀਆਂ ਹਨ।

# ਅਮਰੀਕਾ ਤੋਂ ਹਰਿਆਣਾ ਦੇ 54 ਨੌਜਵਾਨ ਡਿਪੋਰਟ ਕੀਤੇ

ਵਾਸ਼ਿੰਗਟਨ- ਹਰਿਆਣਾ ਦੇ 54 ਨੌਜਵਾਨਾਂ ਨੂੰ ਅਮਰੀਕਾ ਦੀ ਇਮੀਗ੍ਰੇਸ਼ਨ ਐਂਡ ਕਸਟਮ ਇਨਫੋਰਸਮੈਂਟ ਏਜੰਸੀ ਨੇ ਡਿਪੋਰਟ ਕੀਤਾ ਹੈ। ਇਹ ਸਾਰੇ ਨੌਜਵਾਨ ਗੈਰਕਾਨੂੰਨੀ ਤਰੀਕੇ ਨਾਲ ਅਮਰੀਕਾ 'ਚ ਦਾਖ਼ਲ ਹੋਏ ਸਨ ਅਤੇ ਇਨ੍ਹਾਂ ਨੂੰ ਕਈ ਮਹੀਨੇ ਤੱਕ ਉਥੋਂ ਦੇ ਡਿਟੈਨਸ਼ਨ ਸੈਂਟਰਾਂ ਵਿਚ ਰੱਖਿਆ ਗਿਆ।ਇਨ੍ਹਾਂ ਨੌਜਵਾਨਾਂ ਨੇ ਵਤਨ ਵਾਪਸੀ 'ਤੇ ਦੱਸਿਆ ਕਿ ਅਮਰੀਕਾ ਵਿਚ ਉਨ੍ਹਾਂ ਉੱਤੇ ਤਸ਼ੱਦਦ ਤੇ ਅਤਿਆਚਾਰ ਕੀਤਾ ਗਿਆ। ਗਰਮੀ ਸਮੇਂ ਹੀਟਰ ਤੇ ਸਰਦੀ ਵਿੱਚ ਏ.ਸੀ. ਚਲਾਉਣ ਨਾਲ ਉਨ੍ਹਾਂ ਨੂੰ ਟਾਰਚਰ ਕੀਤਾ ਜਾਂਦਾ ਸੀ। ਖਾਣ-ਪੀਣ ਦੀ ਘਾਟ ਤੇ ਬੇਹੱਦ ਸਖ਼ਤ ਸੁਰੱਖਿਆ ਨਿਯਮਾਂ ਨੇ ਉਨ੍ਹਾਂ ਦੀ ਹਾਲਤ ਖ਼ਰਾਬ ਕਰ ਦਿੱਤੀ। ਇਨ੍ਹਾਂ ਡਿਪੋਰਟ ਹੋਏ ਨੌਜਵਾਨਾਂ ਵਿਚ ਸਭ ਤੋਂ ਵੱਧ ਕਰਨਾਲ ਦੇ 16, ਕੈਥਲ ਦੇ 14, ਅੰਬਾਲਾ ਤੇ ਕੁਰੂਕਸ਼ੇਤਰ ਦੇ 5-5, ਜੀਂਦ ਦੇ 4, ਫਤਿਹਾਬਾਦ ਦੇ 3 ਜਦਕਿ ਰੋਹਤਕ, ਹਿਸਾਰ ਅਤੇ ਪਲਵਲ ਦੇ ਕੁਝ ਨੌਜਵਾਨ ਸ਼ਾਮਲ ਹਨ। ਨੌਜਵਾਨਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਮੈਕਸਿਕੋ ਰਾਹੀਂ ਅਮਰੀਕਾ ਵਿਚ ਦਾਖ਼ਲ ਹੋਣ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਕਿਹਾ, "ਡਿਟੈਨਸ਼ਨ ਸੈਂਟਰਾਂ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋਈ। 14 ਮਹੀਨੇ ਤੱਕ ਅਸੀਂ ਬਿਨਾ ਕਿਸੇ ਗੁਨਾਹ ਦੇ ਬੰਦ ਰਹੇ।" ਹੁਣ ਇਹ ਸਾਰੇ ਨੌਜਵਾਨ ਆਪਣੀ ਜ਼ਿੰਦਗੀ ਨੂੰ ਮੁੜ ਲੀਹ 'ਤੇ ਲਿਆਉਣ ਦੀ ਉਮੀਦ ਕਰ ਰਹੇ ਹਨ ਤੇ ਸਰਕਾਰ ਤੋਂ ਕਾਨੂੰਨੀ ਤਰੀਕੇ ਨਾਲ ਵਿਦੇਸ਼ ਜਾਣ ਦੇ ਮੌਕੇ ਦੀ ਮੰਗ ਕਰ ਰਹੇ ਹਨ।



# ਘਰੇਲੂ ਝਗੜੇ ਇੰਨੇ ਵੀ ਵੱਡੇ ਨਾ ਹੋਣ ਦਿਓ



ਇਕ ਅਧਿਐਨ ਦੇ ਮੁਤਾਬਕ ਲੜਾਈ-ਝਗੜੇ ਦੇ ਦੌਰਾਨ ਗਲਤ ਅਤੇ ਕੌੜੇ ਸ਼ਬਦਾਂ ਦਾ ਇਸਤੇਮਾਲ ਰਿਸ਼ਤਿਆਂ ਵਿਚ ਤਣਾਅ ਦਾ ਕਾਰਨ ਬਣ ਜਾਂਦਾ ਹੈ। ਰਿਸ਼ਤੇ ਵਿਚ ਸਚਾਈ ਦਾ ਹੋਣਾ ਜ਼ਰੂਰੀ ਹੈ ਪਰ ਬਹੁਤ ਜ਼ਿਆਦਾ ਓਪਨ ਹੋਣਾ ਵੀ ਰਿਸ਼ਤੇ ਨੂੰ ਵਿਗਾੜ ਸਕਦਾ ਹੈ। ਇਸ ਕਰਕੇ ਜੇਕਰ ਪਾਰਟਨਰ ਨਾਲ ਝਗੜਾ ਹੋ ਗਿਆ ਹੈ ਤਾਂ ਕੁਝ ਗੱਲਾਂ ਦਾ ਖਿਆਲ ਰੱਖੋ ਅਤੇ ਜ਼ਿਆਦਾ ਸਬੰਧ ਨਾ ਵਿਗਾੜੋ।

ਆਪਣੇ ਪਾਰਟਨਰ ਨਾਲ ਗੱਲ ਕਰੋ ਅਤੇ ਉਹਨਾਂ ਦੀ ਕਹੀ ਗੱਲ ਨੂੰ ਸਮਝਣ ਦੀ ਕੋਸ਼ਿਸ਼ ਕਰੋ। ਜੇਕਰ ਉਹਨਾਂ ਦੀ ਕੋਈ ਗੱਲ ਤੁਹਾਨੂੰ ਪਸੰਦ ਨਾ ਹੋਵੇ ਤਾਂ ਹੋਸ਼ ਗੁਆਉਣ ਤੋਂ ਬਿਹਤਰ ਹੋਵੇਗਾ ਕਿ ਤੁਸੀਂ ਹੌਸਲੇ ਤੋਂ ਕੰਮ ਲਵੋ। ਸਥਿਤੀ ਤੋਂ ਭੱਜਣ ਦੀ ਗੱਲ ਨਾ ਕਰੋ। ਅਜਿਹਾ ਬੋਲਣਾ ਵੀ ਤੁਹਾਡੇ ਰਿਸ਼ਤੇ ਨੂੰ ਹਮੇਸ਼ਾ ਦੇ ਲਈ ਖਰਾਬ ਕਰ ਸਕਦਾ ਹੈ।

ਗੁੱਸਾ ਹੋਣਾ ਇਕ ਅਲੱਗ ਗੱਲ ਹੈ ਪਰ ਕੁਝ ਵੀ ਅਜਿਹਾ ਨਾ ਕਹੋ ਜਿਸ ਦਾ ਅਸਰ ਲੰਮੇ ਸਮੇਂ ਤੱਕ ਬਣਿਆ ਰਹੇ। ਮਾੜੇ ਸ਼ਬਦ ਕਹਿਣ ਤੋਂ ਬਚੋ।

ਜ਼ਿੰਮੇਵਾਰੀਆਂ ਦਾ ਰੋਣਾ ਰੋਣ ਤੋਂ ਬਿਹਤਰ ਹੈ ਕਿ ਤੁਸੀਂ ਦੋਵੇਂ ਆਪਣੇ ਕੰਮ ਵੰਡ ਲਓ। ਪੁਰਾਣੇ ਦਿਨਾਂ ਨੂੰ ਯਾਦ ਕਰਕੇ ਇਕ ਦੂਜੇ ਨੂੰ ਕੋਸਣਾ ਗਲਤ ਹੈ।

ਘਰਵਾਲਿਆਂ ਨੂੰ ਆਪਣੇ ਝਗੜੇ ਵਿਚ ਸ਼ਾਮਲ ਨਾਂ ਕਰੋ। ਇਕ-ਦੂਜੇ ਦੇ ਪਰਿਵਾਰ ਦੀ ਤੁਲਨਾ ਕਰਨਾ ਸਹੀ ਨਹੀਂ ਹੈ। ਗੱਲਾਂ ਨੂੰ ਇਗਨੋਰ ਕਰਨਾ ਵੀ ਆਉਣਾ ਚਾਹੀਦਾ ਹੈ। ਛੋਟੀਆਂ-ਛੋਟੀਆਂ ਗੱਲਾਂ 'ਤੇ ਪ੍ਰਤੀਕਿਰਿਆ ਦੇ ਕੇ ਤੁਸੀਂ ਇਸ ਰੋਸੇ ਨੂੰ ਵਧਾਉਣ ਦਾ ਹੀ ਕੰਮ ਕਰੋਗੇ।

ਪਤੀ-ਪਤਨੀ ਵਿਚਕਾਰ ਲੜਾਈ-ਝਗੜਾ ਹੋਣਾ ਆਮ ਗੱਲ ਹੈ। ਔਸਤਨ ਅਜਿਹੀਆਂ ਲੜਾਈਆਂ ਕੁਝ ਸਮੇਂ ਵਿਚ ਹੀ ਸੁਲਝ ਜਾਂਦੀਆਂ ਹਨ ਅਤੇ ਸਭ ਕੁਝ ਨੌਰਮਲ ਹੋ ਜਾਂਦਾ ਹੈ ਪਰ ਕਈ ਵਾਰ ਝਗਡੇ ਇੰਨੇ ਵੱਡੇ ਜਾਂਦੇ ਹਨ ਕਿ ਸਭ ਕੁਝ ਬਿਖਰਦਾ ਹੋਇਆ ਨਜ਼ਰ ਆਉਂਦਾ ਹੈ।

ਉਹਨਾਂ ਦੀ ਨਰਾਜ਼ਗੀ ਤੁਹਾਨੂੰ ਚੁਭਣ ਲੱਗਦੀ ਹੈ ਅਤੇ ਤੁਹਾਡਾ ਮਨ ਕਰਦਾ ਹੈ ਕਿ ਬੱਸ ਕਿਸੇ ਵੀ ਤਰ੍ਹਾਂ ਇਹ ਸਭ ਖਤਮ ਹੋ ਜਾਵੇ। ਜੇਕਰ ਤੁਸੀਂ ਵੀ ਕੁਝ ਅਜਿਹੇ ਦੌਰ ਵਿਚੋਂ ਲੰਘ ਰਹੇ ਹੋ ਤਾਂ ਤੁਹਾਨੂੰ ਬਿਨਾਂ ਦੇਰੀ ਮਨਾ ਲੈਣਾ ਚਾਹੀਦਾ ਹੈ।

ਜੇਕਰ ਗਲਤੀ ਤੁਹਾਡੀ ਸੀ ਤਾਂ ਮੁਆਫੀ ਮੰਗਣ ਵਿਚ ਜ਼ਰਾ ਵੀ ਦੇਰੀ ਨਾ ਲਗਾਓ। ਫਿਰ ਵੀ ਜੇਕਰ ਉਹਨਾਂ ਦੀ ਨਰਾਜ਼ਗੀ ਬਣੀ ਹੋਈ ਹੈ ਤਾਂ ਕੁਝ ਅਜਿਹਾ ਕਰੋ, ਜਿਸ ਨਾਲ ਉਹਨਾਂ ਦਾ ਮੂਡ ਪਲ ਭਰ ਵਿਚ ਠੀਕ ਹੋ ਜਾਵੇ। ਕੁਝ ਟਿਪਸ ਹਨ, ਜਿਹਨਾਂ ਨੂੰ ਅਜ਼ਮ-ਾਇਆ ਜਾ ਸਕਦਾ ਹੈ:

ਉਹਨਾਂ ਦੀ ਪਸੰਦ ਦਾ ਖਾਣਾ ਬਣਾਓ। ਆਪਣੇ ਹੱਥਾਂ ਨਾਲ, ਪਿਆਰ ਨਾਲ ਸਰਵ ਕਰੋ। ਉਮੀਦ ਕੀਤੀ ਜਾ ਸਕਦੀ ਹੈ ਕਿ ਖਾਣੇ ਦੀ ਮੇਜ ਤੇ ਬੈਠੇ-ਬੈਠੇ ਹੀ ਉਹਨਾਂ ਦਾ ਗੁੱਸਾ ਸ਼ਾਂਤ ਹੋ ਜਾਵੇਗਾ। ਜੇਕਰ ਤੁਹਾਨੂੰ ਲੱਗਦਾ ਹੈ ਕਿ ਲੜਾਈ ਤੁਹਾਡੇ ਕਾਰਨ ਹੀ ਆਰੰਭ ਹੋਈ ਹੈ ਅਤੇ ਤੁਸੀਂ ਹੀ ਉਸਨੂੰ ਵੱਡਾ ਕਰ ਦਿੱਤਾ ਹੈ ਤਾਂ ਮੁਆਫੀ ਮੰਗ ਲਓ। ਇਕ ਲਵ ਨੋਟ ਲਿਖੋ। ਕੁਝ ਅਜਿਹਾ ਲਿਖੋ, ਜਿਸ ਤੋਂ ਉਹਨਾਂ ਨੂੰ ਪਤਾ ਲੱਗ ਜਾਵੇ ਕਿ ਤੁਹਾਨੂੰ ਉਹਨਾਂ ਦੀ ਕਿੰਨੀ ਪਰਵਾਹ ਹੈ ਅਤੇ ਤੁਸੀਂ ਉਹਨਾਂ ਨੂੰ ਕਿੰਨਾ ਪਿਆਰ ਕਰਦੇ ਹੋ। ਉਹਨਾਂ ਦੇ ਪਸੰਦੀਦਾ ਫੁੱਲਾਂ ਨਾਲ ਘਰ ਬਜਾਓ ਅਤੇ ਇਕ ਕੋਨੇ ਵਿਚ ਸਾਰੀ ਨੋਟ ਲਿਖ ਕੇ ਰੱਖ ਦਿਓ। ਆਪਣੇ ਹੱਥਾਂ ਨਾਲ ਸਵੇਰ ਦੀ ਚਾਹ ਬਣਾਓ ਅਤੇ ਬੈਕਰਾਊਂਡ ਵਿਚ ਉਹਨਾਂ ਦੇ ਪਸੰਦੀਦਾ ਗਾਣੇ ਪਲੇਅ ਕਰੋ।

# ਘਰ ਦੀ ਸਫਾਈ ਨਾਲ ਜੁੜੀ ਹੈ ਤੁਹਾਡੀ ਸਿਹਤ

ਸਾਫ-ਸੁਥਰਾ ਘਰ ਕਿਸਨੂੰ ਪਸੰਦ ਨਹੀਂ ਹੁੰਦਾ। ਸਾਫ ਅਤੇ ਵਧੀਆ ਘਰ ਇਕ ਪਾਸੇ ਜਿੱਥੇ ਮੂਡ ਚੰਗਾ ਰੱਖਣ ਵਿਚ ਮਦਦਗਾਰ ਹੁੰਦਾ ਹੈ, ਉਥੇ ਹੀ ਘਰ ਸਾਫ ਹੋਵੇ ਤਾਂ ਸਿਹਤ ਵੀ ਚੰਗੀ ਰਹਿੰਦੀ ਹੈ। ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਅਜਿਹੇ ਕਾਰਨਹਨ, ਜਿਸ ਦੇ ਕਾਰਨ ਘਰ ਨੂੰ ਸਾਫ ਰੱਖਣ ਦੀ ਸਲਾਹ ਦਿੱਤੀ ਜਾਂਦੀ ਹੈ।

ਘਰ ਖੂਬਸੂਰਤ ਅਤੇ ਫ੍ਰੈਸ਼ ਬਣਿਆ ਰਹਿੰਦਾ ਹੈ- ਇਹ ਤਾਂ ਬੇਹੱਦ ਸੁਭਾਵਿਕ ਹੈ ਕਿ ਜੋ ਘਰ ਵਧੀਆ ਤਰੀਕੇ ਨਾਲ ਸਾਫ ਰਹਿੰਦਾ ਹੈ, ਉਸਨੂੰ



ਦੇਖ ਕੇ ਚੰਗਾ ਲੱਗਦਾ ਹੈ।

**ਪ੍ਰੋਡਕਟੀਵਿਟੀ ਵੱਧ ਜਾਂਦੀ ਹੈ-**

ਕਈ ਅਧਿਐਨਾਂ ਵਿਚ ਇਹ ਗੱਲ ਕਹੀ ਗਈ ਹੈ ਕਿ ਜੋ ਲੋਕ ਸਾਫ ਜਗ੍ਹਾ 'ਤੇ ਰਹਿੰਦੇ ਹਨ, ਉਹ ਆਪਦੇ ਕੰਮ 'ਤੇ ਜ਼ਿਆਦਾ ਧਿਆਨ ਦੇ ਪਾਉਂਦੇ ਹਨ ਅਤੇ ਉਹਨਾਂ ਦੀ ਪ੍ਰੋਡਕਟੀਵਿਟੀ ਤੁਲਨਾਤਮਕ ਤੌਰ ਤੇ ਚੰਗੀ ਹੁੰਦੀ ਹੈ।

ਇਨਫੈਕਸ਼ਨ ਦਾ ਖਤਰਾ ਘੱਟ ਰਹਿੰਦਾ ਹੈ

ਰੋਜ਼ਾਨਾ ਸਫਾਈ ਕਰਨ ਨਾਲ ਘਰ ਵਿਚ ਗੰਦਗੀ ਨਹੀਂ ਰਹਿੰਦੀ। ਇਸ ਦੇ ਕਾਰਨ ਇਨਫੈਕਸ਼ਨ ਦਾ ਖਤਰਾ ਬਹੁਤ ਘੱਟ ਹੋ ਜਾਂਦਾ ਹੈ।

**ਮਾਨਸਿਕ ਸਿਹਤ ਦੇ ਲਈ**

ਇਕ ਅਧਿਐਨ ਮੁਤਾਬਕ ਗੰਦਗੀ ਵਿਚ ਰਹਿਣ ਵਾਲੇ ਲੋਕਾਂ ਨੂੰ ਅਕਸਰ ਡਿਪ੍ਰੈਸ਼ਨ ਦੀ ਸ਼ਿਕਾਇਤ ਹੋ ਜਾਂਦੀ ਹੈ। ਇਸ ਕਰਕੇ ਸਫਾਈ ਵਿਚ ਰਹਿਣ ਨਾਲ ਇਸ ਪ੍ਰੇਸ਼ਾਨੀ ਤੋਂ ਬਚਿਆ ਜਾ ਸਕਦਾ ਹੈ।

**ਸਫਾਈ ਨੂੰ ਕਸਰਤ ਵਾਂਗ ਲਵੋ**

ਸਫਾਈ ਦੇ ਦੌਰਾਨ ਕਾਫੀ ਕੈਲਰੀ ਬਰਨ ਹੁੰਦੀ ਹੈ। ਇਸ ਲਿਹਾਜ ਨਾਲ ਇਹ ਇਕ ਚੰਗੀ ਕਸਰਤ ਵੀ ਹੈ।

# ਫੁੱਟਬਾਲ ਖਿਡਾਰੀਆਂ ਨੂੰ ਤਰਾਸ਼ਣ ਵਾਲਾ- ਗੁਰਨਿੰਦਰ ਬੂਟਾ



ਫੁੱਟਬਾਲ ਅੱਜ ਪੰਜਾਬ ਵਿਚ ਲੋਕਪ੍ਰਿਯ ਖੇਡ ਬਣ ਚੁੱਕੀ ਹੈ ਅਤੇ ਹਰ ਖੇਤਰ ਵਿਚ ਫੁੱਟਬਾਲ ਖੇਡੀ ਜਾਂਦੀ ਹੈ। ਆਪਾਂ ਗੱਲ ਕਰ ਰਹੇ ਹਾਂ ਮਾਲਵੇ ਵਿਚ ਫੁੱਟਬਾਲ ਖਿਡਾਰੀਆਂ ਨੂੰ ਤਰਾਸ਼ਣ ਵਾਲੇ ਧਨੌਲਾ ਮੰਡੀ ਜਿਲ੍ਹਾ ਬਰਨਾਲਾ ਦੇ ਗੁਰਨਿੰਦਰ ਬੂਟਾ ਦੀ। ਗੁਰਨਿੰਦਰ ਬੂਟਾ ਨੇ ਛੋਟੀ ਉਮਰ ਵਿਚ ਫੁੱਟਬਾਲ ਖੇਡਣੀ ਸ਼ੁਰੂ ਕੀਤੀ। ਸਕੂਲਾਂ ਵਿਚ ਨੈਸ਼ਨਲ ਖੇਡਣ ਤੋਂ ਇਲਾਵਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਆਲ ਇੰਡੀਆ ਇੰਟਰ ਯੂਨੀਵਰਸਿਟੀ ਵੀ ਖੇਡੀ। ਸਕੂਲ ਨੈਸ਼ਨਲ ਵਿਚ ਸਿਲਵਰ ਮੈਡਲ ਅਤੇ ਆਲ ਇੰਡੀਆ ਇੰਟਰ ਯੂਨੀਵਰਸਿਟੀ ਵਿਚ ਵੀ ਸਿਲਵਰ ਮੈਡਲ ਪ੍ਰਾਪਤ ਕੀਤਾ। ਖੇਡਣ ਤੋਂ ਇਲਾਵਾ ਫੁੱਟਬਾਲ ਦੇ ਪ੍ਰਸਿੱਧ ਖਿਡਾਰੀਆਂ ਦੇ ਲੇਖ ਵੀ ਵੱਖ ਵੱਖ ਅਖ਼ਬਾਰਾਂ ਵਿੱਚ ਛਪੇ। ਫੁੱਟਬਾਲ ਖੇਡਣ ਤੋਂ ਇਲਾਵਾ ਫਿਜ਼ੀਕਲ ਦੀ ਡੀ ਪੀ ਐਡ ਵੀ ਕੀਤੀ। ਪਿਛਲੇ 10 ਸਾਲਾਂ ਤੋਂ ਬੂਟੇ ਨੇ ਪਿੰਡਾਂ ਵਿੱਚ ਫੁੱਟਬਾਲ ਸਿਖਾਉਣੀ ਸ਼ੁਰੂ ਕੀਤੀ। ਜ਼ਿਲਾ ਬਠਿੰਡਾ ਅਤੇ ਜ਼ਿਲਾ ਬਰਨਾਲਾ ਦੇ ਪਿੰਡਾਂ ਵਿਚ ਫੁੱਟਬਾਲ ਖਿਡਾਰੀਆਂ ਨੂੰ ਸਿਖ਼ਲਾਈ ਵੀ ਦਿੱਤੀ। ਜ਼ਿਲਾ ਬਰਨਾਲਾ ਦੇ ਪਿੰਡ ਭੱਠਲਾਂ, ਕਾਲੇਕੇ, ਜਵੰਧਾ ਪਿੰਡੀ, ਖੁੱਡੀਕਲਾ, ਬਰਨਾਲਾ, ਠਕੀਰਵਾਲ, ਵਿਖੇ ਪ੍ਰਕੈਟਿਸ ਕਰਵਾਈ। ਇਸ ਤੋ ਇਲਾਵਾ ਜ਼ਿਲੇ ਦੀਆਂ ਟੀਮਾਂ ਵੀ ਵੀ ਕਈ ਵਾਰ ਨੁਮਾਇੰਦਗੀ ਕੀਤੀ। ਪੰਜਾਬ ਵਿਚ ਹੋਏ ਖਾਲਸਾ ਕੱਪ ਵਿਚ ਜ਼ਿਲਾ ਬਰਨਾਲਾ ਦੀ ਫੁੱਟਬਾਲ ਟੀਮ ਦੀ ਟੀਮ ਨੇ ਜੁਆਇੰਟ ਥਰਡ ਪੁਜੀਸ਼ਨ ਹਾਸਲ ਕੀਤੀ। ਇਸ ਤੋ ਬਾਅਦ ਗੁਰਨਿੰਦਰ ਬੂਟਾ ਰਾਮਪੁਰਾ ਵਿਖੇ ਪੰਜਾਬ ਦੀ ਪ੍ਰਸਿੱਧ ਅਕੈਡਮੀ ਨਾਮਧਾਰੀ ਅਕੈਡਮੀ ਭੈਣੀ ਸਾਹਿਬ ਦਾ ਕੋਚ ਬਣਿਆ। ਰਾਮਪੁਰਾ ਤੋਂ ਇਲਾਵਾ ਡੀ ਐਮ ਗਰੁੱਪ ਕਰਾੜਵਾਲਾ ਵਿਚ ਵੀ ਫੁੱਟਬਾਲ ਸਿਖਲਾਈ। ਇਸ ਤੋ ਇਲਾਵਾ ਜ਼ਿਲਾ ਬਠਿੰਡਾ ਦੇ ਪਿੰਡ ਰਾਮਪੁਰਾ, ਪਹੂਲਾ ਅਤੇ ਮਹਿਰਾਜ ਵਿਖੇ ਵੀ ਖਿਡਾਰੀਆਂ ਨੂੰ ਫੁੱਟਬਾਲ ਦੀ ਟ੍ਰੇਨਿੰਗ ਦਿੱਤੀ। ਬੂਟੇ ਦੇ ਤਿਆਰ ਕੀਤੇ ਖਿਡਾਰੀ ਆਲ ਇੰਡੀਆ, ਜੂਨੀਅਰ ਖਿਡਾਰੀ ਆਈ ਲੀਗ ਅਤੇ ਪੰਜਾਬ ਦੀਆਂ ਸਿਰਕੱਢ ਫੁੱਟਬਾਲ ਅਕੈਡਮੀਆਂ ਵਿੱਚ ਖੇਡ ਚੁੱਕੇ ਹਨ।

**- ਸੰਜੀਵ ਗਰਗ ਕਾਲੀ ਧਨੌਲਾ ਮੰਡੀ**
**(9671353789)**

# ਪੰਜਾਬ ਵਿਚ ਇਸ ਵਾਰ ਝੋਨੇ ਦੀ ਫ਼ਸਲ ਘਟਣ ਕਾਰਨ ਸ਼ੈਲਰ ਵੀ ਰਹਿਣਗੇ ਵਿਹਲੇ

ਐਤਕੀਂ ਪੰਜਾਬ ਵਿੱਚ ਝੋਨੇ ਦੀ ਖ਼ਰੀਦ 'ਚ ਉਲਟੀ ਗੰਗਾ ਵਹਿ ਰਹੀ ਹੈ। ਝੋਨੇ ਦਾ ਝਾੜ ਘਟਣ ਕਰ ਕੇ ਸ਼ੈਲਰ ਮਾਲਕ ਹੱਥੋਂ ਹੱਥ ਝੋਨਾ ਚੁੱਕ ਰਹੇ ਹਨ। ਇਸ ਵਾਰ ਫ਼ਸਲ ਦੀ ਪੈਦਾਵਾਰ ਘੱਟ ਹੈ ਜਦੋਂ ਕਿ ਸ਼ੈਲਰਾਂ ਦੀ ਸਮਰੱਥਾ ਜ਼ਿਆਦਾ ਹੈ। ਪੰਜਾਬ ਸਰਕਾਰ ਨੇ ਚੌਲ ਮਿੱਲ ਮਾਲਕਾਂ ਦੀ ਮਾਰਾ-ਮਾਰੀ ਨੂੰ ਦੇਖਦਿਆਂ ਦੂਸਰੇ ਜ਼ਿਲ੍ਹਿਆਂ 'ਚੋਂ ਝੋਨਾ ਲਿਆਉਣ ਦੇ ਰਿਲੀਜ਼ ਆਰਡਰ ਬੰਦ ਕਰ ਦਿੱਤੇ ਹਨ। ਆਮ ਰੁਝਾਨ ਇਹੋ ਰਹਿੰਦਾ ਹੈ ਕਿ ਮਾਲਵਾ ਖਿੱਤੇ 'ਚ ਜ਼ਿਆਦਾ ਸ਼ੈਲਰ ਹੋਣ ਕਰ ਕੇ ਚੌਲ ਮਿੱਲ ਮਾਲਕਾਂ ਨੂੰ ਮਾਝਾ ਇਲਾਕੇ 'ਚੋਂ ਜੀਰੀ ਲਿਆਉਣ ਲਈ ਰਿਲੀਜ਼ ਆਰਡਰ ਜਾਰੀ ਕੀਤੇ ਜਾਂਦੇ ਸਨ।

ਪੰਜਾਬ ਵਿੱਚ ਕਰੀਬ 5520 ਚੌਲ ਮਿੱਲਾਂ ਹਨ ਜਿਨ੍ਹਾਂ 'ਚੋਂ ਪਟਿਆਲਾ ਵਿੱਚ 650 ਅਤੇ ਬਠਿੰਡਾ 'ਚ 535 ਚੌਲ ਮਿੱਲਾਂ ਹਨ। ਦੂਸਰੇ ਪਾਸੇ ਮਾਝਾ ਖੇਤਰ 'ਚ ਸ਼ੈਲਰ ਘੱਟ ਹਨ। ਖੁਰਾਕ ਤੇ ਸਿਵਲ ਸਪਲਾਈਜ਼ ਅਤੇ ਖ਼ਪਤਕਾਰ ਮਾਮਲਿਆਂ ਬਾਰੇ ਵਿਭਾਗ ਨੇ ਅੱਜ ਦਰਜਨ ਜ਼ਿਲ੍ਹਿਆਂ ਦੇ ਜ਼ਿਲ੍ਹਾ ਕੰਟਰੋਲਰਾਂ ਨੂੰ ਪੱਤਰ ਜਾਰੀ ਕਰ ਕੇ ਨਿਰਦੇਸ਼ ਦਿੱਤੇ ਹਨ ਕਿ ਸਥਾਨਕ ਸ਼ੈਲਰਾਂ ਨੂੰ ਹੀ ਜੀਰੀ ਦੇਣ ਨੂੰ ਤਰਜੀਹ ਦਿੱਤੀ ਜਾਵੇ। ਜ਼ੁਬਾਨੀ ਤੌਰ 'ਤੇ ਰਿਲੀਜ਼ ਆਰਡਰ ਬੰਦ ਹੀ ਕਰ ਦਿੱਤੇ ਗਏ ਹਨ। ਮਿਸਾਲ ਦੇ ਤੌਰ 'ਤੇ ਗੁਰਦਾਸਪੁਰ ਜ਼ਿਲ੍ਹੇ ਵਿੱਚ ਹੜ੍ਹਾਂ ਕਾਰਨ ਫ਼ਸਲ ਤਬਾਹ ਹੋਈ ਹੈ ਅਤੇ ਜੋ ਜੀਰੀ ਬਚੀ ਹੈ, ਉਹ ਹੁਣ ਸਥਾਨਕ ਮਿੱਲਰਾਂ ਨੂੰ ਹੀ ਮਿਲੇਗੀ।

ਚੇਤੇ ਰਹੇ ਕਿ ਪਿਛਲੇ ਸੀਜ਼ਨ ਵਿੱਚ ਕਾਫ਼ੀ ਚੌਲ ਮਿੱਲਾਂ ਚੱਲੀਆਂ ਹੀ ਨਹੀਂ ਸਨ ਪਰ ਮਿੱਲਰਾਂ ਨੂੰ ਚੰਗੀ ਕਮਾਈ ਹੋਣ ਕਰ ਕੇ ਐਤਕੀਂ ਸਭ ਚੌਲ ਮਿੱਲਾਂ ਚਾਲੂ ਹੋ ਗਈਆਂ ਹਨ। ਉੱਪਰੋਂ ਬਾਇ ਉਤਪਾਦ ਦੀਆਂ ਕੀਮਤਾਂ ਉੱਚੀਆਂ ਰਹਿਣ ਕਰ ਕੇ ਸ਼ੈਲਰਾਂ ਵਾਲਿਆਂ ਦੇ ਵਾਰੇ-ਨਿਆਰੇ ਹੋ ਗਏ ਸਨ। ਪੰਜਾਬ ਸਰਕਾਰ ਵੱਲੋਂ ਇਸ ਵਾਰ ਪਹਿਲਾਂ 175 ਲੱਖ ਟਨ ਝੋਨੇ ਦੀ ਖ਼ਰੀਦ ਦਾ ਟੀਚਾ ਮਿੱਥਿਆ ਗਿਆ ਸੀ ਜਿਸ ਨੂੰ ਹੁਣ ਸੋਧ ਕੇ 165 ਲੱਖ ਟਨ ਕਰ ਦਿੱਤਾ ਗਿਆ ਹੈ। ਹਕੀਕਤ ਵਿੱਚ ਇਹ ਟੀਚਾ ਵੀ ਪੂਰਾ ਹੋਣ ਦੀ ਸੰਭਾਵਨਾ ਨਹੀਂ ਹੈ। ਹੜ੍ਹਾਂ ਕਾਰਨ ਹੋਏ ਫ਼ਸਲੀ ਨੁਕਸਾਨ ਤੋਂ ਇਲਾਵਾ ਝੋਨੇ ਦੀ ਫ਼ਸਲ ਨੂੰ ਬਿਮਾਰੀ ਪੈਣ ਕਰ ਕੇ ਝਾੜ ਕਾਫ਼ੀ ਪ੍ਰਭਾਵਿਤ ਹੋਇਆ ਹੈ। ਚੌਲ ਮਿੱਲ ਮਾਲਕਾਂ ਨੂੰ ਡਰ ਹੈ ਕਿ ਉਨ੍ਹਾਂ ਨੂੰ ਵੰਡ ਮੁਤਾਬਕ ਝੋਨਾ ਨਹੀਂ ਮਿਲੇਗਾ। ਪੰਜਾਬ ਸਰਕਾਰ ਨੇ ਜਿੱਥੇ ਕਿਤੇ ਸ਼ੈਲਰ ਜ਼ਿਆਦਾ ਹਨ ਅਤੇ ਫ਼ਸਲ ਘੱਟ ਹੈ, ਉੱਥੇ ਮਿੱਲਰਾਂ ਨੂੰ ਸਮ-ਰੱਥਾ ਤੋਂ ਘੱਟ ਵੰਡ ਕੀਤੀ ਹੈ। ਜਿਵੇਂ ਬਠਿੰਡਾ ਜ਼ਿਲ੍ਹੇ ਦੇ ਸੰਗਤ ਇਲਾਕੇ 'ਚ 42 ਸ਼ੈਲਰ ਹਨ, ਉੱਥੇ ਹਰੇਕ ਸ਼ੈਲਰ 'ਤੇ 56 ਫ਼ੀਸਦੀ ਦਾ ਕੱਟ ਲਗਾ ਦਿੱਤਾ ਗਿਆ ਹੈ।



ਇੱਕ ਸ਼ੈਲਰ ਮਾਲਕ ਨੇ ਦੱਸਿਆ ਕਿ ਪ੍ਰਤੀ ਟਨ ਦੀ ਸਮਰੱਥਾ ਵਾਲੇ ਸ਼ੈਲਰ ਨੂੰ ਅਸੂਲਨ 60 ਹਜ਼ਾਰ ਬੋਰੀ ਦੀ ਵੰਡ ਲੋੜੀਂਦੀ ਹੈ। ਉਨ੍ਹਾਂ ਦੱਸਿਆ ਕਿ ਦੋ ਟਨ ਦੇ ਸ਼ੈਲਰ ਨੂੰ ਸਰਕਾਰ ਨੇ 65 ਹਜ਼ਾਰ ਬੋਰੀ ਦੀ ਹੀ ਵੰਡ ਕੀਤੀ ਹੈ। ਮਲੋਟ ਦੇ ਖੇਤਰ ਵਿੱਚ ਸ਼ੈਲਰ ਘੱਟ ਹਨ ਅਤੇ ਫ਼ਸਲ ਜ਼ਿਆਦਾ ਹੈ ਜਿੱਥੇ ਸ਼ੈਲਰ ਪੂਰੀ ਸਮਰੱਥਾ 'ਤੇ ਚੱਲਣਗੇ। ਪਤਾ ਲੱਗਿਆ ਹੈ ਕਿ ਸ਼ੈਲਰਾਂ ਵਾਲੇ ਫ਼ਸਲ ਚੁੱਕਣ ਲਈ ਪੱਬਾਂ ਭਾਰ ਹਨ ਜਿਸ ਕਰ ਕੇ ਮੰਡੀਆਂ 'ਚ ਐਤਕੀਂ ਫ਼ਸਲ ਦੇ ਅੰਬਾਰ ਲੱਗਣ ਦੀ ਨੌਬਤ ਕਿਧਰੇ ਨਜ਼ਰ ਨਹੀਂ ਆਈ ਹੈ। ਮੰਡੀਆਂ ਵਿੱਚ ਹੁਣ ਤੱਕ 84.05 ਲੱਖ ਟਨ ਫਸਲ ਆ ਚੁੱਕੀ ਹੈ ਜਿਸ ਵਿੱਚੋਂ 81.25 ਲੱਖ ਟਨ ਦੀ ਖ਼ਰੀਦ ਹੋ ਚੁੱਕੀ ਹੈ। ਖ਼ਰੀਦੀ ਗਈ ਫਸਲ 'ਚੋਂ 60.55 ਲੱਖ ਟਨ ਫ਼ਸਲ ਦੀ ਚੁਕਾਈ ਵੀ ਹੋ ਚੁੱਕੀ ਹੈ। ਮੰਡੀਆਂ ਵਿੱਚ ਨਮੀ ਦਾ ਰੌਲਾ ਵੀ ਬਹੁਤਾ ਨਹੀਂ ਹੈ। ਇਨ੍ਹਾਂ ਹਾਲਾਤ 'ਚ ਪੰਜਾਬ ਸਰਕਾਰ ਨੂੰ ਸੁੱਖ ਦਾ ਸਾਹ ਆਇਆ ਹੈ। ਫ਼ਸਲ ਘੱਟ ਹੋਣ ਕਰ ਕੇ ਚੌਲ ਲਈ ਭੰਡਾਰਨ ਵਾਸਤੇ ਜਗ੍ਹਾ ਦੀ ਵੀ ਘੱਟ ਲੋੜ ਪਵੇਗੀ। ਕੇਂਦਰ ਸਰਕਾਰ ਨੇ ਪੰਜਾਬ 'ਚੋਂ ਕੁੱਝ ਦਿਨ ਪਹਿਲਾਂ ਝੋਨੇ ਦੀ ਫ਼ਸਲ ਦੇ ਨਮੂਨੇ ਭਰੇ ਸਨ ਤਾਂ ਜੋ ਖ਼ਰੀਦ ਮਾਪਦੰਡਾਂ 'ਚ ਛੋਟ ਦੇ ਮਾਮਲੇ ਨੂੰ ਵਿਚਾਰਿਆ ਜਾ ਸਕੇ। ਬੇਸ਼ੱਕ ਕੇਂਦਰ ਸਰਕਾਰ ਨੇ ਹਾਲੇ ਤੱਕ ਕੋਈ ਫ਼ੈਸਲਾ ਨਹੀਂ ਲਿਆ ਹੈ ਪ੍ਰੰਤੂ ਸ਼ੈਲਰਾਂ ਦੀ ਖਿੱਚ ਕਰ ਕੇ ਫ਼ਸਲ ਵਿੱਚ ਕਿਧਰੇ ਗੁਣਵੱਤਾ ਨੂੰ ਲੈ ਕੇ ਵੱਡੇ ਸਵਾਲ ਨਹੀਂ ਉੱਠ ਰਹੇ ਹਨ।

ਪੰਜਾਬ ਰਾਈਸ ਇੰਡਸਟਰੀ ਐਸੋਸੀਏਸ਼ਨ ਦੇ ਪ੍ਰਧਾਨ ਭਾਰਤ ਭੂਸ਼ਨ ਬਿੰਟਾ ਆਖਦੇ ਹਨ ਕਿ ਇਸ ਵਾਰ 30 ਲੱਖ ਟਨ ਤੋਂ ਜ਼ਿਆਦਾ ਫ਼ਸਲ ਦੀ ਪੈਦਾਵਾਰ 'ਚ ਕਟੌਤੀ ਹੋ ਜਾਣੀ ਹੈ ਜਿਸ ਕਰ ਕੇ ਸ਼ੈਲਰ ਮਾਲਕਾਂ ਨੂੰ ਫ਼ਸਲ ਦੀ ਪੂਰੀ ਲਿੰਕੇਜ ਨਹੀਂ ਮਿਲਣੀ ਹੈ।

ਹੜ੍ਹਾਂ ਕਰ ਕੇ ਮਾਝਾ 'ਚ ਤਾਂ ਫ਼ਸਲ ਤਬਾਹ ਹੀ ਹੋ ਗਈ ਹੈ ਜਿਸ ਕਰ ਕੇ ਸਰਕਾਰ ਨੇ ਰਿਲੀਜ਼ ਆਰਡਰ ਵੀ ਬੰਦ ਕਰ ਦਿੱਤੇ ਹਨ। ਮੰਡੀਆਂ 'ਚੋਂ ਚੁਕਾਈ ਦੀ ਵੀ ਕਿਧਰੇ ਕੋਈ ਸਮੱਸਿਆ ਨਹੀਂ ਆ ਰਹੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਸ ਵਾਰ ਸ਼ੈਲਰ ਪੂਰੀ ਸਮਰੱਥਾ 'ਤੇ ਨਹੀਂ ਚੱਲ ਸਕਣਗੇ।

# ਜਸਟਿਸ ਸੂਰਿਆ ਕਾਂਤ ਹੋਣਗੇ ਭਾਰਤ ਦੇ ਅਗਲੇ ਸੀਜੇਆਈ

ਨਵੀਂ ਦਿੱਲੀ- ਭਾਰਤ ਦੇ ਚੀਫ਼ ਜਸਟਿਸ ਭੂਸ਼ਣ ਰਾਮਕ੍ਰਿਸ਼ਨ ਗਵਈ ਨੇ ਜਸਟਿਸ ਸੂਰਿਆ ਕਾਂਤ ਨੂੰ ਭਾਰਤ ਦੇ ਅਗਲੇ ਚੀਫ਼ ਜਸਟਿਸ (ਸੀਜੇਆਈ) ਵਜੋਂ ਨਿਯੁਕਤ ਕਰਨ ਦੀ ਸਿਫ਼ਾਰਸ਼ ਕੀਤੀ ਹੈ। ਜਸਟਿਸ ਸੂਰਿਆ ਕਾਂਤ ਮੌਜੂਦਾ ਸੀਜੇਆਈ ਤੋਂ ਬਾਅਦ ਸੁਪਰੀਮ ਕੋਰਟ ਦੇ ਦੂਜੇ ਸਭ ਤੋਂ ਸੀਨੀਅਰ ਜੱਜ ਹਨ। ਜੇਕਰ ਕੇਂਦਰ ਸਰਕਾਰ ਉਨ੍ਹਾਂ ਦੀ ਸਿਫ਼ਾਰਸ਼ ਨੂੰ ਸਵੀਕਾਰ ਕਰ ਲੈਂਦੀ ਹੈ, ਤਾਂ ਉਹ 23 ਨਵੰਬਰ ਨੂੰ ਸੀਜੇਆਈ ਗਵਈ ਦੀ ਸੇਵਾਮੁਕਤੀ ਤੋਂ ਬਾਅਦ 24 ਨਵੰਬਰ ਨੂੰ 53ਵੇਂ ਸੀਜੇਆਈ ਬਣ ਜਾਣਗੇ। ਸੂਤਰਾਂ ਅਨੁਸਾਰ ਸੀਜੇਆਈ ਗਵਈ ਨੇ ਜਸਟਿਸ ਸੂਰਿਆ ਕਾਂਤ ਨੂੰ ਅਗਲੇ ਸੀਜੇਆਈ ਵਜੋਂ ਨਿਯੁਕਤ ਕਰਨ ਲਈ ਕੇਂਦਰੀ ਕਾਨੂੰਨ ਮੰਤਰਾਲੇ ਨੂੰ ਸਿਫ਼ਾਰਸ਼ ਕੀਤੀ ਹੈ। ਜਸਟਿਸ ਸੂਰਿਆ ਕਾਂਤ ਨੂੰ 24 ਮਈ, 2019 ਨੂੰ ਸੁਪਰੀਮ ਕੋਰਟ ਦੇ ਜੱਜ ਵਜੋਂ ਨਿਯੁਕਤ ਕੀਤਾ ਗਿਆ ਸੀ। ਜੇਕਰ ਉਹ ਅਗਲੇ ਸੀਜੇਆਈ ਬਣਦੇ ਹਨ, ਤਾਂ ਉਹ ਚੀਫ਼ ਜਸਟਿਸ ਵਜੋਂ ਆਪਣਾ ਪੂਰਾ ਕਾਰਜਕਾਲ (ਲਗਪਗ 1.2 ਸਾਲ) ਨਿਭਾਉਣਗੇ। ਸੁਪਰੀਮ ਕੋਰਟ ਦੇ ਜੱਜਾਂ ਲਈ ਸੇਵਾਮੁਕਤੀ ਦੀ ਉਮਰ 65 ਸਾਲ ਹੈ। ਰਵਾਇਤੀ ਤੌਰ 'ਤੇ, ਇੱਕ ਮੌਜੂਦਾ ਜਸਟਿਸ ਦੇ ਸੇਵਾਮੁਕਤ ਹੋਣ ਤੋਂ ਇੱਕ ਮਹੀਨਾ ਪਹਿਲਾਂ, ਕੇਂਦਰੀ ਕਾਨੂੰਨ ਮੰਤਰਾਲਾ ਸੀਜੇਆਈ ਨੂੰ ਇੱਕ ਉੱਤਰਾਧਿਕਾਰੀ ਦੀ ਸਿਫ਼ਾਰਸ਼ ਕਰਨ ਲਈ ਕਹਿੰਦਾ ਹੈ। ਇੱਕ ਵਾਰ ਜਦੋਂ ਸੀਜੇਆਈ ਇੱਕ ਉੱਤਰਾਧਿਕਾਰੀ ਦੀ ਸਿਫ਼ਾਰਸ਼ ਕਰ ਦਿੰਦਾ ਹੈ, ਤਾਂ ਇਹ ਲਗਪਗ ਨਿਸ਼ਚਿਤ ਹੁੰਦਾ ਹੈ ਕਿ ਅਗਲਾ ਚੀਫ਼ ਜਸਟਿਸ ਕੌਣ ਬਣੇਗਾ।

# ਮਨੁੱਖੀ ਜੀਵਨ ਵਿਚ ਧਰਮ ਦੀ ਅਹਿਮੀਅਤ



'ਧਰਮ' ਦਾ ਮਸਲਾ ਇਕ ਅਜਿਹਾ ਮਸਲਾ ਹੈ, ਜਿਹੜਾ ਮਾਨਵੀ ਇਤਿਹਾਸ ਵਿਚ ਸਭ ਤੋਂ ਵੱਧ ਚਰਚਾ ਦਾ ਵਿਸ਼ਾ ਰਿਹਾ ਹੈ। ਇਸਦੇ ਨਾਲ ਹੀ 'ਰਾਜਨੀਤੀ' ਦਾ ਵਿਸ਼ਾ ਵੀ ਇਕ ਅਹਿਮ ਵਿਸ਼ਾ ਰਿਹਾ ਹੈ। ਇਹ ਸੁਭਾਵਿਕ ਹੀ ਹੈ ਕਿਉਂਕਿ ਇਹਨਾਂ ਦੋਹਾਂ ਮੁੱਦਿਆਂ ਨੇ ਇਨਸਾਨੀ ਜੀਵਨ ਨੂੰ ਵੱਡੇ ਪੈਮਾਨੇ 'ਤੇ ਪ੍ਰਭਾਵਿਤ ਕੀਤਾ ਹੈ। ਇਸ ਪ੍ਰਭਾਵ ਦੇ ਦੋਵੇਂ ਪਹਿਲੂ ਹਨ- ਸਕਾਰਾਤਮਕ ਵੀ ਅਤੇ ਨਕਾਰਾਤਮਕ ਵੀ। ਧਰਮ ਅਤੇ ਰਾਜਨੀਤੀ ਦਾ ਸਰਵਉੱਚ ਉਦੇਸ਼ ਮਨੁੱਖੀ ਜੀਵਨ ਨੂੰ ਸੁੱਖਮਈ ਬਣਾਉਣਾ ਹੈ। ਧਰਮ ਸਾਨੂੰ ਮੁੱਢਲੇ ਤੌਰ 'ਤੇ ਇਹ ਸਿਖਾਉਂਦਾ ਹੈ ਕਿ ਅਸੀਂ ਖੁਦ ਵੀ ਸੁੱਖਮਈ ਜੀਵਨ ਕਿਵੇਂ ਜੀਅ ਸਕਦੇ ਹਾਂ ਤੇ ਦੂਸਰਿਆਂ ਨੂੰ ਵੀ ਸੁੱਖਮਈ ਜੀਵਨ ਜਿਊਣ ਵਿਚ ਕਿਵੇਂ ਸਹਾਇਤਾ ਕਰ ਸਕਦੇ ਹਾਂ। ਧਰਮ ਦੀ ਵਿਆਖਿਆ ਵੱਖ-ਵੱਖ ਸਮਿਆਂ ਵਿਚ ਵੱਖ-ਵੱਖ ਦਾਰਸ਼ਨਿਕਾਂ ਦੁਆਰਾ ਵੱਖ-ਵੱਖ ਕੀਤੀ ਜਾਂਦੀ ਰਹੀ ਹੈ। ਧਰਮ ਦੇ ਅਰਥ ਦੀ ਵਿਆਖਿਆ ਅਤੇ ਉਸਦੇ ਕਾਰਜ ਜਾਂ ਉਪਯੋਗਿਤਾ ਦੇ ਸਬੰਧ ਵਿਚ ਬਾਬਾ ਸਾਹਿਬ ਡਾ. ਅੰਬੇਡਕਰ ਪ੍ਰੋ. ਮੀਲਵੁੱਡ ਦੇ ਕਥਨ ਦਾ ਸੰਦਰਭ ਦੇ ਕੇ ਆਖਦੇ ਹਨ ਕਿ 'ਧਰਮ ਸਮਾਜਿਕ ਨਿਯੰਤਰਣ ਦੀ ਏਜੰਸੀ ਦੇ ਰੂਪ ਵਿਚ ਕੰਮ ਕਰਦਾ ਹੈ। ਮਤਲਬ ਸਮੂਹ, ਵਿਅਕਤੀ ਦੇ ਜੀਵਨ ਦਾ ਨਿਯੰਤਰਣ ਸਮੂਹ ਦੇ ਬਿਹਤਰ ਜੀਵਨ ਅਤੇ ਉਸਦੀ ਭਲਾਈ ਲਈ ਕਰਦਾ ਹੈ।' ਉਹ ਅੱਗੇ ਆਖਦੇ ਹਨ ਕਿ 'ਧਰਮ ਦਾ ਕਾਰਜ ਵੀ ਉਹੀ ਹੈ, ਜੋ ਕਾਨੂੰਨ ਅਤੇ ਸਰਕਾਰ ਦਾ ਹੈ। ਧਰਮ ਇਕ ਅਜਿਹਾ ਮਾਧਿਅਮ ਹੈ, ਜਿਸਦੇ ਦੁਆਰਾ ਸਮਾਜ-ਵਿਵਸਥਾ ਨੂੰ ਬਣਾਈ ਰੱਖਣ ਲਈ ਸਮਾਜ, ਵਿਅਕਤੀ ਦੇ ਆਚਰਣ ਉਪਰ ਨਿਗਰਾਨੀ ਰੱਖਦਾ ਹੈ ਅਤੇ ਗਲਤ ਆਚਰਣ ਤੋਂ ਰੋਕਦਾ-ਟੋਕਦਾ ਵੀ ਹੈ। ਧਰਮ ਦੀ ਤੁਲਨਾ ਵਿਚ, ਸਰਕਾਰ ਅਤੇ ਕਾਨੂੰਨ ਸਮਾਜਿਕ ਨਿਯੰਤਰਣ ਦੀ ਉਮੀਦ ਮੁਤਾਬਕ ਉਪਯੋਗੀ ਸਾਧਨ ਨਹੀਂ ਹਨ। ਕਾਨੂੰਨ ਅਤੇ ਵਿਵਸਥਾ ਦਾ ਨਿਯੰਤਰਣ ਇੰਨਾ ਗਹਿਰਾ ਪ੍ਰਭਾਵ ਨਹੀਂ ਪਾਉਂਦਾ ਕਿ ਸਮਾਜ-ਵਿਵਸਥਾ ਨੂੰ ਸਥਿਰਤਾ ਪ੍ਰਦਾਨ ਕੀਤੀ ਜਾ ਸਕੇ। ਦੂਜੇ ਪਾਸੇ ਧਾਰਮਿਕ ਮਾਨਤਾ ਆਪਣੀ ਵਿਲੱਖਣਤਾ ਦੇ ਕਾਰਨ ਸਮਾਜਿਕ ਨਿਯੰਤਰਣ ਦਾ ਸਰਵਉੱਚ ਕਾਰਗਰ ਸਾਧਨ ਸਿੱਧ ਹੋਈ ਹੈ। ਕਾਨੂੰਨ ਅਤੇ ਸਰਕਾਰ ਨਾ ਤਾਂ ਉਨੇ ਕਾਰਗਰ ਸਿੱਧ ਹੋਏ ਹਨ ਅਤੇ ਨਾ ਹੀ ਹੋ ਸਕਦੇ ਹਨ। ਨਿਸ਼ਚਿਤ ਤੌਰ 'ਤੇ ਹੀ ਧਰਮ ਦੇ ਸਹਾਰੇ ਤੋਂ ਬਿਨਾਂ ਕਾਨੂੰਨ ਅਤੇ ਸਰਕਾਰ ਬਹੁਤ ਅਧੂਰੇ ਸਾਧਨ ਰਹਿ ਜਾਂਦੇ ਹਨ। ਧਰਮ ਸਭ ਤੋਂ ਬਲਸ਼ਾਲੀ ਸਮਾਜਿਕ ਗਰੂਤਾਕਰਸ਼ਣ ਹੈ ਅਤੇ ਉਸ ਤੋਂ ਬਗੈਰ ਸਮਾਜ-ਵਿਵਸਥਾ ਨੂੰ ਉਸਦੇ ਪਰਿਕਰਮਾ ਪੱਥ ਉਪਰ ਰੱਖਣਾ ਸੰਭਵ ਨਹੀਂ ਹੋਵੇਗਾ।''

ਇਕ ਸਮਾਂ ਉਹ ਵੀ ਸੀ ਜਦੋਂ ਇਨਸਾਨ ਨੂੰ ਕੁਦਰਤੀ ਆਫਤਾਂ ਆਉਣ ਦੇ ਪਿੱਛੇ ਕੀ ਕਾਰਨ ਹੈ, ਇਸਦੀ ਸਮਝ ਨਹੀਂ ਸੀ ਜਿਵੇਂ ਭੂਚਾਲ ਆਉਣਾ, ਬੱਦਲਾਂ ਦਾ ਗਰਜਣਾ, ਅਸਮਾਨੀ ਬਿਜਲੀ ਚਮਕਣੀ, ਬਾਰਿਸ਼ ਅਤੇ ਹੜ੍ਹ ਆਦਿ। ਉਸਨੂੰ ਸਮਝ ਨਹੀਂ ਆਉਂਦੀ ਸੀ ਕਿ ਇਹ ਕੀ ਹੋ ਰਿਹਾ ਹੈ ਜਾਂ ਕਿਵੇਂ ਹੋ ਰਿਹਾ ਹੈ। ਇਸ ਕਾਰਨ ਉਹ ਸਹਿਮ ਜਾਂਦਾ ਸੀ। ਉਸਨੇ ਕਲਪਨਾ ਕੀਤੀ ਕਿ ਸ਼ਾਇਦ ਇਸ ਸਭ ਦੇ ਪਿੱਛੇ ਕੋਈ ਅਜਿਹੀ ਆਦ੍ਰਿਸ਼ ਸ਼ਕਤੀ ਹੈ ਜੋ ਮੇਰੇ ਤੋਂ ਖਫ਼ਾ ਹੋ ਗਏ ਹੈ ਤੇ ਉਸਨੂੰ ਮਨਾਉਣ ਜਾਂ ਖੁਸ਼ ਕਰਨ ਲਈ ਉਸਨੇ ਤਰ੍ਹਾਂ-ਤਰ੍ਹਾਂ ਦੇ ਟੂਣੇ-ਟੋਟਕੇ ਜਾਂ ਕਰਮਕਾਂਡ ਕਰਨੇ ਸ਼ੁਰੂ ਕਰ ਦਿੱਤੇ। ਉਸ ਆਦ੍ਰਿਸ਼ ਸ਼ਕਤੀ ਨੂੰ ਪ੍ਰਸੰਨ ਕਰਨ ਲਈ ਜਾਂ ਉਸਦੇ ਪ੍ਰਕੋਪ ਤੋਂ ਬਚਣ ਲਈ ਉਹ ਉਸਨੂੰ ਕੁਝ ਨਾ ਕੁਝ ਭੇਂਟ ਕਰਨ ਲੱਗ ਪਿਆ। ਜਿਸ ਵਿਚ ਬੇਜ਼ੁਬਾਨ ਜਾਨਵਰਾਂ ਦੀਆਂ ਹੀ ਨਹੀਂ ਬਲਕਿ ਨਰ ਬਲੀਆਂ ਵੀ ਦਿੱਤੀਆਂ ਜਾਣ ਲੱਗ ਪਈਆਂ। ਕਬੀਲਿਆਂ ਵਿਚ ਔਝਾ ਪੈਦਾ ਹੋ ਗਏ ਜੋ ਆਪਣੇ ਕਬੀਲੇ ਜਾਂ ਸਮੂਹ ਨੂੰ ਕਿਸੇ ਵੀ ਤਰ੍ਹਾਂ ਦੀ ਆਫਤ ਤੋਂ ਬਚਾਉਣ ਲਈ ਨੁਮਾਇੰਦਗੀ ਕਰਨ ਦਾ ਦਾਅਵਾ ਕਰਨ ਲੱਗ ਪਏ। ਮੰਤਰ-ਜਾਪ, ਯੱਗ, ਪੂਜਾ-ਪਾਠ ਆਦਿ ਵਜੂਦ ਵਿਚ ਆ ਗਏ। ਅਜਿਹੇ ਸਮਿਆਂ ਵਿਚ ਇਹੀ ਯੱਗ, ਬਲੀ, ਪੂਜਾ ਪਾਠ ਆਦਿ ਕਰਮਕਾਂਡ ਧਰਮ ਦਾ ਰੂਪ ਸਨ। ਹੌਲੀ-ਹੌਲੀ ਉਸ ਆਦ੍ਰਿਸ਼ ਸ਼ਕਤੀ ਨੂੰ ਵੱਖ-ਵੱਖ ਰੂਪਾਂ ਵਿਚ ਮੰਨਣਾ ਸ਼ੁਰੂ ਕਰ ਦਿੱਤਾ ਗਿਆ। ਖਾਸ ਤੌਰ 'ਤੇ ਜਿਵੇਂ ਭਾਰਤ ਵਿਚ ਬਾਹਰੋਂ ਆ ਕੇ ਵੱਸੇ ਬ੍ਰਾਹਮਣਾਂ ਦੁਆਰਾ ਇਸ ਸ੍ਰਿਸ਼ਟੀ ਦੇ ਰਚਣਹਾਰੇ ਦੇ ਰੂਪ ਵਿਚ ਬ੍ਰਹਮਾ ਦੀ ਕਲਪਨਾ, ਸ੍ਰਿਸ਼ਟੀ ਨੂੰ ਚਲਾਉਣ ਵਾਲੇ ਨੂੰ ਵਿਸ਼ਨੂੰ ਅਤੇ ਇਸਦਾ ਵਿਨਾਸ਼ ਕਰਨ ਵਾਲੇ ਨੂੰ ਸ਼ਿਵ ਆਖਿਆ ਗਿਆ। ਬ੍ਰਹਮਾ ਦੀ ਕਲਪਨਾ ਦੇ ਨਾਲ ਹੀ ਬ੍ਰਾਹਮਣਾਂ ਦੁਆਰਾ ਵਰਣ ਵਿਵਸਥਾ ਨੂੰ ਵਜੂਦ ਵਿਚ ਲਿਆਂਦਾ ਗਿਆ। ਇਸਦੇ ਆਧਾਰ 'ਤੇ ਹੀ ਸਮਾਜ ਨੂੰ ਉਪਰ-ਥੱਲੇ ਚਾਰ ਹਿੱਸਿਆਂ ਵਿਚ ਵੰਡਿਆ ਗਿਆ। ਇਹਨਾਂ ਵਰਣਾਂ ਦੇ ਆਧਾਰ 'ਤੇ ਹੀ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਨੂੰ ਵੰਡਿਆ ਗਿਆ। ਜੋ ਜ਼ਿੰਮੇਵਾਰੀ ਜਾਂ ਅਧਿਕਾਰ ਬ੍ਰਾਹਮਣ ਨੇ ਆਪਣੇ ਕੋਲ ਸੁਰੱਖਿਅਤ ਕੀਤੇ ਉਸਨੂੰ ਹੀ ਉਸਨੇ ਬ੍ਰਾਹਮਣ ਧਰਮ ਆਖਿਆ। ਜੋ ਜ਼ਿੰਮੇਵਾਰੀ ਅਤੇ ਅਧਿਕਾਰ ਕਸ਼ੱਤਰੀ ਨੂੰ ਦਿੱਤੇ ਗਏ ਉਸਨੂੰ ਕਸ਼ੱਤਰੀ ਦਾ ਧਰਮ ਆਖਿਆ ਗਿਆ। ਇਸੇ ਤਰ੍ਹਾਂ ਵੈਸ਼ ਦਾ ਧਰਮ ਪ੍ਰੰਤੂ ਵਿਵਸਥਾ ਵਿਚ ਜਿਸਨੂੰ ਸ਼ੂਦਰ ਘੋਸ਼ਿਤ ਕੀਤਾ ਗਿਆ, ਉਸਨੂੰ ਕੇਵਲ ਜ਼ਿੰਮੇਵਾਰੀਆਂ ਦਿੱਤੀਆਂ ਗਈਆਂ। ਅਧਿਕਾਰ ਕੋਈ ਨਹੀਂ ਦਿੱਤਾ ਗਿਆ, ਦਿੱਤੀਆਂ ਗਈਆਂ ਇਹਨਾਂ ਜ਼ਿੰਮੇਵਾਰੀਆਂ ਦੀ ਪਾਲਣਾ ਕਰਨਾ ਹੀ ਉਸਦਾ ਧਰਮ ਹੋ ਗਿਆ। ਚਾਰੇ ਵਰਣਾਂ ਦੇ ਧਰਮਾਂ ਨੂੰ ਕੁੱਲ ਮਿਲਾ ਕੇ ਇਸਨੂੰ 'ਵਰਣ-ਆਸ਼ਰਮ ਧਰਮ' ਆਖਿਆ ਗਿਆ। ਇਸਦਾ ਸੰਸਥਾਪਕ ਕਿਉਂਕਿ ਕੋਈ ਇਕ ਵਿਅਕਤੀ ਨਾ ਹੋ ਕੇ ਬ੍ਰਾਹਮਣ ਵਰਗ ਸੀ, ਇਸ ਲਈ ਇਸਨੂੰ 'ਬ੍ਰਾਹਮਣ ਧਰਮ' ਆਖਿਆ ਜਾ ਸਕਦਾ ਹੈ, ਜਿਸਨੂੰ ਅੱਜਕਲ੍ਹ 'ਹਿੰਦੂ ਧਰਮ' ਆਖਿਆ ਜਾਂਦਾ ਹੈ। ਭਾਵੇਂ ਇਸ 'ਹਿੰਦੂ ਧਰਮ' (?) ਵਿਚ ਉਨ੍ਹਾਂ ਸਮਾਜਿਕ ਨੈਤਿਕ ਕਦਰਾਂ-ਕੀਮਤਾਂ ਦਾ ਕੋਈ ਨਾਮੋ-ਨਿਸ਼ਾਨ ਨਹੀਂ ਹੈ ਜਿਹੜੀਆਂ ਕਦਰਾਂ-ਕੀਮਤਾਂ ਦੁਨੀਆਂ ਦੇ ਕਿਸੇ ਵੀ ਧਰਮ ਦੀਆਂ ਬੁਨਿਆਦ, ਆਧਾਰ ਜਾਂ ਨਿਊ ਹੋਣੀਆਂ ਚਾਹੀਦੀਆਂ ਹਨ।

ਧਰਮ ਦੇ ਨਾਮ 'ਤੇ ਯੱਗਾਂ ਵਿਚ ਬੇਜ਼ੁਬਾਨ ਜਾਨਵਰਾਂ ਦੀ ਬਲੀ ਭਾਵ ਜੀਵ ਹੱਤਿਆ ਕਰਕੇ ਉਸਨੂੰ ਖਾਣ ਦੇ ਨਾਲ ਸੁਰਾ ਅਤੇ ਸੋਮਰਸ ਨਾਮ ਦੀ ਸ਼ਰਾਬ ਪੀਣੀ। ਸਮੁੱਚੀ ਨਾਰੀ ਨੂੰ ਵੀ ਸ਼ੂਦਰ ਗਰਦਾਨ ਕੇ ਉਸਨੂੰ ਆਪਣੀ ਹਵਸ ਦੀ ਪੂਰਤੀ ਦੇ ਲਈ ਉਸਨੂੰ ਕੇਵਲ ਉਪਭੋਗ ਦੀ ਵਸਤੂ ਬਣਾ ਕੇ ਦਿਨ ਰਾਤ ਉਸ ਨਾਲ ਵਿਭਚਾਰ ਕਰਨਾ। ਧਰਮ ਦੇ ਨਾਮ 'ਤੇ ਝੂਠ, ਕਪਟ, ਠੱਗੀ-ਠੋਰੀ, ਬੇਈਮਾਨੀ ਕਰਨੀ ਬ੍ਰਾਹਮਣ ਦਾ ਧਰਮ ਹੋ ਗਿਆ।

ਧਰਮ ਦੇ ਉਹ ਮੁੱਢਲੇ ਪੰਜ ਸਿਧਾਂਤ ਜਾਂ ਆਧਾਰ ਜਿਸਨੂੰ ਤਥਾਗਤ ਗੌਤਮ ਬੁੱਧ ਨੇ ਪੰਜ ਸ਼ੀਲ ਆਖਿਆ (1) ਜੀਵ ਹੱਤਿਆ ਨਹੀਂ ਕਰਨੀ, (2) ਕਿਸੇ ਪ੍ਰਕਾਰ ਦਾ ਨਸ਼ਾ ਨਹੀਂ ਕਰਨਾ, (3) ਵਿਭਚਾਰ ਨਹੀਂ ਕਰਨਾ, (4) ਝੂਠ ਨਹੀਂ ਬੋਲਣਾ ਅਤੇ (5) ਚੋਰੀ ਨਹੀਂ ਕਰਨੀ। ਬ੍ਰਾਹਮਣੀ ਧਰਮ ਇਨ੍ਹਾਂ ਪੰਜਾਂ ਸ਼ੀਲਾਂ ਦੇ ਬਿਲਕੁਲ ਉਲਟਾ ਆਚਰਣ ਕਰਦਾ ਸੀ ਤੇ ਅੱਜ ਵੀ ਕਰ ਰਿਹਾ ਹੈ। ਇਸੇ ਕਰਕੇ ਅਸੀਂ ਵੇਖਦੇ ਹਾਂ ਕਿ ਸਿਧਾਰਥ ਗੌਤਮ ਬੁੱਧ ਦੁਆਰਾ ਦੱਸੇ ਧਰਮ ਦੇ ਇਹ ਮੁੱਢਲੇ ਸ਼ੀਲ-ਸਦਾਚਾਰ ਦੇ ਇਹ ਗੁਣ ਬ੍ਰਾਹਮਣੀ ਧਰਮ ਦੇ ਕਿਸੇ ਵੀ ਦੇਵੀ-ਦੇਵਤਾ ਦੇ ਆਚਰਣ ਵਿਚ ਵਿਖਾਈ ਨਹੀਂ ਦਿੰਦੇ। ਇਕ ਤਰ੍ਹਾਂ ਨਾਲ ਅਧਰਮ ਨੂੰ ਹੀ ਧਰਮ ਅਤੇ ਅਧਾਰਮਿਕ ਆਰਚਣ ਨੂੰ ਹੀ ਧਾਰਮਿਕ ਆਚਰਣ ਆਖਿਆ ਗਿਆ। ਅਸੱਭਿਅਕ ਲੋਕ ਬਾਹਰੋਂ ਆ ਕੇ ਆਪਣੇ ਆਪ ਨੂੰ ਸੱਭਿਅਕ ਅਤੇ ਭਾਰਤੀ ਭੂਮੀ-ਪੁੱਤਰਾਂ ਨੂੰ ਅਸੱਭਿਅਕ ਘੋਸ਼ਿਤ ਕਰਨ ਦੀ ਕੋਸ਼ਿਬ ਕਰਦੇ ਰਹੇ ਜੋ ਅੱਜ ਵੀ ਜਾਰੀ ਹੈ। ਬ੍ਰਾਹਮਣੀ ਕਦਰਾਂ-ਕੀਮਤਾਂ ਅਤੇ ਭਾਰਤੀ ਕਦਰਾਂ-ਕੀਮਤਾਂ ਦੀ ਸਥਾਪਨਾ ਨੂੰ ਲੈ ਕੇ ਜੋ ਸਿਧਾਂਤਕ ਅਤੇ ਵਿਚਾਰਧਾਰਕ ਸੰਘਰਸ਼ ਤਥਾਗਤ ਗੌਤਮ ਬੁੱਧ ਨੇ ਸ਼ੁਰੂ ਕੀਤਾ, ਉਹ ਸੰਘਰਸ਼ ਮੱਧ-ਕਾਲ ਦੇ ਸੰਤਾਂ ਮਹਾਂਪੁਰਸ਼ਾਂ ਤੋਂ ਹੁੰਦਾ ਹੋਇਆ ਆਧੁਨਿਕ ਕਾਲ ਵਿਚ ਬਾਬਾ ਸਾਹਿਬ ਡਾ. ਅੰਬੇਡਕਰ ਤੇ ਉਨ੍ਹਾਂ ਤੋਂ ਬਾਅਦ ਅੱਜ ਵਰਤਮਾਨ ਵਿਚ ਵੀ ਨਿਰੰਤਰ ਜਾਰੀ ਹੈ। ਇਹ ਸਿਧ-ਾਂਤਕ ਅਤੇ ਵਿਚਾਰਧਾਰਕ ਲੜਾਈ ਉਦੋਂ ਤੱਕ ਚਲਦੀ ਰਹੇਗੀ, ਜਦੋਂ ਤੱਕ ਭਾਰਤੀ ਮੂਲ ਨਿਵਾਸੀ ਆਪਣੀਆਂ ਮੁੱਢਲੀਆਂ ਸਮਾਜਿਕ ਨੈਤਿਕ ਕਦਰਾਂ-ਕੀਮਤਾਂ ਨੂੰ ਸਥਾਪਤ ਨਹੀਂ ਕਰ ਲੈਂਦੇ। ਅਸਲ ਵਿਚ ਇਹ ਸੰਘਰਸ਼ 'ਧਰਮ' ਅਤੇ 'ਅਧਰਮ' ਵਿਚਕਾਰ ਹੈ। ਜਿਹੜਾ ਵਿਅਕਤੀ ਨੈਤਿਕਤਾ, ਸ਼ੀਲ-ਸਦਾਚਾਰ ਦੇ ਇਨ੍ਹਾਂ ਮਾਨਵੀ ਮੁੱਲਾਂ ਨੂੰ ਪਹਿਲਾਂ ਆਪਣੇ ਨਿੱਜੀ ਜੀਵਨ ਵਿਚ, ਫਿਰ ਸਮਾਜਿਕ ਜੀਵਨ ਵਿਚ ਸਥਾਪਤ ਕਰਨ ਦੀ ਜੱਦੋ-ਜਹਿਦ ਕਰਦਾ ਹੈ, ਅਸਲ ਵਿਚ ਉਹ 'ਧਰਮ ਯੋਧਾ' ਹੈ ਕਿਉਂਕਿ ਇਹ ਲੜਾਈ 'ਧਰਮ-ਰਾਜ' ਦੀ ਸਥਾਪਨਾ ਕਰਨ ਲਈ ਹੈ।

ਅਕਸਰ ਅਜਿਹਾ ਸਮਝਿਆ ਜਾਂਦਾ ਹੈ ਕਿ ਜਿਹੜਾ ਵਿਅਕਤੀ ਵੱਧ ਤੋਂ ਵੱਧ ਮੰਦਿਰ, ਮਸਜਿਦ, ਗੁਰਦੁਆਰੇ, ਬੁੱਧ ਵਿਹਾਰ ਜਾਂ ਚਰਚ ਆਦਿ ਵਿਚ ਜਾਂਦਾ ਹੈ। ਟੱਲੀਆਂ ਵਜਾਵੁਣਾ, ਮੱਥੇ ਟੇਕਣਾ, ਨਮਾਜ਼ ਅਦਾ ਕਰਨੀ, ਸ਼ਬਦ ਸਿਮਰਨ ਕਰਨਾ, ਵੰਦਨਾ ਕਰਨੀ ਜਾਂ ਪ੍ਰਾਰਥਨਾ ਆਦਿ ਕਰਨੀ ਧਾਰਮਿਕ ਵਿਅਕਤੀ ਦੇ ਲੱਛਣ ਸਮਝੇ ਜਾਂਦੇ ਹਨ। ਧਰਮ-ਗ੍ਰੰਥਾਂ ਦੀ ਤੋਤਾ-ਰੱਟ ਲਗਾਉਣ ਵਾਲੇ ਨੂੰ ਇਕ ਤਰ੍ਹਾਂ ਨਾਲ ਬਹੁਤ ਵੱਡਾ ਗਿਆਨੀ ਜਾਂ ਦਾਰਸ਼ਨਿਕ ਸਮਝਿਆ ਜਾਂਦਾ ਹੈ। ਪ੍ਰੰਤੂ ਭਾਰਤੀ ਸ਼੍ਰਮਣ ਸੰਸਕ੍ਰਿਤੀ ਜਿਸ ਵਿਚ ਤਥਾਗਤ ਗੌਤਮ ਬੁੱਧ, ਮਹਾਂਵੀਰ ਜੈਨ, ਸਤਿਗੁਰੂ ਕਬੀਰ, ਗੁਰੂ ਰਵਿਦਾਸ ਅਤੇ ਸੰਤ ਨਾਮਦੇਵ ਆਦਿ ਮਹਾਂਪੁਰਸ਼ ਇਨ੍ਹਾਂ ਲਿਫਾਫੇਬਾਜ਼ੀਆਂ ਨੂੰ ਧਰਮ ਨਹੀਂ ਸਮਝਦੇ ਸਨ। ਉਹ ਤਾਂ ਸ਼ੀਲ-ਸਦਾਚਾਰ ਅਤੇ ਨੈਤਿਕ ਕਦਰਾਂ-ਕੀਮਤਾਂ ਨੂੰ 'ਧਰਮ' ਆਖਦੇ ਸਨ ਤੇ ਇਨ੍ਹਾਂ ਕਦਰਾਂ-ਕੀਮਤਾਂ ਦੀ ਪਾਲਣਾ ਕਰਨ ਵਾਲੇ ਨੂੰ ਹੀ ਧਾਰਮਿਕ ਵਿਅਕਤੀ ਸਮਝਦੇ ਸਨ। ਸ਼ੀਲ ਸਦਾਚਾਰ ਤੋਂ ਸੱਖਣਾ ਵਿਅਕਤੀ ਲੱਖ ਆਪਣੇ-ਆਪ ਨੂੰ ਬੋਧੀ, ਜੈਨੀ, ਮੁਸਲਿਮ, ਸਿੱਖ, ਇਸਾਈ ਆਖੀ ਜਾਵੇ, ਉਹ ਇਹ ਸਭ ਕੁਝ ਤਾਂ ਹੋ ਸਕਦਾ ਹੈ ਪਰ 'ਧਾਰਮਿਕ' ਨਹੀਂ।

ਧਰਮ ਇਨਸਾਨ ਨੂੰ ਸਿਖਾਉਂਦਾ ਹੈ ਕਿ ਇਕ ਇਨਸਾਨ ਦੂਸਰੇ ਇਨਸਾਨ ਨਾਲ ਕਿਹੋ ਜਿਹੇ ਸਬੰਧ ਹੋਣੇ ਚਾਹੀਦੇ ਹਨ। ਕੇਵਲ ਇਨਸਾਨ ਨਾਲ ਹੀ ਨਹੀਂ ਇਸ ਤੋਂ ਅੱਗੇ ਦੂਸਰੇ ਸਭ ਜੀਵਾਂ ਪਸ਼ੂ-ਪੰਛੀਆਂ ਅਤੇ ਬਨਾਸਪਤੀ ਦੀ ਸਾਂਭ-ਸੰਭਾਲ ਕਰਨ ਦੀ ਸੇਧ ਵੀ ਦਿੰਦਾ ਹੈ। ਧਰਮ ਸਿਖਾਉਂਦਾ ਹੈ ਕਿ ਨਾ ਤੁਸੀਂ ਕਿਸੇ ਦੂਸਰੇ ਇਨਸਾਨ ਨਾਲ ਗੈਰ-ਬਰਾਬਰੀ ਦਾ ਵਿਵਹਾਰ ਕਰੋ ਤੇ ਨਾ ਹੀ ਹੋਣ ਦੇਵੋ। ਧਰਮ ਸਿਖਾਉਂਦਾ ਹੈ ਕਿ ਤੁਸੀਂ ਨਾ ਤਾਂ ਕਿਸੇ ਦੇ ਗੁਲਾਮ ਬਣੋ ਅਤੇ ਨਾ ਕਿਸੇ ਨੂੰ ਗੁਲਾਮ ਬਣਾਓ। ਧਰਮ ਸਿਖਾਉਂਦਾ ਹੈ ਕਿ ਨਾ ਤੁਸੀਂ ਕਿਸੇ ਨਾਲ ਨਫਰਤ ਕਰੋ ਅਤੇ ਨਾ ਹੀ ਕਿਸੇ ਨੂੰ ਨਫਰਤ ਫੈਲਾਉਣ ਦੇਵੋ।

ਧਰਮ ਸਿਖਾਉਂਦਾ ਹੈ ਕਿ ਨਾ ਤਾਂ ਤੁਸੀਂ ਕਿਸੇ ਉਪਰ ਜਬਰ ਜ਼ੁਲਮ ਕਰੋ ਅਤੇ ਨਾ ਹੀ ਜਬਰ-ਜ਼ੁਲਮ ਸਹਿਣ ਕਰੋ ਅਤੇ ਨਾ ਹੀ ਜਬਰ-ਜ਼ੁਲਮ ਹੋਣ ਦੇਵੋ। ਧਰਮ ਉਹੀ ਹੈ ਜੋ ਸਮਾਨਤਾ, ਸੁਤੰਤਰਤਾ, ਭਾਈਚਾਰੇ ਅਤੇ ਨਿਆਂ ਦਾ ਸਮਰਥਨ ਕਰਦਾ ਹੈ। ਕੋਈ ਵਿਅਕਤੀ ਜਾਂ ਵਿਅਕਤੀ ਸਮੂਹ ਇਨ੍ਹਾਂ ਚਾਰੇ ਮੁੱਲਾਂ ਵਿਚ ਵਿਸ਼ਵਾਸ ਰੱਖਦੇ ਹੋਏ ਇਹਨਾਂ ਨੂੰ ਸਥਾਪਤ ਕਰਨ ਦਾ ਮਹਾਨ ਕਾਰਜ ਕਰਦਾ ਹੈ ਤਾਂ ਇਸ ਗੱਲ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ ਕਿ ਜਬਰ-ਜ਼ੁਲਮ ਭਾਵੇਂ ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਕੋਈ ਵਿਅਕਤੀ ਜਾਂ ਕੋਈ ਵਿਸ਼ੇਸ਼ ਵਰਗ ਦੂਸਰੇ ਵਿਅਕਤੀ ਜਾਂ ਵਰਗ ਉਪਰ ਕਰ ਰਿਹਾ ਹੋਵੇ, ਅਸੀਂ ਉਸਦੇ ਖਿਲਾਫ ਖੜ੍ਹੇ ਹੋਵਾਂਗੇ। ਭਾਵੇਂ ਇਕ ਭਰਾ ਆਪਣੇ ਦੂਸਰੇ ਭਰਾ ਨਾਲ ਹੀ ਅੱਨਿਆ ਕਿਉਂ ਨਾ ਕਰ ਰਿਹਾ ਹੋਵੇ। ਨਾ ਅੱਨਿਆ ਕਰਾਂਗੇ, ਨਾ ਅੱਨਿਆ ਕਰਨ ਦੇਵਾਂਗੇ ਅਤੇ ਨਾ ਹੀ ਅੱਨਿਆ ਸਹਿਣ ਕਰਾਂਗੇ। ਇਹੀ ਸਿਧਾਂਤ ਸਮਾਨ ਰੂਪ ਨਾਲ ਸਮਾਨਤਾ, ਸੁਤੰਤਰਤਾ ਅਤੇ ਭਾਈਚਾਰੇ ਦੇ ਮੁੱਲਾਂ ਉਪਰ ਲਾਗੂ ਹੁੰਦੇ ਹਨ। 'ਧਰਮ' ਅਤੇ 'ਧਾਰਮਿਕ ਵਿਅਕਤੀ' ਦਾ ਇਹੀ ਕਾਰਜ ਹੈ। ਇਹੀ ਧਰਮ ਦੀ ਉਪਯੋਗਤਾ ਹੈ।

ਧਰਮ ਦੇ ਨਾਮ 'ਤੇ ਹੀ ਦੁਨੀਆਂ ਵਿਚ ਅਮਨ, ਸੁੱਖ-ਸ਼ਾਂਤੀ ਅਤੇ ਸਦਭਾਵਨਾ ਦੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ ਅਤੇ ਧਰਮਾਂ ਦੇ ਨਾਮ 'ਤੇ ਹੀ ਸੰਪਰਦਾਇਕਤਾ, ਨਫਰਤ, ਹਿੰਸਾ, ਦੰਗੇ-ਫਸਾਦ ਕਰਵਾਏ ਜਾਂਦੇ ਹਨ। ਅਜਿਹੇ ਘਿਨੌਣੇ ਕਾਰਨਾਮੇ ਕਰਨ ਵਾਲੇ ਆਪਣੇ-ਆਪ ਨੂੰ ਧਰਮ ਦੇ ਠੇਕੇਦਾਰ ਅਖਵਾਉਂਦੇ ਹਨ। ਅੱਜ ਜ਼ਰੂਰਤ ਹੈ ਇਹਨਾਂ 'ਅਧਾਰਮਿਕ' ਤਾਕਤਾਂ ਨੂੰ ਨੱਥ ਪਾਉਣ ਦੀ, ਨਹੀਂ ਤਾਂ ਇਹ ਸਵਾਰਥੀ ਅਤੇ ਖੁਦਗਰਜ਼ ਲੋਕ ਜਿਹਨਾਂ ਅੰਦਰ ਇਨਸਾਨੀਅਤ ਨਾਮ ਦੀ ਕੋਈ ਚੀਜ਼ ਨਹੀਂ ਹੈ, ਉਹ ਆਪਣੇ ਘਟੀਆ ਰਾਜਨੀਤਿਕ ਮਨਸੂਬਿਆਂ ਨੂੰ ਅੰਜ਼ਾਮ ਦੇਣ ਲਈ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ। ਹਜ਼ਾਰਾਂ ਬੇਕਸੂਰ ਲੋਕਾਂ ਨੂੰ ਮੌਤ ਦੇ ਘਾਟ ਉਤਾਰਨਾ, ਮਜ਼ਲੂਮ ਧੀਆਂ-ਭੈਣਾਂ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਣਾ, ਉਨ੍ਹਾਂ ਦੀ ਧਨ-ਸੰਪਤੀ ਨੂੰ ਅੱਗ ਦੇ ਹਵਾਲੇ ਕਰ ਦੇਣਾ ਤਾਂ ਕਿ ਇਨ੍ਹਾਂ ਦੀ ਖੇਡ ਹੁੰਦੀ ਹੈ।

ਅਜਿਹੇ 'ਸ਼ੈਤਾਨ' ਲੋਕ ਧਰਮ ਦਾ ਮੁਖੌਟਾ ਪਹਿਨ ਕੇ ਸਧਾਰਨ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾ ਕੇ ਆਪਣਾ ਸਮਾਜਿਕ-ਰਾਜਨੀਤਿਕ ਅਤੇ ਆਰਥਿਕ ਵਰਚਸਵ ਸਥਾਪਤ ਕਰਨ ਦੀਆਂ ਕੋਝੀਆਂ ਸਾਜਿਸ਼ਾਂ ਰਚਦੇ ਰਹਿੰਦੇ ਹਨ। ਅੱਜ ਜ਼ਰੂਰਤ ਹੈ ਆਪਣੀ ਜਾਤ, ਸੰਪਰਦਾਇ ਅਤੇ ਖੇਤਰਵਾਦ ਦਾ ਭਾਵਨਾ ਤੋਂ ਉਪਰ ਉੱਠ ਕੇ ਸਮਾਜ ਦੇ ਬੁੱਧੀਜੀਵੀਆਂ ਨੂੰ ਇਕ ਮੰਚ ਉਪਰ ਆਉਣ ਦੀ, ਤਾਂ ਜੋ ਸਧਾਰਨ ਜਨਤਾ ਨੂੰ ਜਾਗ੍ਰਿਤ ਅਤੇ ਸੰਗਠਿਤ ਕਰਕੇ ਇਨ੍ਹਾਂ ਅਮਾਨਵੀ ਤਾਕਤਾਂ ਦਾ ਨਿਪਟਾਰਾ ਕੀਤਾ ਜਾ ਸਕੇ।

# ਬਦਨਾਮ ਜੇਲ੍ਹਾਂ, ਜਿੱਥੇ ਜਾਨਵਰਾਂ ਤੋਂ ਵੀ ਮਾੜੀ ਰਹੀ ਹੈ ਕੈਦੀਆਂ ਦੀ ਹਾਲਤ

ਫਿਲੀਪੀਨਜ਼ ਵਿਚ ਪਿਛਲੇ ਚਾਰ ਸਾਲਾਂ ਪਹਿਲਾਂ ਡ੍ਰਗ ਵਾਰ ਛਿੜੀ ਹੋਈ ਸੀ। ਉਦੋਂ ਤੋਂ ਤਕਰੀਬਨ ਢਾਈ ਹਜ਼ਾਰ ਤੋਂ ਜ਼ਿਆਦਾ ਲੋਕ ਇਸ ਵਿਚ ਆਪਣੀ ਜਾਨ ਗੁਆ ਚੁੱਕੇ ਹਨ। ਉਥੇ ਹੀ ਵੱਡੀ ਗਿਣਤੀ ਵਿਚ ਲੋਕਾਂ ਨੇ



ਸਰੈਂਡਰ ਵੀ ਕੀਤਾ ਹੈ, ਜਿਹਨਾਂ ਨੂੰ ਕਵੀਜੋਨ ਸਿਟੀ ਜੇਲ੍ਹ ਵਿਚ ਰੱਖਿਆ ਗਿਆ ਹੈ। ਇਸ ਜੇਲ੍ਹ ਵਿਚ ਪਹਿਲਾਂ ਹੀ ਸਮਰੱਥਾ ਤੋਂ ਜ਼ਿਆਦਾ ਕੈਦੀ ਰਹਿ ਰਹੇ ਹਨ। ਹੁਣ ਡ੍ਰਗਸ ਦੇ ਖਿਲਾਫ ਵਾਰ ਦੇ ਕਾਰਨ ਇਸ ਵਿਚ ਕੈਦੀਆਂ ਦੀ ਗਿਣਤੀ ਹਰ ਦਿਨ ਵੱਧ ਰਹੀ ਹੈ। ਇਸ ਕਾਰਨ ਜੇਲ੍ਹ ਵਿਚ ਕੈਦੀਆਂ ਦੀ ਹਾਲਤ ਜਾਨਵਰਾਂ ਤੋਂ ਵੀ ਮਾੜੀ ਹੋ ਗਈ ਹੈ।

ਮਨੀਲਾ ਦੀ ਕਵੀਜੋਨ ਸਿਟੀ ਜੇਲ੍ਹ ਫਿਲੀਪੀਨਜ਼ ਦੁਨੀਆਂ ਦੀ ਸਭ ਤੋਂ ਬਦਨਾਮ ਜੇਲ੍ਹਾਂ ਵਿਚੋਂ ਇਕ ਹੈ। 800 ਕੈਦੀਆਂ ਦੇ ਰਹਿਣ ਦੇ ਲਈ ਬਣਾਈ ਗਈ ਜੇਲ੍ਹ ਵਿਚ ਇਸ ਵਕਤ 3800 ਤੋਂ ਜ਼ਿਆਦਾ ਕੈਦੀ ਹਨ। ਯਾਨਿ ਜੇਲ੍ਹ ਵਿਚ 20 ਲੋਕਾਂ ਦੇ ਰਹਿਣ ਲਈ ਬਣੀ ਸੈਲ ਵਿਚ 160 ਤੋਂ 200 ਕੈਦੀ ਰਹਿ ਰਹੇ ਹਨ। ਹਾਲਾਤ ਇਹ ਹਨ ਕਿ ਜੇਲ੍ਹ ਵਿਚ ਸੌਣ ਦੇ ਲਈ ਫਰਸ਼ ਦਾ ਇਕ ਕੋਨਾ ਵੀ ਲੱਭਣਾ ਮੁਸ਼ਕਿਲ ਹੈ। ਕੈਦੀ ਬਾਸਕਟਬਾਲ ਦੇ ਓਪਨ ਕੋਰਟ ਵਿਚ ਟੂਟੀ ਫਰਸ਼, ਪੌੜੀਆਂ ਅਤੇ ਬੈਡ ਦੇ ਹੇਠਾਂ ਤੱਕ ਸੌਣ ਲਈ ਮਜਬੂਰ ਹਨ। ਜੇਲ੍ਹ ਵਿਚ ਵੈਂਟੀਲੇਸ਼ਨ ਦਾ ਕੋਈ ਇੰਤਜ਼ਾਮ ਨਹੀਂ ਹੈ ਅਤੇ ਸਮਰੱਥਾ ਤੋਂ ਜ਼ਿਆਦਾ ਕੈਦੀਆਂ ਦੇ ਕਾਰਨ ਹਰ ਪਾਸੇ ਗੰਦਗੀ ਹੈ। ਇਹ ਜੇਲ੍ਹ ਛੇ ਦਹਾਕੇ ਪਹਿਲਾਂ ਬਣੀ ਸੀ ਅਤੇ ਇੱਥੇ ਉਹ ਅਪਰਾਧੀ ਰੱਖੇ ਜਾਂਦੇ ਹਨ, ਜਿਹਨਾਂ ਦੇ ਕੇਸ ਅਦਾਲਤ ਵਿਚ ਹਨ। ਜੇਲ੍ਹ ਵਿਚ ਰਹਿ ਰਹੇ ਕੈਦੀ ਹੀ ਇੱਥੇ ਖਾਣਾ ਬਣਾਉਣ ਤੋਂ ਲੈ ਕੇ ਬਾਕੀ ਕੰਮ ਕਰਦੇ ਹਨ। ਯੈਲੋ ਟੀ-ਸ਼ਰਟ ਵਾਲੀ ਯੂਨੀਫਾਰਮ ਵਿਚ ਇਹ ਡਾਂਸਿੰਗ ਕੰਟੈਸਟ ਤੋਂ ਲੈ ਕੇ ਬਾਸਕਟਬਾਲ ਤੱਕ ਸਾਰੀਆਂ ਚੀਜ਼ਾਂ ਵਿਚ ਪਾਰਟੀਸੀਪੇਟ ਕਰਦੇ ਹਨ।

**ਇੱਥੇ ਜ਼ਿੰਦਗੀ ਦਾ ਹਰ ਪਲ ਮੌਤ ਵਰਗਾ**

ਕਤਲ ਦੇ ਗਲਤ ਦੋਸ਼ ਵਿਚ 7 ਸਾਲ ਜੇਲ੍ਹ ਦੀ ਸਜ਼ਾ ਕੱਟਣ ਵਾਲੇ ਸਾਬਕਾ ਕੈਦੀ ਰੇਮੰਡ ਨਾਰੰਗ ਨੇ ਵੀ ਇੱਥੇ ਆਪਣੇ ਤਜਰਬੇ ਸ਼ੇਅਰ ਕੀਤੇ ਹਨ। ਅਮਰੀਕੀ ਯੂਨੀਵਰਸਿਟੀ ਤੋਂ ਕ੍ਰਿਮੀਨਲ ਜਸਟਿਸ ਦੀ ਪੜ੍ਹਾਈ ਕਰਨ ਵਾਲੇ ਰੇਮੰਡ ਦੀ ਕਿਤਾਬ ਦਾ ਨਾਂ 'ਫ੍ਰੀਡਮ ਐਂਡ ਡੈਥ ਇਨਸਾਈਡ ਦਾ ਜੇਲ੍ਹ' ਹੈ।

ਇਸ ਕਿਤਾਬ ਵਿਚ ਲਿਖੇ ਉਹਨਾਂ ਦੇ ਤਜਰਬੇ ਦੇ ਮੁਤਾਬਕ, ਜ਼ਿੰਦਗੀ ਦਾ ਹਰ ਸਾਲ ਉਥੇ ਮੈਂ ਮੌਤ ਵਾਂਗ ਕੱਟਿਆ ਹੈ। ਰੇਮੰਡ ਮੁਤਾਬਕ ਇੱਥੇ ਖਾਣਾ ਬਣਾਉਣ ਦੇ ਲਈ ਜੋ ਰਾਸ਼ਨ ਮਿਲਦਾ ਸੀ, ਉਸ ਵਿਚ ਵੀ ਰਾਸ਼ਨ ਤੋਂ ਜ਼ਿਆਦਾ ਕੀੜੇ ਹੁੰਦੇ ਸਨ। ਇਸ ਰਾਸ਼ਨ ਦੇ ਮਿਲਣ ਦਾ ਵੀ ਕੋਈ ਵਕਤ ਤਹਿ ਨਹੀਂ ਸੀ। ਇਹ ਕਿਸੇ ਵੀ ਵਕਤ ਦਿੱਤਾ ਜਾਂਦਾ ਸੀ।

# ਰੇਤ ਦੇ ਟਿੱਲਿਆਂ 'ਚ ਘਿਰਿਆ ਹੈ ਇਹ ਪਿੰਡ

ਪੇਰੂ ਵਿਚ ਉਚੇ ਰੇਤ ਦੇ ਟਿੱਲਿਆਂ ਵਿਚਕਾਰ ਵੱਸਿਆ ਹੈ ਹੂਆਕਚਿਨਾ ਪਿੰਡ। ਇਹ ਨਾਂ ਦਾ ਹੀ ਪਿੰਡ ਹੈ ਪਰ ਚੰਗੇ ਸ਼ਹਿਰੀ ਕਸਬੇ ਵਰਗਾ ਹੈ। ਜ਼ਰੂਰਤ ਦੀਆਂ ਸਾਰੀਆਂ ਚੀਜ਼ਾਂ ਇੱਥੇ ਉਪਲਬਧ ਹਨ ਅਤੇ ਹੈਰਾਨੀ ਵਾਲੀ ਗੱਲ ਇਹ ਹੈ ਕਿ ਵਿਚਕਾਰ ਬਹੁਤ ਵੱਡਾ ਕੁਦਰਤੀ ਤਲਾਬ ਵਾਤਾਵਰਣ ਦੀ ਖ਼ੂਬਸੂਰਤੀ ਵਧਾਉਂਦਾ ਹੈ। ਉਥੇ ਹੀ ਝੀਲ ਵਿਚ ਬੋਟਿੰਗ ਕਰਨ ਦਾ ਹੀ ਅਲੱਗ ਮਜ਼ਾ ਹੈ। ਰੇਤ ਤੇ ਟਿੱਲੇ ਹੋਣ ਦੇ ਬਾਵਜੂਦ ਮੌਸਮ ਹਮੇਸ਼ਾ ਸੁਹਾਵਣਾ ਰਹਿੰਦਾ ਹੈ। ਇਯ ਕਰਕੇ ਇੱਥੇ ਸਾਲ ਭਰ ਸੈਲਾਨੀਆਂ ਦੀ ਭਰਮਾਰ ਹੁੰਦੀ ਹੈ।



ਮਾਨਤਾ ਹੈ ਕਿ ਇੱਥੋਂ ਦੇ ਪਾਣੀ ਅਤੇ ਰੇਤ ਵਿਚ ਆਰਥਰਾਈਟਿਸ, ਅਸਥਮਾ, ਖੰਘ ਆਦਿ ਦੇ ਇਲਾਜ ਦੀ ਸ਼ਕਤੀ ਹੈ, ਇਸ ਕਰਕੇ ਲੋਕ ਤਲਾਬ ਵਿਚ ਨਹਾਉਣ ਤੋਂ ਬਾਅਦ ਸਰੀਰ 'ਤੇ ਰੇਤ ਲਗਾਉਂਦੇ ਹਨ।

**ਹੂਆਕਾਚੀਨਾ ਦੇ ਚਾਰੇ ਪਾਸੇ ਸਿਰਫ ਰੇਤ ਹੀ ਰੇਤ**

ਹੂਆਕਾਚੀਨਾ ਨੂੰ ਧਰਤੀ 'ਤੇ ਸਭ ਤੋਂ ਖੁਸ਼ਕ ਸਥਾਨਾਂ ਵਿਚੋਂ ਇਕ ਮੰਨਿਆ ਜਾਂਦਾ ਹੈ ਪਰ ਇਹ ਸਥਾਨ ਸੈਰ ਸਪਾਟਾ ਅਤੇ ਆਪਣੇ ਬੇਹਿਸਾਬ ਕੁਦਰਤੀ ਸੁਹੱਪਣ ਦੇ ਲਈ ਦੁਨੀਆਂ ਭਰ ਵਿਚ ਮਸ਼ਹੂਰ ਹੈ। ਇਹ ਸੈਰ ਸਪਾਟਾ ਸਥਾਨ ਇਕ ਕੁਦਰਤੀ ਝੀਲ ਦੇ ਚਾਰੇ ਪਾਸੇ ਵੱਸਿਆ ਹੈ ਅਤੇ ਹੂਆਕਾਚੀਨਾ ਦੇ ਚਾਰੇ ਪਾਸੇ ਸਿਰਫ ਰੇਤ ਹੀ ਰੇਤ ਹੈ। ਇਸ ਝੀਲ ਦੇ ਚਾਰੇ ਪਾਸੇ ਵੱਸੇ ਲੋਕ ਸਥਾਨਕ ਹੀ ਹਨ। ਇੱਥੇ ਆਉਣ ਵਾਲੇ ਸੈਲਾਨੀ ਰੇਤ ਦੇ ਟੀਲਿਆਂ 'ਤੇ ਛੋਟੀਆਂ ਗੱਡੀਆਂ ਨਾਲ ਸੈਰ ਕਰਨਾ ਨਹੀਂ ਭੁੱਲਦੇ ਹਨ। ਸੈਲਾਨੀਆਂ ਦੇ ਲਈ ਭਰਪੂਰ ਹਰਿਆਲੀ ਦੇ ਨਾਲ ਹੋਟਲ, ਦੁਕਾਨਾਂ, ਲਾਇਬ੍ਰੇਰੀ ਵਰਗੀਆਂ ਸਾਰੀਆਂ ਸਹੂਲਤਾਂ ਹਨ।

# ਪਦਾਰਥਵਾਦੀ ਸੋਚ ਨੇ ਮਨੁੱਖੀ ਕਦਰਾਂ-ਕੀਮਤਾਂ ਤੇ ਇਨਸਾਨੀਅਤ ਨੂੰ ਕੀਤਾ ਲੀਰੋ-ਲੀਰ

ਪਦਾਰਥਾਂ ਦਾ ਸੰਗ੍ਰਹਿ ਕਰਨ ਦੀ ਪ੍ਰਵਿਰਤੀ, ਪ੍ਰਕਿਰਤੀ ਦੇ ਹਰ ਜੀਵ-ਜੰਤੂ 'ਚ ਕੁਦਰਤੀ ਹੁੰਦੀ ਹੈ। ਹਰ ਪ੍ਰਾਣੀ ਚਾਹੇ ਉਹ ਇਨਸਾਨ ਹੈ ਜਾਂ ਹੈਵਾਨ ਉਹ ਆਪਣਾ ਘਰ ਵੀ ਬਣਾਉਂਦਾ ਹੈ ਅਤੇ ਆਪਣੇ ਖਾਣ-ਪੀਣ ਲਈ ਰੋਜ਼ਾਨਾ ਅਨਾਜ ਤੇ ਹੋਰ ਆਪਣੀ ਵਰਤੋਂ ਲਈ ਵਸਤਾਂ ਇਕੱਤਰ ਕਰਦਾ ਹੈ ਤੇ ਮੁਸੀਬਤ ਦੇ ਦਿਨਾਂ 'ਚ ਖਾਣ ਲਈ ਵੀ ਪਦਾਰਥ ਇਕੱਤਰ ਕਰਦਾ ਹੈ। ਇਕ ਛੋਟੀ ਜਿਹੀ ਕੀੜੀ ਹੀ ਦੇਖ ਲਓ, ਉਹ ਵੀ ਮੁਸੀਬਤ ਦੇ ਦਿਨਾਂ ਲਈ ਭਾਵ ਜਦੋਂ ਬਰਸਾਤ ਹੁੰਦੀ ਹੈ, ਆਪਣੀਆਂ ਖੁੱਡਾਂ 'ਚ ਜਾਂ ਭੌਣਾਂ 'ਤੇ ਖਾਣ-ਪੀਣ ਦਾ ਸਮਾਨ ਇਕੱਤਰ ਕਰਦੀ ਹੈ। ਸ਼ਾਇਦ ਮਨੁੱਖ 'ਚ ਵੀ ਇਹ ਪ੍ਰਵਿਰਤੀ ਇਸ ਤਰ੍ਹਾਂ ਦੇ ਜੀਵਾਂ ਵੱਲ ਦੇਖ ਕੇ ਹੀ ਵਿਕਸਤ ਹੋਈ ਹੋਵੇ ਕਿ ਉਹ ਵੀ ਆਪਣੇ ਲਈ ਅਨਾਜ ਤੇ ਹੋਰ ਜ਼ਰੂਰਤ ਦੀਆਂ ਵਸਤਾਂ ਇਕੱਤਰ ਕਰਕੇ ਰੱਖੇ। ਮਨੁੱਖ ਜਦੋਂ ਆਪਣਾ ਨਿਵਾਸ ਜੰਗਲ 'ਚ ਕਰਦਾ ਸੀ, ਉਦੋਂ ਸਿਰਫ਼ ਉਹ ਆਪਣੇ ਲਈ ਖਾਣ-ਪੀਣ ਤੇ ਆਪਣੇ ਸਰੀਰ ਨੂੰ ਗਰਮੀ-ਸਰਦੀ ਤੋਂ ਬਚਾਉਣ ਲਈ ਤਨ 'ਤੇ ਪੱਤਿਆਂ ਆਦਿ ਦੀ ਵਰਤੋਂ ਕਰਦਾ ਸੀ। ਪਹਾੜਾਂ ਦੀਆਂ ਗੁਫਾਵਾਂ 'ਚ ਰਹਿੰਦਾ ਸੀ, ਕਿਸੇ ਕੁਦਰਤੀ ਸਰੋਤ ਤੋਂ ਪਾਣੀ ਪੀਂਦਾ ਸੀ ਤੇ ਆਪਣੇ ਲਈ ਤੇ ਆਪਦੇ ਬੱਚਿਆਂ ਲਈ ਉਹ ਆਪਣੀ ਗੁਫਾ 'ਚ ਜੰਗਲ 'ਚੋਂ ਜੰਗਲੀ ਫਲਾਂ ਤੇ ਹੋਰ ਖਾਣ ਲਈ ਘਾਹ-ਫੂਸ ਜਿਹੀਆਂ ਉਪਲਬਧ ਵਸਤਾਂ ਇਕੱਤਰ ਕਰਨ ਤੱਕ ਹੀ ਸੀਮਤ ਸੀ। ਪਰ ਜਿਉਂ-ਜਿਉਂ ਉਹ ਸੱਭਿਅਤਾ ਦੇ ਵਿਕਾਸ ਵੱਲ ਵਧਦਾ ਗਿਆ, ਉਸ ਦੀ ਪਦਾਰਥਵਾਦ ਵੱਲ ਲਾਲਸਾ 'ਤੇ ਜ਼ਰੂਰਤ ਵਧਦੀ ਗਈ ਤੇ ਵਿਗਿਆਨਕ ਤਰੱਕੀ ਦੇ ਦੌਰ ਤੱਕ ਪਹੁੰਚਦਿਆਂ-ਪਹੁੰਚਦਿਆਂ ਉਸ ਦੀ ਇਹ ਲਾਲਸਾ ਸਾਰੇ ਸੰਸਾਰ ਦੀਆਂ ਵਸਤਾਂ ਤੇ ਧੰਨ ਇਕੱਤਰ ਕਰਨ ਦੀ ਚਰਮ ਸੀਮਾ 'ਤੇ ਪਹੁੰਚ ਗਈ ਤੇ ਉਹ ਆਪਣੇ ਅੰਦਰ ਇਨਸਾਨੀਅਤ ਤੇ ਮਾਨਵਵਾਦੀ ਗੁਣਾਂ ਨੂੰ ਭੁੱਲ ਗਿਆ ਹੈ।

ਅਜੋਕੇ ਪਦਾਰਥਵਾਦੀ ਸਮੇਂ 'ਚ ਆਪਣਾ ਜੀਵਨ ਬਸਰ ਕਰਦਾ ਮਨੁੱਖ ਖੁਦ ਵੀ ਇਕ ਪਦਾਰਥ ਬਣ ਕੇ ਰਹਿ ਗਿਆ ਹੈ। ਇਸ ਪਦਾਰਥਵਾਦੀ ਯੁੱਗ ਨੇ ਮਨੁੱਖ 'ਚੋਂ ਇਨਸਾਨੀਅਤ ਵਰਗੇ ਮਾਨਵਵਾਦੀ ਗੁਣ ਖੋਹ ਲਏ ਹਨ। ਇਸ ਨਾਲ ਜਿੱਥੇ ਮਨੁੱਖਤਾ ਖਤਮ ਹੋ ਰਹੀ ਹੈ, ਸੰਵੇਦਨਸ਼ੀਲਤਾ ਦਾ ਨਿਘਾਰ ਹੋ ਰਿਹਾ ਹੈ ਪਰ ਇਸ ਦੇ ਨਾਲ ਇਸ ਗੱਲ ਦਾ ਵੀ ਡੱਟ ਕੇ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਮਾਨਵ ਧਰਤੀ 'ਤੇ ਵਿਕਾਸ ਕਰਨ ਦੇ ਨਾਲ-ਨਾਲ ਮੰਗਲ 'ਤੇ ਚੰਦਰਮਾ 'ਤੇ ਵੱਸਣ ਦੀਆਂ ਉਮੀਦਾਂ ਪਾਲ ਰਿਹਾ ਹੈ। ਮਨੁੱਖ ਦਾ ਇਸ ਤਰ੍ਹਾਂ ਦਾ ਵਿਕਾਸ ਉਸ ਸਾਹਮਣੇ ਕਈ ਤਰ੍ਹਾਂ ਦੇ ਪ੍ਰਸ਼ਨਾਂ ਨੂੰ ਵੀ ਜਨਮ ਦੇ ਰਿਹਾ ਹੈ ਕਿ ਇਹ ਵਿਕਾਸ ਮਨੁੱਖੀ ਕਦਰਾਂ-ਕੀਮਤਾਂ ਤੇ ਆਦਿ ਮਾਨਵੀ ਆਧਾਰ ਦੀ ਰੂਪ-ਰੇਖਾ ਨੂੰ ਵਿਗਾੜ ਰਿਹਾ ਹੈ? ਇਹ ਮਾਨਵ ਨੂੰ ਕਿਸ ਦਿਸ਼ਾ ਵੱਲ ਲਿਜਾ ਰਿਹਾ ਹੈ? ਅੱਜ ਦੇ ਦੌਰ 'ਚ ਮਨੁੱਖੀ ਕਦਰਾਂ-ਕੀਮਤਾਂ ਦੀ ਅਹਿਮੀਅਤ ਦਾ ਲਗਾਤਾਰ ਨਿਘਾਰ ਹੋ ਰਿਹਾ ਹੈ? ਆਪਣੇ ਆਪ 'ਚ ਬਣਿਆ ਇਹ ਆਧੁਨਿਕ ਮਾਨਵ ਪੈਸੇ ਦੀ ਦੌੜ 'ਚ ਇੰਨਾ ਗਲੀਨ ਹੈ ਕਿ ਉਹ ਸਾਰੀ ਦੁਨੀਆਂ ਦਾ ਪੈਸਾ ਇਕੱਠਾ ਕਰਨ ਦੀ ਲਾਲਸਾ ਪਾਲ਼ੀ ਜਾ ਰਿਹਾ ਹੈ? ਇਸ ਦੌੜ 'ਚ ਉਸ ਨੂੰ ਆਪਣੇ ਪਰਿਵਾਰ ਤੇ ਸਮਾਜ 'ਚ ਜੋ ਮਾਨਵ ਦੀ ਇਨਸਾਨੀਅਤ ਦੀ ਸਹਿਹੋਂਦ ਹੈ, ਉਸ ਦੀ ਕੋਈ ਪ੍ਰਵਾਹ ਨਹੀਂ? ਅਜੋਕੇ ਦੌਰ 'ਚ ਮਾਨਵ 'ਚ ਇਨਸਾਨੀਅਤ ਵਰਗੇ ਉੱਚੇ ਤੇ ਸੁੱਚੇ ਗੁਣਾਂ ਨੂੰ ਕਾਇਮ ਰੱਖਣਾ ਸਾਡੇ ਲਈ ਇਕ ਪ੍ਰਸ਼ਨ-ਚਿੰਨ੍ਹ ਬਣ ਗਿਆ ਹੈ?

ਅੱਜ ਦੇ ਵਿਗਿਆਨਕ ਯੁੱਗ 'ਚ ਮਨੁੱਖ ਲਈ ਪਦਾਰਥ ਬਹੁਤ ਅਹਿਮੀਅਤ ਰੱਖਦਾ ਹੈ। ਪਦਾਰਥ ਤੇ ਮਨੁੱਖੀ ਕਦਰਾਂ-ਕੀਮਤਾਂ ਦੋ ਅਲੱਗ-ਅਲੱਗ ਪ੍ਰਸ਼ਨ ਹਨ। ਮਨੁੱਖ ਇਹਨਾਂ ਦੋਹਾਂ ਦੇ ਦਵੰਦ 'ਚ ਫਸਿਆ ਹੋਇਆ ਹੈ ਪਰ ਇਹਨਾਂ ਦੋਹਾਂ ਗੱਲਾਂ 'ਚ ਉਸ 'ਤੇ ਪਦਾਰਥਵਾਦ ਜ਼ਿਆਦਾ ਭਾਰੂ ਹੈ। ਮਨੁੱਖ ਪਦਾਰਥ ਨੂੰ ਸਿਰਜਦਾ ਵੀ ਆਪ ਹੀ ਹੈ ਤੇ ਇਹੀ ਪਦਾਰਥ ਮਨੁੱਖੀ ਵਿਕਾਸ ਦਾ ਇਤਿਹਾਸ ਵੀ ਬਣਦਾ ਹੈ। ਆਦਿ ਮਾਨਵ ਦੇ ਇਤਿਹਾਸ ਤੋਂ ਉਸ ਦੇ ਸੱਭਿਅਕ ਮਨੁੱਖ ਬਣਨ ਤੱਕ, ਜਿੱਥੋਂ ਮਨੁੱਖੀ ਚੇਤਨਾ ਦਾ ਵਿਕਾਸ ਹੁੰਦਾ ਰਿਹਾ ਹੈ, ਉਸਦੇ ਨਾਲ-ਨਾਲ ਪਦਾਰਥਾਂ ਦਾ ਵਿਕਾਸ ਵੀ ਹੁੰਦਾ ਰਿਹਾ ਹੈ। ਮਨੁੱਖ ਨੇ ਆਪਣੇ ਜੀਵਨ ਦੀਆਂ ਵੱਖ-ਵੱਖ ਲੋੜਾਂ ਪੂਰੀਆਂ ਕਰਨ ਲਈ ਉਸ ਨੇ ਵੱਖ-ਵੱਖ ਪਦਾਰਥਾਂ ਦੀ ਖੋਜ ਕੀਤੀ, ਜਿਹੜੀਆਂ ਕਿ ਮਨੁੱਖ ਦੇ ਜੀਵਨ ਲਈ ਬਹੁਤ ਸਹਾਈ ਸਾਬਤ ਹੋਈਆਂ। ਨਵੀਆਂ-ਨਵੀਆਂ ਚੀਜ਼ਾਂ ਤੇ ਪਦਾਰਥਾਂ ਦੀਆਂ ਖੋਜਾਂ ਦੇ ਨਾਲ-ਨਾਲ ਮਨੁੱਖ ਦੀ ਬੁੱਧੀ, ਤਰਕ ਤੇ ਸਿਆਣਪਤ ਨੇ ਵੀ ਵਿਕਾਸ ਕੀਤਾ। ਇਹਨਾਂ ਸਾਰੀਆਂ ਚੀਜ਼ਾਂ ਨੇ ਮਨੁੱਖ ਦੇ ਜਿਊਣ ਢੰਗ ਨੂੰ ਬੜਾ ਆਸਾਨ ਬਣਾ ਦਿੱਤਾ। ਇਸ ਦੇ ਨਾਲ-ਨਾਲ ਮਨੁੱਖ ਦੀਆਂ ਕਦਰਾਂ-ਕੀਮਤਾਂ ਦਾ ਵਿਕਾਸ ਹੋਇਆ।

ਇਸ ਨਾਲ ਸਮਾਜ ਦਾ ਵਿਕਾਸ ਨਿਰੰਤਰ ਜਾਰੀ ਰਿਹਾ। ਸਮਾਜ 'ਚ ਦੋ ਵਿਰੋਧੀ ਧਿਰਾਂ ਗਰੀਬੀ ਤੇ ਅਮੀਰੀ 'ਚ ਹਮੇਸ਼ਾ ਸੰਘਰਸ਼ ਚੱਲਦਾ ਰਿਹਾ ਹੈ, ਇਸੇ ਵਿਰੋਧ ਦੀ ਪ੍ਰਵਿਰਤੀ ਤੇ ਸੰਘਰਸ਼ ਦੇ ਤਹਿਤ ਸਮਾਜ ਅੱਗੇ ਵਧਦਾ ਰਹਿੰਦਾ ਹੈ ਤੇ ਉਸ ਦਾ ਵਿਕਾਸ ਵੀ ਨਿਰੰਤਰ ਜਾਰੀ ਰਹਿੰਦਾ ਹੈ। ਇੱਥੇ ਹਮੇਸ਼ਾ ਇਹ ਗੱਲ ਦੇਖਣ ਵਾਲੀ ਹੁੰਦੀ ਹੈ ਕਿ ਇਹ ਵਿਕਾਸ ਕਿਸ ਦਿਸ਼ਾ ਵੱਲ ਵਧਦਾ ਹੈ ਤੇ ਵਿਕਾਸ ਕਰਦਾ ਹੈ? ਇਸੇ ਦਿਸ਼ਾ ਦੇ ਮੁਤਾਬਕ ਮਨੁੱਖੀ ਚੇਤਨਾ, ਮਾਨਵੀ ਕਦਰਾਂ-ਕੀਮਤਾਂ ਤੇ ਮਨੁੱਖੀ ਰਿਸ਼ਤੇ ਉਭਰ ਕੇ ਸਾਹਮਣੇ ਆਉਂਦੇ ਹਨ। ਅਜੋਕੇ ਦੌਰ 'ਚ ਵੀ ਕਿਰਤੀ ਤੇ ਪੂੰਜੀਪਤੀ ਵਿਚਕਾਰ ਇਹ ਸੰਘਰਸ਼ ਜਾਰੀ ਹੈ। ਇਸ ਸੰਘਰਸ਼ 'ਚ ਸਾਮਰਾਜੀ ਤਾਕਤਾਂ ਦੀ ਚੌਧਰ ਤੇ ਗਲਬੇ ਕਰਕੇ ਪੂੰਜੀ ਦਾ ਬੋਲਬਾਲਾ ਸਾਰੇ ਸੰਸਾਰ 'ਤੇ ਆਪਣਾ ਪ੍ਰਭਾਵ ਪਾ ਰਿਹਾ ਹੈ। ਅਜੋਕੇ ਦੌਰ 'ਚ ਪੂੰਜੀਵਾਦੀ ਸੋਚ ਦੇ ਮੁਕਾਬਲੇ ਕਿਰਤ ਸ਼ਕਤੀ 'ਚ ਖੜੋਤ ਆ ਗਈ ਹੈ। ਇਸ ਤਰ੍ਹਾਂ ਦੇ ਹਾਲਾਤ ਜਦੋਂ ਤੋਂ ਪੈਦਾ ਹੋਏ ਹਨ, ਮਨੁੱਖ ਦੀ ਸੋਚ ਨਿੱਜਵਾਦ ਤੇ ਸੁਆਰਥ ਵੱਲ ਵੱਧ ਗਈ ਹੈ, ਇਹੀ ਕਾਰਨ ਹੈ ਕਿ ਮਨੁੱਖ ਦੀ ਸੋਚ ਵੱਧ ਤੋਂ ਵੱਧ ਪਦਾਰਥ ਇਕੱਠਾ ਕਰਨ ਵੱਲ ਲੱਗ ਗਈ ਹੈ। ਇਸ ਤਰ੍ਹਾਂ ਦੇ ਹਾਲਾਤ 'ਚ ਪਹੁੰਚ ਕੇ ਹੀ ਮਨੁੱਖ ਦੇ ਅੰਦਰਲੇ ਮਨੁੱਖ ਦੇ ਅੰਦਰੂਨੀ ਵਿਕਾਸ ਦਾ ਨਿਘਾਰ ਹੋਣਾ ਸ਼ੁਰੂ ਹੋ ਗਿਆ ਹੈ। ਭਾਵੇਂ ਇਹ ਸਾਰਾ ਵਿਕਾਸ ਮਨੁੱਖ ਨੇ ਆਪ ਖੁਦ ਕੀਤਾ ਹੈ ਤੇ ਸੰਸਾਰ 'ਚ ਆਪਣੀ ਸੁੱਖ ਸਹੂਲਤ ਲਈ ਬੇਅੰਤ ਪਦਾਰਥ ਤਿਆਰ ਕੀਤਾ ਹੈ ਤੇ ਇਹ ਬੜੇ ਅਫਸੋਸ ਦੀ ਗੱਲ ਹੈ ਕਿ ਮਨੁੱਖ ਇਸ ਪਦਾਰਥ ਦਾ ਖੁਦ ਹੀ ਗੁਲਾਮ ਬਣ ਗਿਆ ਹੈ।

ਮਨੁੱਖ ਦੀ ਸੋਚ ਇੱਥੋਂ ਤੱਕ ਬਦਲ ਗਈ ਹੈ ਕਿ ਮਨੁੱਖ ਦੀ ਕੀਮਤ ਉਸ ਦੇ ਗੁਣਾਂ ਕਰਕੇ ਨਿਸ਼ਚਿਤ ਨਹੀਂ ਹੁੰਦੀ ਸਗੋਂ ਪੈਸਾ ਤੇ ਪਦਾਰਥ ਕਰਕੇ ਹੁੰਦੀ ਹੈ। ਮਨੁੱਖ 'ਚ ਭਾਵੇਂ ਕਿੰਨੇ ਵੀ ਗੁਣ ਹੋਣ ਉਸ ਦੀ ਕੀਮਤ ਮਾਨਵੀ ਗੁਣਾਂ ਕਰਕੇ ਨਹੀਂ ਪੈਂਦੀ ਸਗੋਂ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਉਸ ਪਾਸ ਕਿੰਨਾ ਪੈਸਾ, ਜਾਇਦਾਦ ਜਾਂ ਕੋਠੀ ਆਦਿ ਕਰਕੇ ਪੈਂਦੀ ਹੈ। ਸਮਾਜ 'ਚ ਉਸ ਵਿਅਕਤੀ ਦੀ ਕੋਈ ਪੁੱਛ-ਗਿੱਛ ਨਹੀਂ ਹੈ, ਜਿਸ ਪਾਸ ਪੈਸਾ ਨਹੀਂ ਹੈ। ਇਸ ਤਰ੍ਹਾਂ ਦਾ ਵਰਤਾਰਾ ਲਗਾਤਾਰ ਸਾਡੇ ਸਮਾਜ ਉਪਰ ਭਾਰੂ ਹੋ ਰਿਹਾ ਹੈ।

ਜੇਕਰ ਅਜਿਹੇ ਵਰਤਾਰੇ ਦੀ ਜੜ੍ਹ ਤੱਕ ਜਾ ਕੇ ਦੇਖਿਆ ਜਾਵੇ ਤਾਂ ਇਹ ਬਿਲਕੁਲ ਸਪਸ਼ਟ ਹੋ ਜਾਂਦਾ ਹੈ ਕਿ ਵਿਕਸਿਤ ਪੂੰਜੀਵਾਦੀ ਮੁਲਕਾਂ ਨੇ ਆਪਣੇ ਪਦਾਰਥ ਨੂੰ ਵੇਚਣ ਲਈ ਮੰਡੀ ਦੀ ਤਲਾਸ਼ 'ਚ ਅਜਿਹਾ ਘੜਿਆ-ਘੜਾਇਆ ਫ਼ਾਰਮੂਲਾ ਸਾਰੀ ਦੁਨੀਆਂ 'ਤੇ ਲਾਗੂ ਕੀਤਾ, ਜਿਸ ਦੇ ਤਹਿਤ ਮੀਡੀਆ ਰਾਹੀਂ ਆਪਣੀਆਂ ਵਸਤਾਂ ਦਾ ਅਜਿਹੇ ਤਰੀਕੇ ਨਾਲ ਪ੍ਰਚਾਰ ਕੀਤਾ ਕਿ ਉਹ ਲੋਕਾਂ ਦੀ ਮਾਨਸਿਕਤਾ ਨੂੰ ਗਹਿਰਾ ਟੁੰਬ ਜਾਣ। ਖਪਤਕਾਰੀ ਸੱਭਿਆਚਾਰ ਰਾਹੀਂ ਲੋਕਾਂ ਅੰਦਰ ਵਸਤਾਂ ਪ੍ਰਤੀ ਝੁਕਾਓ ਦੀ ਅਜਿਹੀ ਭਾਵਨਾ ਪੈਦਾ ਕੀਤੀ ਗਈ, ਜਿਸ ਨੇ ਮਨੁੱਖੀ ਸੋਚ ਦੀ ਪ੍ਰਵਿਰਤੀ ਨੂੰ ਪੁੱਠਾ ਗੇੜਾ ਦੇ ਦਿੱਤਾ। ਇਹਨਾਂ ਸਾਮਰਾਜੀ ਮੁਲਕਾਂ ਨੇ ਸਾਡੇ ਕੁਦਰਤੀ ਸਾਧਨਾਂ ਤੋਂ ਇਲਾਵਾ ਆਰਥਿਕ ਤੇ ਮਾਨਸਿਕ ਪੱਧਰ 'ਤੇ ਵੀ ਖੂਬ ਲੁੱਟ-ਖਸੁੱਟ ਕੀਤੀ ਹੈ। ਉਦਾਹਰਣ ਦੇ ਤੌਰ 'ਤੇ ਮਨੁੱਖ ਨੂੰ ਸੋਚ ਦੇ ਪੱਧਰ 'ਤੇ ਅਜਿਹਾ ਨਿਕੰਮਾ ਕਰ ਦਿੱਤਾ ਕਿ ਉਹ ਆਪਣੇ ਸੁਤੰਤਰ ਵਿਚਾਰਾਂ ਦੀ ਥਾਂ ਉਨ੍ਹਾਂ ਦੇ ਵਿਚਾਰਾਂ ਦਾ ਧਾਰਨੀ ਬਣ ਗਿਆ ਹੈ। ਇਸ ਦਾ, ਗੁਲਾਮ ਮਨੁੱਖ ਸੋਚਦਾ ਹੈ ਕਿ ਜੇਕਰ ਪਦਾਰਥ 'ਤੇ ਵਸਤਾਂ ਇਕੱਠੀਆਂ ਕਰਨੀਆਂ ਹਨ ਤਾਂ ਉਸ ਕੋਲ ਵੱਧ ਤੋਂ ਵੱਧ ਪੈਸਾ ਹੋਣਾ ਚਾਹੀਦਾ ਹੈ ਤੇ ਪੈਸੇ ਤੋਂ ਬਿਨਾਂ ਸਮਾਜ 'ਚ ਉਸ ਦੀ ਕੋਈ ਹੋਂਦ ਨਹੀਂ ਹੈ। ਉਹ ਇਸੇ ਚੱਕਰ 'ਚ ਫਿਰਦਾ, ਪੈਸੇ ਦੀ ਦੌੜ ਪਿੱਛੇ ਲੱਗਾ ਹੋਇਆ ਬਿਜਲਈ ਮੀਡੀਆ ਰਾਹੀਂ ਦਿਖਾਈ ਜਾ ਰਹੀ ਵਸਤਾਂ ਦੀ ਇਸ਼ਤਿਹਾਰਬਾਜ਼ੀ ਤੇ ਵੱਖੋ-ਵੱਖਰੇ ਸੀਰੀਅਲਾਂ ਤੇ ਫਿਲਮਾਂ 'ਚ ਵੱਡੇ-ਵੱਡੇ ਦਿਖਾਏ ਜਾਂਦੇ ਅਡੰਬਰ ਉਸ ਨੂੰ ਪ੍ਰਭਾਵਿਤ ਕਰ ਰਹੇ ਹਨ। ਇਸੇ ਕਰਕੇ ਹੀ ਮਨੁੱਖ ਪਦਾਰਥਵਾਦੀ ਸੋਚ ਦਾ ਧਾਰਨੀ ਬਣ ਗਿਆ ਹੈ ਤੇ ਉਸ ਨੂੰ ਮਨੁੱਖੀ ਕਦਰਾਂ-ਕੀਮਤਾਂ ਤੇ ਇਨਸਾਨੀਅਤ ਵਰਗੇ ਗੁਣ ਚੰਗੇ ਨਹੀਂ ਲੱਗਦੇ।

ਮਨੁੱਖ ਦੀ ਜੀਵਨ ਸ਼ੈਲੀ ਨੂੰ ਇਹਨਾਂ ਪਦਾਰਥਾਂ ਨੂੰ ਇਕੱਠਿਆਂ ਕਰਨ ਦੀ ਦੌੜ ਨੇ, ਬੜਾ ਪ੍ਰਭਾਵਸ਼ਾਲੀ ਕੀਤਾ ਹੈ। ਉਹ ਸਮਾਜਿਕ ਮਾਨਵੀ ਸਰੋਕਾਰਾਂ ਤੋਂ ਅਲੱਗ ਹੋ ਕੇ ਨਿੱਜਤਾ ਨਾਲ ਜੁੜ ਗਿਆ ਹੈ। ਪਦਾਰਥ ਖਰੀਦਣ ਦੀ ਇੱਛਾ ਤੇ ਪ੍ਰਸਾਰਿਤ ਕੀਤੇ ਜਾ ਰਹੇ ਮਾਇਆ ਜਾਲ ਦੇ ਲੁਭਾਣੇ ਭਰਮ-ਭੁਲੇਖਿਆਂ ਨੇ ਉਸ ਦੀ ਦਿਨ-ਰਾਤ ਦੀ ਚੈਨ ਨੂੰ ਬੇਚੈਨ ਕਰ ਦਿੱਤਾ ਹੈ। ਮਨੁੱਖ ਜਾਇਜ਼ ਜਾਂ ਨਾਜਾਇਜ਼ ਵਸੀਲੇ ਵਰਤ ਕੇ ਸੰਸਾਰ ਦੇ ਸਭ ਪਦਾਰਥਾਂ ਨੂੰ ਸਮੇਟਣ 'ਚ ਲੱਗਾ ਹੋਇਆ ਹੈ। ਪਦਾਰਥ ਦਾ ਜਿੰਨ ਉਸਨੂੰ ਅੰਦਰੋ-ਅੰਦਰੀ ਹਲੂਣ ਰਿਹਾ ਹੈ। ਉਹ ਜਿੰਨੀਆਂ ਵੱਡੀਆਂ-ਵੱਡੀਆਂ ਕੋਠੀਆਂ, ਕਾਰਾਂ ਖਰੀਦ ਕੇ ਆਪਣੀ ਹੋਂਦ ਨੂੰ ਵੱਡੇ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਉਹ, ਉਨਾ ਹੀ ਮਾਨਸਿਕ ਤੌਰ 'ਤੇ ਦੁਖੀ ਹੁੰਦਾ ਜਾ ਰਿਹਾ ਹੈ। ਪਦਾਰਥਾਂ ਦੀ ਇੰਨੀ ਬਹੁਤਾਤ ਇਕੱਠੀ ਕਰਕੇ ਆਪਣੇ ਲਈ ਖਤਰਾ ਸਹੇੜ ਰਿਹਾ ਹੈ।

ਇਸ 'ਚ ਕੋਈ ਅੱਤਕਥਨੀ ਨਹੀਂ ਹੈ ਕਿ ਮਨੁੱਖ ਜਿੰਨਾ ਵੀ ਜ਼ਿਆਦਾ ਪੈਸਾ ਤੇ ਪਦਾਰਥ ਇਕੱਠਾ ਕਰ ਰਿਹਾ ਹੈ, ਉਨੀਆਂ ਹੀ ਉਸ ਦੀਆਂ ਚਿੰਤਾਵਾਂ ਤੇ ਪ੍ਰੇਸ਼ਾਨੀਆਂ ਵੱਧ ਰਹੀਆਂ ਹਨ। ਇਸ ਤਰ੍ਹਾਂ ਦੀ ਸਥਿਤੀ ਦਾ ਉਹ ਮੁਲਕ ਫਾਇਦਾ ਉਠਾ ਰਹੇ ਹਨ, ਜਿਹੜੇ ਇਸ ਪਦਾਰਥ ਨੂੰ ਵੇਚਦੇ ਹਨ। ਉਹ ਦਿਨੋ-ਦਿਨ ਅਮੀਰ ਹੋਈ ਜਾ ਰਹੇ ਹਨ। ਇਸ ਤਰ੍ਹਾਂ ਦੇ ਭੁਲੇਖਾ ਪਾਊ ਭਰਮ-ਜਾਲ ਨੂੰ ਉਹ ਮਾਨਵਤਾ ਦਾ ਵਿਕਾਸ ਦੱਸਦੇ ਹਨ। ਇੱਥੇ ਸੋਚਣ ਵਾਲੀ ਗੱਲ ਇਹ ਹੈ ਕਿ ਕਿਸ ਮਾਨਵੀ ਧਿਰ ਦਾ ਵਿਕਾਸ ਕਰ ਰਹੇ ਹਨ? ਕੀ ਇਸ ਤਰ੍ਹਾਂ ਪਦਾਰਥ ਨੂੰ ਇਕੱਠਾ ਕਰਨਾ ਵਿਕਾਸ ਕਿਹਾ ਜਾ ਸਕਦਾ ਹੈ? ਸ਼ਾਇਦ ਨਹੀਂ? ਇਸ ਨਾਲ ਮਨੁੱਖ ਦੀਆਂ ਸਮਾਜਿਕ ਕਦਰਾਂ-ਕੀਮਤਾਂ 'ਚ ਨਿਘਾਰ ਆ ਰਿਹਾ ਹੈ।

ਅਮੀਰ ਤੇ ਗਰੀਬ ਮਾਨਵ 'ਚ ਪਾੜਾ ਵੱਧ ਰਿਹਾ ਹੈ, ਮਾਨਵੀ ਰਿਸ਼ਤੇ ਤਿੜਕ ਰਹੇ ਹਨ। ਸਮਾਜ 'ਚ ਕਈ ਤਰ੍ਹਾਂ ਦੀਆਂ ਮਾਨਸਿਕ ਬਿਮਾਰੀਆਂ ਫੈਲ ਰਹੀਆਂ ਹਨ। ਮਨੁੱਖ ਦੀ ਮਨੁੱਖ ਨਾਲ ਭਾਈਚਾਰਕ ਸਾਂਝ ਖਤਮ ਹੋ ਰਹੀ ਹੈ। ਮਨੁੱਖ ਆਪਣੇ ਆਪ ਨੂੰ ਭੁੱਲੀ ਜਾ ਰਿਹਾ ਹੈ। ਅੱਜਕਲ੍ਹ ਤਾਂ ਰਿਸ਼ਤੇਦਾਰੀਆਂ ਵੀ ਪੈਸੇ ਨਾਲ ਹੀ ਜੁੜਦੀਆਂ ਹਨ। ਵਿਆਹ-ਸ਼ਾਦੀ ਸਮੇਂ ਮੁੰਡੇ-ਕੁੜੀ ਦੇ ਗੁਣਾਂ ਨੂੰ ਨਿਰਖਣ-ਪਰਖਣ ਦੀ ਥਾਂ ਪੈਸਾ ਹੀ ਸਭ ਰਿਸ਼ਤੇ ਤਹਿ ਕਰਦਾ ਹੈ? ਪੈਸੇ ਦੇ ਲੈਣ-ਦੇਣ 'ਤੇ ਗੱਲ ਮੁੱਕਦੀ ਹੈ। ਇਸ ਤਰ੍ਹਾਂ ਦਾ ਚਲਨ ਸਮਾਜ ਦੇ ਹਰ ਵਰਗ 'ਚ ਦੇਖਿਆ ਜਾ ਸਕਦਾ ਹੈ। ਪੜ੍ਹਿਆ-ਲਿਖਿਆ ਵਰਗ ਨੌਕਰੀ ਲਈ ਦਰ-ਦਰ ਦੇ ਧੱਕੇ ਖਾ ਰਿਹਾ ਹੈ, ਕਿਤੇ ਨੌਕਰੀ ਜਾਂ ਰੁਜ਼ਗਾਰ ਨਹੀਂ ਮਿਲਦਾ। ਨੌਕਰੀਆਂ ਲੈਣ ਲਈ ਰਿਸ਼ਵਤ ਦੇਣੀ ਪੈਂਦੀ ਹੈ ਜਾਂ ਸਿਫਾਰਸ਼ ਕੰਮ ਆਉਂਦੀ ਹੈ। ਲੋਕਾਂ ਨੇ ਭ੍ਰਿਸ਼ਟਾਚਾਰ ਨੂੰ ਵਿਉਪਾਰ ਬਣਾ ਲਿਆ ਹੈ। ਮਨੁੱਖ 'ਚੋਂ ਇਨਸਾਨੀਅਤ ਦਾ ਖਾਤਮਾ ਹੋ ਰਿਹਾ ਹੈ ਤੇ ਹੈਵਾਨੀਅਤ ਦਾ ਚਾਰ-ਚੁਫੇਰੇ ਫੈਲਅ ਹੋ ਰਿਹਾ ਹੈ। ਸਮਾਜ 'ਚ ਹਿੰਸਕ ਘਟਨਾਵਾਂ ਵੱਧ ਰਹੀਆਂ ਹਨ, ਗੁੰਡਾਗਰਦੀ ਦਾ ਨਾਚ ਦਿਨ-ਦਿਹਾੜੇ ਹੁੰਦਾ ਹੈ। ਇਸ ਗੁੰਡਾਗਰਦੀ ਨੂੰ ਰਾਜਨੀਤਿਕ ਪਨਾਹ ਮਿਲੀ ਹੋਈ ਹੈ। ਇਸ ਉਕਤ ਵਰਤਾਰੇ ਦਾ ਅਸਰ ਸਾਨੂੰ ਸਾਡੇ ਬੱਚਿਆਂ 'ਤੇ ਸਾਫ ਨਜ਼ਰ ਆਉਂਦਾ ਹੈ। ਉਹਨਾਂ 'ਚ ਆਪਣੇ ਮਾਤਾ-ਪਿਤਾ, ਭੈਣ-ਭਰਾਵਾਂ ਤੇ ਰਿਸ਼ਤੇਦਾਰਾਂ 'ਚ ਪਿਆਰ-ਮੁਹੱਬਤ ਦੀ ਭਾਵਨਾ ਘਟਦੀ ਜਾ ਰਹੀ ਹੈ ਤੇ ਨਿੱਜਤਾ ਤੇ ਰਾਤੋ-ਰਾਤ ਅਮੀਰ ਬਣਨ ਦੀ ਇੱਛਾ, ਬਿਨਾਂ ਮਿਹਨਤ ਕੀਤਿਆਂ ਵੱਧ ਰਹੀ ਹੈ। ਵੱਡੀਆਂ-ਵੱਡੀਆਂ ਕੋਠੀਆਂ ਤੇ ਮਕਾਨਾਂ 'ਚ ਮਾਤਾ-ਪਿਤਾ ਆਪਣੇ ਬੱਚਿਆਂ ਦੇ ਕਮਰਿਆਂ ਨੂੰ ਆਲੀਸ਼ਾਨ ਵਸਤਾਂ ਨਾ ਸਜਾਉਂਦੇ ਹਨ ਤੇ ਇਸ ਸਜਾਵਟ 'ਤੇ ਉਹ ਫਖਰ ਮਹਿਸੂਸ ਕਰਦੇ ਹਨ। ਉਹ ਮਾਪੇ ਬੱਚਿਆਂ ਨੂੰ ਰਿਸ਼ਤਿਆਂ ਦੀ ਸਾਂਝ ਨਹੀਂ ਸਮਝਾਉਂਦੇ ਸਗੋਂ ਉਹ ਉਹਨਾਂ ਨੂੰ ਨਿੱਜਤਾ ਤੇ ਸਵੈ-ਕੇਂਦਰਤਾ ਵੱਲ ਧੱਕ ਰਹੇ ਹਨ।

ਇਹੀ ਕਾਰਨ ਹੈ ਕਿ ਬੱਚੇ ਮਾਤਾ-ਪਿਤਾ ਤੋਂ ਅਲੱਗ ਰਹਿ ਕੇ ਕਈ ਗਲਤ ਆਦਤਾਂ ਦੇ ਸ਼ਿਕਾਰ ਹੋ ਜਾਂਦੇ ਹਨ ਤੇ ਉਹ ਸਮਾਜ ਦੀ ਮੁੱਖ ਧਾਰਾ 'ਚ ਸਥਾਪਿਤ ਨਹੀਂ ਹੁੰਦੇ ਤੇ ਆਪਣਾ ਜੀਵਨ ਤਬਾਹ ਕਰ ਲੈਂਦੇ ਹਨ।

ਸੰਸਾਰ ਦੀ ਆਬਾਦੀ ਵਧਣ ਨਾਲ ਵਿਉਪਾਰਕ ਕੰਪਨੀਆਂ ਨੂੰ ਇਕ ਵੱਡੀ ਮੰਡੀ ਪ੍ਰਾਪਤ ਹੋ ਗਈ ਹੈ। ਮਨੁੱਖ ਨੂੰ ਬਾਜ਼ਾਰ ਜਾ ਕੇ ਪਦਾਰਥ ਖਰੀਦਣ ਦੀ ਲੋੜ ਵੀ ਖਤਮ ਹੁੰਦੀ ਜਾ ਰਹੀ ਹੈ। ਕੰਪਨੀਆਂ ਪਦਾਰਥ ਖੁਦ ਤੁਹਾਡੇ ਬੈੱਡਰੂਮ ਤੱਕ ਪਹੁੰਚਾ ਦਿੰਦੀਆਂ ਹਨ। ਬਿਜਲਈ ਮੀਡੀਆ ਤੇ ਪ੍ਰਚਾਰ ਕਰਕੇ ਉਹਨਾਂ ਨੇ ਮਨੁੱਖੀ ਭਾਵਨਾਵਾਂ ਨਾਲ ਅਜਿਹੀ ਸਾਂਝ-ਭਿਆਲੀ ਪਾਈ ਹੈ ਕਿ ਮਨੁੱਖ-ਮਨੁੱਖ ਦੀਆਂ ਭਾਵਨਾਵਾਂ ਨੂੰ ਵਿਸਾਰ ਰਿਹਾ ਹੈ। ਮਨੁੱਖ ਵਿਚ ਸਿਰਫ਼ ਪੈਸੇ ਤੇ ਪਦਾਰਥ ਨਾਲ ਕਦਰ ਰਹਿ ਗਈ ਹੈ। ਅੱਜ ਦਾ ਮਨੁੱਖ ਆਪਣੇ ਪਿਛਲੇ ਸਾਂਝੀਵਾਲਤਾ ਤੇ ਇਨਸਾਨੀਅਤ ਦੇ ਪਿਆਰ ਨੂੰ ਭੁੱਲਦਾ ਜਾ ਰਿਹਾ ਹੈ, ਜਿਸ ਇਤਿਹਾਸ ਨੇ ਉਸ ਨੂੰ ਇਹਨਾਂ ਮਨੁੱਖੀ ਕਦਰਾਂ ਕੀਮਤਾਂ ਦੀ ਯਥਾਰਥਿਕਤਾ ਨੂੰ ਬਣਾਈ ਰੱਖਣ ਲਈ ਸੰਘਰਸ਼ ਕਰਨ ਦੀ ਪ੍ਰੇਰਨਾ ਦਿੱਤੀ ਸੀ।

ਮਨੁੱਖ ਦੀ ਆਤਮਾ ਤੇ ਚੇਤਨਾ ਨੂੰ ਲੱਗਿਆ, ਇਹ ਪਦਾਰਥਵਾਦ ਦਾ ਖੋਰਾ ਸਮਾਜ ਦੇ ਲੋਕ ਬਹੁ-ਪੱਖੀ ਵਿਕਾਸ ਲਈ ਮਾਰੂ ਸਿੱਧ ਹੋ ਰਿਹਾ ਹੈ, ਕਿਉਂਕਿ ਲੱਗਦਾ ਹੈ ਕਿ ਇਸ ਵਿਰੁੱਧ ਲਾਮਬੰਦ ਹੋਣ ਦੀ ਉਸ 'ਚ ਸਮਰੱਥਾ ਸ਼ਾਇਦ ਨਹੀਂ ਹੈ ਤੇ ਉਹ ਆਪਣੀ ਨਿੱਜਤਾ 'ਚ ਹੀ ਸਿਮਟ ਕੇ ਰਹਿ ਗਿਆ ਹੈ।

ਜੋ ਲੋਕ ਆਪਣੀ ਨਿੱਜਤਾ ਨੂੰ ਛੱਡ ਕੇ ਇਸ ਵਿਰੁੱਧ ਸੰਘਰਸ਼ ਕਰਨਾ ਚਾਹੁੰਦੇ ਹਨ, ਸਮਾਜ ਉਹਨਾਂ ਨੂੰ ਮੂਰਖ ਲੋਕ ਆਖਦਾ ਹੈ ਪਰ ਜਦਕਿ ਇਸ ਗੱਲ ਦੀ ਬਹੁਤ ਜ਼ਰੂਰਤ ਹੈ ਕਿ ਮਨੁੱਖ ਨੂੰ ਇਸ ਪਦਾਰਥਵਾਦ ਦੇ ਅਖੌਤੀ ਮੋਹ ਤੋਂ ਛੁਟਕਾਰਾ ਦੁਆ ਕੇ ਤੇ ਮਨੁੱਖ ਨੂੰ ਜਾਗਰਿਤ ਕਰਕੇ ਇਨਸਾਨੀਅਤ ਦੇ ਗੁਣਾਂ ਨਾਲ ਜੋੜ ਕੇ ਸਮਾਜਿਕ ਕਦਰਾਂ-ਕੀਮਤਾਂ ਨੂੰ ਮੁੜ ਬਹਾਲ ਕਰਨ ਦੀ ਲੋੜ ਹੈ।

ਮਨੁੱਖ 'ਤੇ ਜਿੰਨਾ ਲੋਕ ਵਿਰੋਧੀ ਮੀਡੀਏ ਨਾਲ ਪ੍ਰਭਾਵ ਪਾਇਆ ਜਾ ਰਿਹਾ ਹੈ, ਅਜੋਕੇ ਸਮੇਂ 'ਚ ਇਸ ਵਿਰੁੱਧ ਸੰਘਰਸ਼ ਵਿੱਢਣ ਦੀ ਲੋੜ ਹੈ। ਇਸ ਲੋਕ ਵਿਰੋਧੀ ਮੀਡੀਆ ਨੂੰ ਠੱਲ੍ਹ ਪਾਉਣ ਲਈ, ਠੋਸ ਕਦਮ ਚੁੱਕਣ ਦੀ ਲੋੜ ਹੈ। ਮਾਨਵਤਾ ਉਪਰ ਪੈ ਰਹੇ ਮਾਰੂ ਪਦਾਰਥਵਾਦ ਦੇ ਪ੍ਰਭਾਵ ਨੂੰ ਖਤਮ ਕਰਕੇ ਮਨੁੱਖ ਦੇ ਅੰਦਰਲੇ ਮਨੁੱਖ ਨੂੰ ਜਗਾਉਣ ਦੀ ਸਖ਼ਤ ਲੋੜ ਹੈ। ਸਕੂਲ ਤੇ ਕਾਲਜ ਅਧਿਆਪਕ, ਵਿਦਿਆਰਥੀਆਂ 'ਚ ਇਨਸਾਨੀਅਤ ਦੇ ਗੁਣ ਪੈਦਾ ਕਰਨ ਲਈ ਵੱਧ ਤੋਂ ਵੱਧ ਯਤਨ ਕਰਨ। ਇਹ ਵਿਦਿਆਰਥੀ ਹੀ ਸਾਡੇ ਸਮਾਜ ਦਾ ਭਵਿੱਖ 'ਚ ਮਾਨਵਵਾਦੀ ਸਾਰਥਿਕ ਵਿਕਾਸ ਕਰਦੇ ਹਨ। ਇਸ ਲਈ ਇਹਨਾਂ 'ਚ ਇਹ ਭਾਵਨਾ ਜਾਗਰਿਤ ਕਰਨ ਦੀ ਸਖ਼ਤ ਲੋੜ ਹੈ ਤਾਂ ਜੋ ਸਾਡੇ ਸਮਾਜ ਦਾ ਵਿਕਾਸ ਹੋ ਸਕੇ।



**ਮਨੁੱਖ ਦੀ ਸੋਚ ਇੱਥੋਂ ਤੱਕ ਬਦਲ ਗਈ ਹੈ ਕਿ ਮਨੁੱਖ ਦੀ ਕੀਮਤ ਉਸ ਦੇ ਗੁਣਾਂ ਕਰਕੇ ਨਿਸ਼ਚਿਤ ਨਹੀਂ ਹੁੰਦੀ ਸਗੋਂ ਪੈਸਾ ਤੇ ਪਦਾਰਥ ਕਰਕੇ ਹੁੰਦੀ ਹੈ। ਮਨੁੱਖ 'ਚ ਭਾਵੇਂ ਕਿੰਨੇ ਵੀ ਗੁਣ ਹੋਣ ਉਸ ਦੀ ਕੀਮਤ ਮਾਨਵੀ ਗੁਣਾਂ ਕਰਕੇ ਨਹੀਂ ਪੈਂਦੀ ਸਗੋਂ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਉਸ ਪਾਸ ਕਿੰਨਾ ਪੈਸਾ, ਜਾਇਦਾਦ ਜਾਂ ਕੋਠੀ ਆਦਿ ਕਰਕੇ ਪੈਂਦੀ ਹੈ। ਸਮਾਜ 'ਚ ਉਸ ਵਿਅਕਤੀ ਦੀ ਕੋਈ ਪੁੱਛ-ਗਿੱਛ ਨਹੀਂ ਹੈ, ਜਿਸ ਪਾਸ ਪੈਸਾ ਨਹੀਂ ਹੈ। ਇਸ ਤਰ੍ਹਾਂ ਦਾ ਵਰਤਾਰਾ ਲਗਾਤਾਰ ਸਾਡੇ ਸਮਾਜ ਉਪਰ ਭਾਰੂ ਹੋ ਰਿਹਾ ਹੈ। ਜੇਕਰ ਅਜਿਹੇ ਵਰਤਾਰੇ ਦੀ ਜੜ੍ਹ ਤੱਕ ਜਾ ਕੇ ਦੇਖਿਆ ਜਾਵੇ ਤਾਂ ਇਹ ਬਿਲਕੁਲ ਸਪਸ਼ਟ ਹੋ ਜਾਂਦਾ ਹੈ ਕਿ ਵਿਕਸਿਤ ਪੂੰਜੀਵਾਦੀ ਮੁਲਕਾਂ ਨੇ ਆਪਣੇ ਪਦਾਰਥ ਨੂੰ ਵੇਚਣ ਲਈ ਮੰਡੀ ਦੀ ਤਲਾਸ਼ 'ਚ ਅਜਿਹਾ ਘੜਿਆ-ਘੜਾਇਆ ਫ਼ਾਰਮੂਲਾ ਸਾਰੀ ਦੁਨੀਆਂ 'ਤੇ ਲਾਗੂ ਕੀਤਾ, ਜਿਸ ਦੇ ਤਹਿਤ ਮੀਡੀਆ ਰਾਹੀਂ ਆਪਣੀਆਂ ਵਸਤਾਂ ਦਾ ਅਜਿਹੇ ਤਰੀਕੇ ਨਾਲ ਪ੍ਰਚਾਰ ਕੀਤਾ ਕਿ ਉਹ ਲੋਕਾਂ ਦੀ ਮਾਨਸਿਕਤਾ ਨੂੰ ਗਹਿਰਾ ਟੁੰਬ ਜਾਣ। ਖਪਤਕਾਰੀ ਸੱਭਿਆਚਾਰ ਰਾਹੀਂ ਲੋਕਾਂ ਅੰਦਰ ਵਸਤਾਂ ਪ੍ਰਤੀ ਝੁਕਾਓ ਦੀ ਅਜਿਹੀ ਭਾਵਨਾ ਪੈਦਾ ਕੀਤੀ ਗਈ, ਜਿਸ ਨੇ ਮਨੁੱਖੀ ਸੋਚ ਦੀ ਪ੍ਰਵਿਰਤੀ ਨੂੰ ਪੁੱਠਾ ਗੇੜਾ ਦੇ ਦਿੱਤਾ।**

# KACEES EXPRESS WASH

ਕਾਰਾਂ ਧੋਣ ਲਈ ਸਭ ਤੋਂ ਸਸਤਾ ਕਾਰ ਵਾਸ਼ ਸਟੇਸ਼ਨ




## Car wash and Gas station with Beverages




ਇਲਾਕੇ ਵਿਚ ਹੱਥ ਨਾਲ ਕਾਰਾਂ ਧੁਆਉਣ ਵਾਸਤੇ ਇਕੋ-ਇਕ ਸਰਵਿਸ ਸਟੇਸ਼ਨ, ਜੋ ਬਹੁਤ ਹੀ ਸਸਤੇ ਰੇਟਾਂ ਤੇ ਬਿਨਾਂ ਇੰਤਜ਼ਾਰ ਕੀਤਿਆਂ ਤੁਹਾਡੀ ਕਿਸੇ ਵੀ ਪ੍ਰਕਾਰ ਦੀ ਕਾਰ ਧੋ ਸਕਦੇ ਹਨ।









**Surjit Sanger**

**707-291-2901**

**2900 Hilltop Mall Rd, Richmond, CA 94806**







## ਇਕ ਵਾਰ ਜ਼ਰੂਰ ਆ ਕੇ ਕਾਰ ਧੁਆਓ ਜੀ

# ਪੰਜਾਬ ਲਈ ਸਿਰਦਰਦੀ ਕਿਉਂ ਬਣੀ ਝੋਨੇ ਦੀ ਪਰਾਲੀ

ਮਿਲਖਾ ਸਿੰਘ ਔਲਖ, ਕਾਬਲ ਸਿੰਘ ਗਿੱਲ

ਝੋਨੇ ਦੀ ਪਰਾਲੀ ਸੰਭਾਲਣ ਦੇ ਅਨੇਕ ਲਾਭਦਾਇਕ ਤਰੀਕੇ ਹੁੰਦਿਆਂ ਵੀ ਕਿਸਾਨ ਪਰਾਲੀ ਦਾ ਵੱਡਾ ਹਿੱਸਾ ਖੇਤਾਂ ਵਿੱਚ ਸਾੜਦੇ ਹਨ। ਪਰਾਲੀ ਸਾੜਨਾ ਕਿਸਾਨ ਲਈ 5068 ਰੁਪਏ ਪ੍ਰਤੀ ਏਕੜ ਨੁਕਸਾਨ ਦੇ ਨਾਲ-ਨਾਲ ਜ਼ਮੀਨ ਵਿੱਚ ਲਾਭਦਾਇਕ ਜੈਵਿਕ ਪਦਾਰਥ ਖ਼ਤਮ ਕਰਨ, ਸੂਖਮ ਜੀਵਾਣੂ ਮਾਰਨ, ਬਿਮਾਰੀਆਂ ਫੈਲਾਉਣ ਵਾਂਗ ਹੈ। ਇਉਂ ਜ਼ਮੀਨ ਦੀ ਭੌਤਿਕ, ਰਸਾਇਣਕ ਤੇ ਜੈਵਿਕ ਸਿਹਤ, ਪੌਸ਼ਟਿਕ ਤੱਤ ਤੇ ਪਾਣੀ ਸੰਭਾਲਣ ਦੀ ਸਮਰੱਥਾ ਅਤੇ ਪੈਦਾਵਾਰ ਵੀ ਘਟਦੇ ਹਨ। ਖੋਜ ਨੇ ਪੁਸ਼ਟੀ ਕੀਤੀ ਹੈ ਕਿ ਪਰਾਲੀ ਸਾੜਨ ਵਾਲੇ ਖੇਤਰ ਵਿੱਚ ਰਹਿੰਦੇ ਲੋਕਾਂ ਦੇ ਫੇਫੜਿਆਂ ਵਿੱਚ 5 ਮਿਲੀਮੀਟਰ ਕਣ ਵਧੇ ਤੇ ਕੰਮ ਕਰਨ ਦੀ ਤਾਕਤ ਘਟੀ ਹੈ।

**ਪਰਾਲੀ ਤੋਂ ਲਾਭ ਲੈਣ ਦੇ ਢੰਗ-ਤਰੀਕੇ**

1) ਪਸ਼ੂਆਂ ਦੇ ਚਾਰੇ ਅਤੇ ਮਲ-ਮੂਤਰ ਸੰਭਾਲਣ ਲਈ ਵਰਤਣਾ: ਪਸ਼ੂਆਂ ਦੇ ਚਾਰੇ ਵਜੋਂ ਪਰਾਲੀ ਦੀ ਵਰਤੋਂ ਸਭ ਤੋਂ ਵਧੀਆ ਤਰੀਕਾ ਹੈ ਅਤੇ ਇਹ ਪਸ਼ੂਆਂ ਲਈ ਪੱਠਿਆਂ ਦਾ ਖਰਚਾ ਵੀ ਘਟਾਉਂਦਾ ਹੈ, ਪਰ ਧਿਆਨ ਰਹੇ ਕਿ ਜ਼ਿਆਦਾ ਪਰਾਲੀ ਖਾਣ ਨਾਲ ਜਾਨਵਰਾਂ ਦੀ ਸਿਹਤ 'ਤੇ ਬੁਰਾ ਅਸਰ ਪੈ ਸਕਦਾ ਹੈ। ਪਸ਼ੂਆਂ ਦੇ ਮਲ-ਮੂਤਰ ਨਾਲ ਰਲਾ ਕੇ ਰੂੜੀ ਬਣਾਉਣਾ ਪਰਾਲੀ ਸੰਭਾਲਣ ਦਾ ਅਗਲਾ ਵਧੀਆ ਤਰੀਕਾ ਹੈ। ਜਾਨਵਰਾਂ ਦੀ ਖੁਰਾਕ ਦਾ ਲਗਭਗ 90% ਹਿੱਸਾ ਪਿਸ਼ਾਬ (ਲਗਭਗ ਸਾਰੀ ਨਾਈਟਰੋਜਨ) ਅਤੇ ਗੋਹੇ (ਜ਼ਿਆਦਾਤਰ ਬਾਕੀ ਪੌਸ਼ਟਿਕ ਤੱਤ) ਰਾਹੀਂ ਨਿਕਲ ਜਾਂਦਾ ਹੈ। ਇੱਕ ਪਸ਼ੂ ਦੇ ਪਿਸ਼ਾਬ ਵਿੱਚ ਹਰ ਸਾਲ ਯੂਰੀਆ ਖਾਦ ਦੇ 3-4 ਥੈਲਿਆਂ ਬਰਾਬਰ ਨਾਈਟਰੋਜਨ ਹੁੰਦੀ ਹੈ। ਕਿਸਾਨ ਆਮ ਕਰ ਕੇ ਪਸ਼ੂਆਂ ਦੇ ਗੋਹੇ ਦੀ ਰੂੜੀ ਬਣਾਉਂਦੇ ਹਨ ਪਰ ਬਹੁਤਾ ਪਿਸ਼ਾਬ ਵਰਤਿਆ ਨਹੀਂ ਜਾਂਦਾ, ਜਿਹੜਾ ਧਰਤੀ, ਪਾਣੀ ਅਤੇ ਹਵਾ ਨੂੰ ਪ੍ਰਦੂਸ਼ਿਤ ਕਰਦਾ ਹੈ।



ਸਾਰੇ ਪਿਸ਼ਾਬ ਅਤੇ ਗੋਹੇ ਨੂੰ ਵਰਤ ਕੇ ਰੂੜੀ ਬਣਾਉਣ ਲਈ ਸਥਾਨਕ ਤਰੀਕੇ ਵਰਤੇ ਜਾ ਸਕਦੇ ਹਨ। ਪਸ਼ੂਆਂ ਨੂੰ ਰੱਖਣ ਵਾਲੀਆਂ ਥਾਵਾਂ 'ਤੇ ਪਰਾਲੀ ਤੇ ਹੋਰ ਰਹਿੰਦ-ਖੂੰਹਦ ਦੀ 20-30 ਸੈਂਟੀਮੀਟਰ ਮੋਟੀ ਪਰਤ ਵਿਛਾ ਕੇ ਫਿਰ ਇਸ ਦੀ ਰੂੜੀ ਬਣਾਈ ਜਾਵੇ। ਇਸ ਤਰ੍ਹਾਂ ਪਸ਼ੂ ਚਾਰੇ ਦੀ ਲਾਗਤ ਘਟਾਉਣ ਅਤੇ ਪਰਾਲੀ ਦੀ ਰੂੜੀ ਤੋਂ ਪੌਸ਼ਟਿਕ ਤੱਤ ਤੇ ਜੈਵਿਕ ਪਦਾਰਥ ਖੇਤਾਂ ਵਿੱਚ ਪੈਣ ਕਰ ਕੇ ਲਾਭ ਮਿਲਣ ਨਾਲ ਜ਼ਮੀਨ, ਪਾਣੀ ਅਤੇ ਹਵਾ ਪ੍ਰਦੂਸ਼ਣ ਵੀ ਘਟਣਗੇ।

**2) ਪਰਾਲੀ ਨੂੰ ਖੇਤ ਵਿੱਚ ਵਰਤਣਾ:** ਇਹ ਅਗਲਾ ਵਧੀਆ ਤਰੀਕਾ ਹੈ। ਝੋਨਾ ਪੱਕਣ ਪਿੱਛੋਂ ਇਸ ਦੀ ਪਰਾਲੀ ਅਤੇ ਬਾਕੀ ਦੀ ਰਹਿੰਦ-ਖੂੰਹਦ ਵਿੱਚ ਫਸਲ ਦੀ ਲੋੜ ਦਾ ਲਗਭਗ 30% ਨਾਈਟਰੋਜਨ, 34% ਫਾਸਫੋਰਸ ਅਤੇ ਪੰਜ ਗੁਣਾ ਪੋਟਾਸ਼ੀਅਮ ਦੇ ਬਰਾਬਰ ਹੋ ਸਕਦਾ ਹੈ। ਸਾਰਾ ਰਹਿੰਦ-ਖੂੰਹਦ ਜ਼ਮੀਨ ਵਿੱਚ ਰਲਾਉਣ ਨਾਲ 30-50% ਤੱਕ ਰਸਾਇਣਕ ਖਾਦਾਂ ਦੀ ਬਚਤ ਹੋ ਸਕਦੀ ਹੈ। ਪਰਾਲੀ ਜ਼ਰੂਰੀ ਪੌਸ਼ਟਿਕ ਤੱਤਾਂ ਅਤੇ ਜੈਵਿਕ ਪਦਾਰਥ ਰਾਹੀਂ 5068 ਰੁਪਏ ਪ੍ਰਤੀ ਏਕੜ ਜ਼ਮੀਨ ਨੂੰ ਦਿੰਦੀ ਹੈ। ਨਾਲ ਪੌਸ਼ਟਿਕ ਤੱਤਾਂ ਦੇ ਪੱਧਰ ਅਤੇ ਪਾਣੀ ਸੰਭਾਲਣ ਦੀ ਸਮਰੱਥਾ ਵਿੱਚ ਸੁਧਾਰ ਕਰ ਕੇ ਜ਼ਮੀਨ ਦੀ ਪੈਦਾਵਾਰ ਨੂੰ ਵਧਾਉਂਦੀ ਹੈ ਅਤੇ ਪੌਸ਼ਟਿਕ ਤੱਤਾਂ ਨੂੰ ਜ਼ਮੀਨ ਵਿੱਚ ਡੂੰਘਾ ਜਾਣ ਤੋਂ ਬਚਾਉਂਦੀ ਹੈ।

ਅਗਰ ਪਰਾਲੀ ਨੂੰ ਕੰਬਾਈਨ ਨਾਲ ਲੱਗੀ ਪਰਾਲੀ ਖਲਾਰਨ ਵਾਲੀ ਮਸ਼ੀਨ (SMS) ਜਾਂ ਝੋਨਾ ਵੱਢਣ ਤੋਂ ਬਾਅਦ ਰੀਪਰ ਨਾਲ ਬਰਾਬਰ ਖਲਾਰਿਆ ਜਾਵੇ ਤਾਂ ਹੇਠ ਲਿਖੇ ਤਰੀਕੇ ਕੰਮ ਕਰ ਸਕਦੇ ਹਨ:

**ਪੁਰਾਣਾ ਤਰੀਕਾ:** ਪਰਾਲੀ ਨੂੰ ਡਿਸਕ ਜਾਂ ਹੋਰ ਮਸ਼ੀਨਾਂ ਨਾਲ 3-5 ਵਾਰ ਵਾਹ ਕੇ, ਜ਼ਮੀਨ ਵਿੱਚ ਮਿਲਾ ਕੇ, ਸਿੰਜਾਈ ਕਰ ਕੇ ਲੋੜੀਂਦੀ ਨਮੀ ਹੋਣ 'ਤੇ ਕਣਕ ਦੀ ਬਿਜਾਈ ਕੀਤੀ ਜਾਂਦੀ ਹੈ। ਇਸ ਤਰੀਕੇ ਵਾਸਤੇ 3-4 ਹਫਤੇ ਦੀ ਲੋੜ ਹੁੰਦੀ ਹੈ ਅਤੇ ਅਗੇਤੀ ਕਟਾਈ ਵਾਲੇ ਝੋਨੇ ਲਈ ਅਨੁਕੂਲ ਹੈ ਪਰ ਕਈ ਵਾਰ ਦੇਰੀ ਨਾਲ ਵੱਢੇ ਝੋਨੇ ਲਈ ਕਣਕ ਦੀ ਬਿਜਾਈ ਪਛੇਤੀ ਹੋਣ ਕਰ ਕੇ ਝਾੜ ਘਟਦਾ ਹੈ।

**ਹੈਪੀ ਸੀਡਰ ਨਾਲ ਬਿਜਾਈ:** ਇਸ ਦੇ ਹਰ ਇੱਕ ਫਾਲੇ ਅੱਗੇ ਲੱਗੇ ਬਲੇਡ ਪਰਾਲੀ ਅਤੇ ਬੁਥਿਆਂ ਨੂੰ ਕੱਟ ਕੇ ਪਾਸੇ ਧੱਕਦੇ ਹਨ ਤੇ ਫਾਲੇ ਬਿਜਾਈ ਕਰਦੇ ਹਨ। ਬੀਜਾਂ ਦੇ ਜ਼ਮੀਨ ਨਾਲ ਸਹੀ ਸੰਪਰਕ ਬਣਾਉਣ ਲਈ ਪਿਛਲੇ ਪਹੀਏ ਉਪਰੋਂ ਦਬਾਉਂਦੇ ਹਨ। ਬੀਜਾਂ ਦੀਆਂ ਕਤਾਰਾਂ ਵਿਚਕਾਰ ਪਰਾਲੀ (ਮੱਲਚ) ਨਦੀਨਾਂ ਦੇ ਉਗਣ ਅਤੇ ਜ਼ਮੀਨ ਨੂੰ ਸੁੱਕਣ ਤੋਂ ਬਚਾਉਂਦੀ ਹੈ ਪਰ ਕਦੇ-ਕਦਾਈਂ ਘੱਟ ਫਸਲ ਉਗਣ, ਚੂਹਿਆਂ ਦੇ ਹਮਲੇ, ਨਦੀਨਾਂ ਆਦਿ ਕਾਰਨ ਝਾੜ ਘਟ ਸਕਦਾ ਹੈ।

**ਸੁਪਰ ਸੀਡਰ ਨਾਲ ਬਿਜਾਈ:** ਇਹ ਪਰਾਲੀ ਕੱਟਣ ਅਤੇ ਮਿੱਟੀ ਵਿਚ ਰਲਾਉਣ ਦੇ ਨਾਲ-ਨਾਲ ਖਾਦ ਅਤੇ ਬੀਜ ਨੂੰ ਡਰਿਲ ਕਰਦਾ ਹੈ। ਫਸਲ ਦੀ ਬਿਜਾਈ ਵਧੀਆ ਹੁੰਦੀ ਹੈ। ਪਰਾਲੀ ਦੇ ਜ਼ਮੀਨ ਵਿੱਚ ਰਲਣ ਕਰ ਕੇ ਕੀੜਿਆਂ, ਬਿਮਾਰੀਆਂ, ਚੂਹਿਆਂ, ਨਦੀਨਾਂ ਆਦਿ ਰਾਹੀਂ ਨੁਕਸਾਨ ਘਟਦੇ ਹਨ।

**ਪੀ ਏ ਯੂ ਸਮਾਰਟ ਸੀਡਰ ਨਾਲ ਬਿਜਾਈ:** ਇਹ ਮਸ਼ੀਨ ਹੈਪੀ ਅਤੇ ਸੁਪਰ ਸੀਡਰ ਦਾ ਸੁਮੇਲ ਹੈ। ਇਹ ਸਿਰਫ ਬੀਜ ਦੀ ਕਤਾਰ (5-7.5 ਸੈਂਟੀਮੀਟਰ) ਵਾਲੀ ਜ਼ਮੀਨ ਵਿੱਚ ਪਰਾਲੀ ਰਲਾਉਂਦਾ ਹੈ। ਬਿਜਾਈ ਦੋ ਡਿਸਕਾਂ ਦੇ ਵਿਚਕਾਰ ਹੁੰਦੀ ਹੈ। ਬੀਜ ਦੀਆਂ ਕਤਾਰਾਂ ਵਿਚਕਾਰ ਪਰਾਲੀ ਨਦੀਨਾਂ ਦੇ ਉਗਣ ਅਤੇ ਜ਼ਮੀਨ ਸੁੱਕਣ ਨੂੰ ਘਟਾਉਂਦੀ ਹੈ।

**ਬੀਜ ਤੇ ਖਾਦ ਖਲਾਰ ਕੇ ਪਰਾਲੀ ਮਲਚਿੰਗ ਕਰਨੀ:** ਝੋਨਾ ਵੱਢਣ ਤੋਂ ਪਹਿਲਾਂ ਜਾਂ ਬਾਅਦ ਵਿੱਚ ਬੀਜ ਅਤੇ ਖਾਦ ਨੂੰ ਸੁੱਕੀ ਜਾਂ ਨਮੀ ਵਾਲੀ ਜ਼ਮੀਨ ਉਪਰ ਖਲਾਰਿਆ ਜਾਂਦਾ ਹੈ। ਵੱਢੀ ਹੋਈ ਪਰਾਲੀ ਦੇ ਢੇਰ ਖਲਾਰ ਕੇ ਬੁਥਿਆਂ ਅਤੇ ਪਰਾਲੀ ਨੂੰ ਛੋਟਾ ਕਰ ਕੇ ਖਲਾਰਿਆ ਜਾਂਦਾ ਹੈ। ਲੋੜ ਮੁਤਾਬਕ ਸਿੰਜਾਈ ਕੀਤੀ ਜਾਂਦੀ ਹੈ।

ਖਿਲਰੀ ਪਰਾਲੀ ਜ਼ਮੀਨ ਵਿੱਚ ਨਮੀ ਰੱਖਦੀ ਹੈ, ਨਦੀਨ ਘਟਾਉਂਦੀ ਹੈ ਅਤੇ ਚੰਗੀ ਫਸਲ ਦੀ ਸਥਾਪਨਾ ਤੇ ਜੜ੍ਹਾਂ ਦਾ ਵਾਧਾ ਉਤਸ਼ਾਹਿਤ ਕਰਦੀ ਹੈ। ਇਹ ਘੱਟ ਮਹਿੰਗਾ ਛੇਤੀ ਬਿਜਾਈ ਦਾ ਤਰੀਕਾ ਹੈ ਅਤੇ ਅਕਸਰ ਚੰਗੀ ਫਸਲ ਹੁੰਦੀ ਹੈ ਪਰ ਡੂੰਘੀਆਂ ਜੜ੍ਹਾਂ ਦਾ ਘੱਟ ਵਾਧਾ ਅਤੇ ਕਈ ਵਾਰ ਚੂਹੇ, ਕੀੜੇ ਤੇ ਉੱਲੀ ਦੇ ਨੁਕਸਾਨ ਕਾਰਨ ਅਨਾਜ ਦੀ ਪੈਦਾਵਾਰ ਨੂੰ ਘਟਦੇ ਦੇਖਿਆ ਗਿਆ ਹੈ।

**3) ਪਰਾਲੀ ਵੇਚਣੀ:** ਪਰਾਲੀ ਖੇਤਾਂ ਤੋਂ ਬਾਹਰ ਕੱਢਣ ਨਾਲ ਪੌਸ਼ਟਿਕ ਤੱਤ ਅਤੇ ਜੈਵਿਕ ਪਦਾਰਥ ਵੀ ਖੇਤਾਂ ਤੋਂ ਨਿਕਲ ਜਾਂਦੇ ਹਨ। ਨਾਲ ਹੀ ਪਰਾਲੀ ਖੇਤ ਵਿੱਚੋਂ ਕੱਢਣ ਅਤੇ ਵਰਤਣ ਲਈ ਤਕਰੀਬਨ 3000 ਰੁਪਏ ਪ੍ਰਤੀ ਏਕੜ ਖਰਚਾ ਹੈ। ਪਰਾਲੀ ਤੋਂ ਭਾਵੇਂ ਗੱਤਾ ਤੇ ਕਾਗਜ਼ ਆਦਿ ਬਣਾਉਣਾ ਕਿਸਾਨ ਲਈ ਆਮਦਨ ਤੇ ਵਾਤਾਵਰਨ ਲਈ ਠੀਕ ਹੈ ਪਰ ਪੌਸ਼ਟਿਕ ਤੱਤ ਅਤੇ ਜੈਵਿਕ ਪਦਾਰਥ ਜ਼ਮੀਨ ਵਿੱਚ ਵਾਪਸ ਨਹੀਂ ਆਉਂਦੇ।

ਬਿਜਲੀ ਪੈਦਾ ਕਰਨ ਅਤੇ ਇੱਟਾਂ ਪਕਾਉਣ ਲਈ ਪਰਾਲੀ ਨੂੰ ਸਾੜਨ ਨਾਲ ਪ੍ਰਦੂਸ਼ਣ ਹੁੰਦਾ ਹੈ ਪਰ ਇਹ ਕੋਲੇ ਦਾ ਬਦਲ ਹੈ। ਸੜਨ ਤੋਂ ਬਾਅਦ ਪਰਾਲੀ ਦੀ ਸੁਆਹ ਨੂੰ ਖੇਤ ਵਿੱਚ ਵਾਪਸ ਕਰਨ ਨਾਲ ਕੁਝ ਪੌਸ਼ਟਿਕ ਤੱਤ ਵਾਪਸ ਆ ਸਕਦੇ ਹਨ। ਕਈ ਵਾਰ ਕਿਸਾਨ ਪਰਾਲੀ ਵੇਚਣ ਤੋਂ ਅਸਮਰੱਥ ਰਹੇ ਹਨ ਅਤੇ ਖੇਤ ਤੋਂ ਬਾਹਰ ਕੱਢ ਕੇ ਨੇੜੇ ਰੱਖੀ ਪਰਾਲੀ ਕਰ ਕੇ ਚੂਹਿਆਂ ਅਤੇ ਹੋਰ ਕੀੜਿਆਂ ਵਲੋਂ ਫ਼ਸਲ ਨੁਕਸਾਨੀ ਜਾਂਦੀ ਹੈ। ਇਸ ਕਰ ਕੇ ਪਰਾਲੀ ਵੇਚਣੀ ਉਦੋਂ ਹੀ ਲਾਭਦਾਇਕ ਹੈ, ਜਦੋਂ ਪਰਾਲੀ ਨੂੰ ਹਟਾਉਣ ਦੇ ਖਰਚੇ ਅਤੇ ਪੌਸ਼ਟਿਕ ਤੱਤਾਂ ਤੇ ਜੈਵਿਕ ਪਦਾਰਥ ਦੇ ਨੁਕਸਾਨ ਨਾਲੋਂ ਜ਼ਿਆਦਾ ਹੋਵੇ।

**ਸਾਰ ਅੰਸ਼ ਅਤੇ ਆਰਥਿਕ ਸਹਾਇਤਾ ਲਈ ਸੁਝਾਅ**: ਖੇਤਾਂ ਵਿੱਚ ਪਰਾਲੀ ਸਾੜਨ ਤੋਂ ਗੁਰੇਜ਼ ਕਰੋ ਅਤੇ ਬਾਕੀ ਤਰੀਕਿਆਂ ਦੇ ਫਾਇਦੇ ਤੇ ਨੁਕਸਾਨ ਅਨੁਸਾਰ ਵਿਧੀ ਅਪਣਾਓ। ਪਹਿਲਾ ਤਰੀਕਾ ਜਦੋਂ ਸੰਭਵ ਹੋਵੇ, ਪਸ਼ੂਆਂ ਨੂੰ ਚਾਰੇ ਵਜੋਂ ਜਾਂ ਪਸ਼ੂਆਂ ਦੀ ਰਹਿੰਦ-ਖੂੰਹਦ ਨਾਲ ਭਰਪੂਰ ਰੂੜੀ ਤਿਆਰ ਕਰਨ ਲਈ ਪਰਾਲੀ ਵਰਤੋ। ਦੂਸਰਾ, ਉਪਲਬਧਤਾ ਅਨੁਸਾਰ, ਖੇਤ ਵਿੱਚ ਵਰਤੇ ਜਾਣ ਵਾਲੇ ਤਰੀਕੇ ਵਰਤੋ। ਤੀਸਰਾ, ਪਰਾਲੀ ਵੇਚ ਲਓ, ਪਰ ਖਰਚਾ ਅਤੇ ਇਸ ਤਰੀਕੇ ਨਾਲ ਪੌਸ਼ਟਿਕ ਤੱਤਾਂ ਤੇ ਜੈਵਿਕ ਪਦਾਰਥ ਦੇ ਨੁਕਸਾਨ ਨੂੰ ਵੀ ਧਿਆਨ ਵਿੱਚ ਰੱਖੋ।

ਇਨ੍ਹਾਂ ਚੁਣੌਤੀਆਂ ਦੇ ਹੱਲ ਲਈ ਸਰਕਾਰ ਆਰਥਿਕ ਮਦਦ ਕਰੇ ਤਾਂ ਕਿ ਪਹਿਲਾਂ ਹੀ ਕਰਜ਼ੇ ਹੇਠ ਦੱਬੇ ਕਿਸਾਨਾਂ 'ਤੇ ਹੋਰ ਬੋਝ ਨਾ ਪਵੇ। ਛੋਟੇ ਕਿਸਾਨਾਂ ਲਈ ਸਹਿਕਾਰੀ, ਖੇਤੀ ਉਦਯੋਗ ਜਾਂ ਹੋਰ ਸਰਕਾਰੀ ਮਸ਼ੀਨਾਂ ਘੱਟ ਕਿਰਾਏ ਵਿੱਚ ਉਪਲਬਧ ਹੋਣ ਜਾਂ ਵਿਤੀ ਸਹਾਇਤਾ ਮਿਲੇ। ਵੱਡੇ ਕਿਸਾਨਾਂ ਨੂੰ ਸੰਦ, ਟਰੈਕਟਰ ਆਦਿ ਖਰੀਦਣ ਲਈ ਵਿਤੀ ਸਹਾਇਤਾ ਮਿਲੇ। ਪਰਾਲੀ ਨਾਲ ਗੱਤਾ ਜਾਂ ਕਾਗਜ਼ ਬਣਾਉਣ ਅਤੇ ਕੋਲੇ ਦੀ ਥਾਂ ਵਰਤਣ ਵਾਲੇ ਉਦਯੋਗਾਂ ਦੀ ਵਿਤੀ ਸਹਾਇਤਾ ਹੋਵੇ।

# ਚੋਣਾਂ ਆਉਂਦਿਆਂ ਹੀ ਬਿਹਾਰੀਆਂ ਦੀ ਮੌਜ ਕਿਵੇਂ ਲੱਗਦੀ ਹੈ

ਮਨੀਸ਼ਾ ਪ੍ਰਿਅਮ

ਬਿਹਾਰ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਜਿਵੇਂ ਗ਼ਰੀਬ ਤੇ ਨਿਤਾਣੇ ਬਿਹਾਰੀਆਂ ਲਈ ਨਕਦੀ ਵੰਡਣ ਅਤੇ ਮੈਗਾ ਯੋਜਨਾਵਾਂ ਦੇ ਐਲਾਨ ਦਾ ਹੜ੍ਹ ਆਇਆ, ਉਹ ਪਿਛਲੇ ਲੰਮੇ ਅਰਸੇ ਵਿੱਚ ਦੇਖਣ ਨੂੰ ਨਹੀਂ ਮਿਲਿਆ। ਕਾਂਗਰਸ ਆਗੂ ਰਾਹੁਲ ਗਾਂਧੀ ਦੀ ਵੋਟਰ ਅਧਿਕਾਰ ਯਾਤਰਾ ਅਤੇ ਜਨ ਸੁਰਾਜ ਪਾਰਟੀ ਦੇ ਬਾਨੀ ਪ੍ਰਸ਼ਾਂਤ ਕਿਸ਼ੋਰ ਵਲੋਂ ਉਪ ਮੁੱਖ ਮੰਤਰੀ ਸਮਰਾਟ ਚੌਧਰੀ ਅਤੇ ਜਨਤਾ ਦਲ (ਯੂ) ਦੇ ਮੰਤਰੀ ਅਸ਼ੋਕ ਚੌਧਰੀ ਖਿਲਾਫ਼ ਤਿੱਖੇ ਹਮਲਿਆਂ ਜ਼ਰੀਏ ਭ੍ਰਿਸ਼ਟਾਚਾਰ ਮੁਤੱਲਕ ਤੀਬਰ ਨਾਂਹਮੁਖੀ ਸੰਦੇਸ਼ ਵੀ ਜਾ ਰਿਹਾ ਹੈ।

ਇਵੇਂ ਲਗਦਾ ਹੈ ਕਿ ਆਪਣੇ ਆਰਥਿਕ ਵਿਕਾਸ ਉੱਪਰ ਮਾਣ ਮਹਿਸੂਸ ਕਰਨ ਵਾਲੀ ਦੇਸ਼ ਦੀ ਸਿਆਸੀ ਜਮਾਤ ਦੀ ਨਜ਼ਰ ਆਖ਼ਿਰਕਾਰ ਦੁਨੀਆ ਦੇ ਕੁਝ ਸਭ ਤੋਂ ਵੱਧ ਗ਼ਰੀਬ ਵੋਟਰਾਂ ਉੱਪਰ ਪੈ ਰਹੀ ਹੈ ਤੇ ਇਹ ਆਸ਼ਾਵਾਦ ਬਣਿਆ ਹੋਇਆ ਹੈ ਕਿ ਗਾਂਧੀਵਾਦੀ ਸਚਾਈ ਤੇ ਔਰਤ ਵੋਟਰਾਂ ਜਿਨ੍ਹਾਂ ਨੂੰ ਜਾਤੀ ਨਿਰਧਾਰਿਤ ਬਾਹੂਬਲੀਆਂ ਦੇ ਕੰਟਰੋਲ ਵਾਲੀ ਚੁਣਾਵੀ ਰਾਜਨੀਤੀ ਨੇ ਲੰਮੇ ਸਮੇਂ ਤੱਕ ਦਬਾਈ ਰੱਖਿਆ ਸੀ, ਦੀ ਬਦੌਲਤ ਬਿਹਾਰ ਵੱਡੀ ਤਬਦੀਲੀ ਲਈ ਤਿਆਰ ਹੈ।

ਕੀ ਚੁਣਾਵੀ ਨਿਰਪੱਖਤਾ ਉੱਪਰ ਜ਼ੋਰ ਦੇਣ ਅਤੇ ਦੋ ਪ੍ਰਮੁੱਖ ਮੰਤਰੀਆਂ ਦੇ ਕਥਿਤ ਭ੍ਰਿਸ਼ਟਾਚਾਰ ਨੂੰ ਬੇਨਕਾਬ ਕਰਨ ਨਾਲ ਜਨਤਾ ਦਲ (ਯੂ) ਅਤੇ ਭਾਜਪਾ ਦੀ ਦੋ ਦਹਾਕੇ ਪੁਰਾਣੀ ਸਿਆਸੀ ਅਜਾਰੇਦਾਰੀ ਖ਼ਤਮ ਹੋ ਜਾਵੇਗੀ? ਪ੍ਰਸ਼ਾਂਤ ਕਿਸ਼ੋਰ ਦੀ ਪ੍ਰੈੱਸ ਕਾਨਫਰੰਸ ਦੇ ਰਾਜਨੀਤਕ ਤਬਦੀਲੀ ਦੇ ਕਿਹੋ ਜਿਹੇ ਸੰਕੇਤ ਮਿਲਦੇ ਹਨ? ਸੱਤਾਧਾਰੀ ਗਗੱਠਜੋੜ ਲਈ ਕੀ ਡਬਲ ਇੰਜਣ ਦੀ ਨਕਦ ਵੰਡ ਘਰ-ਘਰ ਵਿੱਚ ਫੈਲੇ ਦੁੱਖ ਤਕਲੀਫ਼ਾਂ ਦੀ ਜ਼ਮੀਨੀ ਹਕੀਕਤ ਨੂੰ ਢਕ ਲਵੇਗੀ? ਕੀ ਪੈਸੇ ਦੇ ਜ਼ੋਰ 'ਤੇ ਰੁਜ਼ਗਾਰ ਦੀ ਅਣਹੋਂਦ, ਮਿਆਰੀ ਸਿੱਖਿਆ ਅਤੇ ਸਿਹਤ ਸੰਭਾਲ ਦੇ ਕੋਈ ਮਾਇਨੇ ਨਹੀਂ ਰਹਿ ਜਾਣਗੇ? ਕੀ ਗ਼ਰੀਬ ਲੋਕ ਇਕ ਵਾਰ ਫਿਰ ਸੱਤਾਧਾਰੀਆਂ ਦੀ ਸੱਤਾ ਬਰਕਰਾਰ ਰੱਖਣ ਲਈ ਚੁੱਪ-ਚਾਪ ਵੋਟਾਂ ਪਾ ਦੇਣਗੇ?



ਸਭ ਤੋਂ ਪਹਿਲਾਂ ਹੱਥ ਵਿੱਚ ਨਕਦਨਾਵਾਂ ਦੇਣ ਦੇ ਵਿਕਾਸ ਦੇ ਨਵੇਂ ਮਾਡਲ ਉੱਪਰ ਕੁਝ ਟਿੱਪਣੀਆਂ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਚੋਣ ਪ੍ਰੋਗਰਾਮ ਅਤੇ ਆਦਰਸ਼ ਜ਼ਾਬਤੇ ਦੇ ਐਲਾਨ ਤੋਂ ਪਹਿਲਾਂ 62000 ਕਰੋੜ ਰੁਪਏ ਦੇ ਮੈਗਾ ਪ੍ਰਾਜੈਕਟਾਂ ਦਾ ਐਲਾਨ ਕੀਤਾ ਹੈ। ਵਿਰੋਧੀ ਪਾਰਟੀਆਂ ਦੇ ਸ਼ਾਸਨ ਵਾਲੇ ਸੂਬਿਆਂ, ਖ਼ਾਸਕਰ ਪੰਜਾਬ ਤੇ ਕੁਝ ਹੋਰ ਸੂਬਿਆਂ ਨੂੰ ਕੁਦਰਤੀ ਆਫ਼ਤਾਂ ਦੇ ਕਹਿਰ ਦੇ ਬਾਵਜੂਦ ਕੇਂਦਰ ਦੀ ਇਹੋ ਜਿਹੀ ਫਰਾਖ਼ਦਿਲੀ ਹਾਸਿਲ ਨਹੀਂ ਹੋ ਸਕੀ। ਕੇਂਦਰੀ ਬਜਟ 2025 ਵਿੱਚ ਤਲਾਬਾਂ ਵਿੱਚ ਕਮਲ ਦੇ ਫੁੱਲਾਂ ਦੀ ਕਾਸ਼ਤ ਲਈ 100 ਕਰੋੜ ਰੁਪਏ ਦੀ ਮੁਢਲੀ ਰਾਸ਼ੀ ਜਾਰੀ ਕਰਨ ਅਤੇ ਬਿਹਾਰ ਵਿੱਚ ਮਖਾਨਾ ਬੋਰਡ ਸਥਾਪਿਤ ਕਰਨ ਦਾ ਐਲਾਨ ਕੀਤਾ ਗਿਆ। ਇਹ ਬਹੁਤ ਹੀ ਹੁਨਰਮੰਦ ਕਿੱਤਾ ਹੈ ਜਿਸ ਵਿੱਚ ਮੱਲ੍ਹਾ ਬਰਾਦਰੀ ਦੀਆਂ ਬਹੁਤ ਹੀ ਗ਼ਰੀਬ ਔਰਤਾਂ ਕੰਮ ਕਰਦੀਆਂ ਹਨ।

ਬਿਹਾਰ ਵਿੱਚ ਨਵੇਂ ਹਵਾਈ ਅੱਡੇ ਕਾਇਮ ਕੀਤੇ ਜਾਣਗੇ, ਬਿਹਾਰੀ ਮਜ਼ਦੂਰਾਂ ਨੂੰ ਛੱਠ ਪੂਜਾ ਦੌਰਾਨ ਬਹੁਤ ਸਾਰੀਆਂ ਵਿਸ਼ੇਸ਼ ਰੇਲ ਗੱਡੀਆਂ ਰਾਹੀਂ ਘਰ ਵਾਪਸ ਲਿਆਂਦਾ ਜਾ ਰਿਹਾ ਹੈ। ਪਿਛਲੇ ਸਾਲ ਵੱਡੇ ਕੱਦ ਦੇ ਸਿਆਸੀ ਆਗੂ ਅਤੇ ਬਿਹਾਰ ਦੇ ਸਾਬਕਾ ਮੁੱਖ ਮੰਤਰੀ ਕਰਪੂਰੀ ਠਾਕੁਰ ਨੂੰ ਭਾਰਤ ਰਤਨ ਦਿੱਤਾ ਗਿਆ ਅਤੇ ਹੁਣ ਉਨ੍ਹਾਂ ਦੇ ਨਾਂ 'ਤੇ ਹੁਨਰ ਯੂਨੀਵਰਸਿਟੀ ਦਾ ਨਾਂ ਰੱਖਿਆ ਜਾ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਮੁੱਖ ਮੰਤਰੀ ਨਿਤੀਸ਼ ਕੁਮਾਰ, ਦੋਵਾਂ ਵੱਲੋਂ ਨਕਦ ਰਾਸ਼ੀ ਵੰਡਣ ਦੇ ਨਾਲ-ਨਾਲ ਏਜੰਡਾ ਰਹਿਤ ਵਿਕਾਸਵਾਦ ਨੂੰ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ। ਆਪਣੇ ਭਾਸ਼ਣਾਂ ਵਿੱਚ ਪ੍ਰਧਾਨ ਮੰਤਰੀ ਨੇ ਕਿਰਤ ਅਤੇ ਹੁਨਰ ਉੱਪਰ ਜ਼ੋਰ ਦਿੱਤਾ ਹੈ ਪਰ ਆਲਮੀ ਮਿਆਰ ਦੀ ਕੋਈ ਯੂਨੀਵਰਸਿਟੀ ਜਾਂ ਖੋਜ ਸੰਸਥਾ ਸਥਾਪਿਤ ਕਰਨ ਦੀ ਕੋਈ ਗੱਲ ਨਹੀਂ ਕੀਤੀ। ਮੁੱਖ ਮੰਤਰੀ ਨੇ ਨਕਦ ਯੋਜਨਾਵਾਂ ਤੇ ਸਕੀਮਾਂ ਦਾ ਐਲਾਨ ਕੀਤਾ ਹੈ। ਨਿਤੀਸ਼ ਕੁਮਾਰ ਨੇ ਬੁੱਧਵਾਰ ਨੂੰ ਐਕਸ ਉੱਪਰ ਪੋਸਟ ਕੀਤਾ ਕਿ 11 ਲੱਖ ਤੋਂ ਵੱਧ ਆਂਗਣਵਾੜੀ ਮਹਿਲਾ ਕਾਮਿਆਂ ਲਈ ਮਾਣ ਭੱਤਾ ਵਧਾ ਕੇ 9000 ਰੁਪਏ ਮਾਸਿਕ ਕੀਤਾ ਜਾਵੇਗਾ। ਉਨ੍ਹਾਂ ਬੱਚਿਆਂ ਅਤੇ ਗਰਭਵਤੀ ਔਰਤਾਂ ਦੇ ਪੋਸ਼ਣ ਤੇ ਕਲਿਆਣ ਵਿੱਚ ਸੁਧਾਰ ਖ਼ਾਤਿਰ ਉਨ੍ਹਾਂ ਦੇ ਯਤਨਾਂ ਦੀ ਸ਼ਲਾਘਾ ਵੀ ਕੀਤੀ। ਮੁੱਖ ਮੰਤਰੀ ਮਹਿਲਾ ਰੁਜ਼ਗਾਰ ਯੋਜਨਾ 'ਚ ਸਹਿਕਾਰੀ ਸੰਘਵਾਦ ਦੀ ਝਲਕ ਸੀ ਜਿਸ ਤਹਿਤ ਪ੍ਰਧਾਨ ਮੰਤਰੀ ਨੇ ਸਤੰਬਰ ਵਿੱਚ 75 ਲੱਖ ਔਰਤਾਂ ਦੇ ਖਾਤਿਆਂ ਵਿੱਚ 7500 ਕਰੋੜ ਰੁਪਏ ਪਾਏ ਹਨ ਤੇ ਮੁੱਖ ਮੰਤਰੀ ਨੇ ਇਸ ਮਹੀਨੇ 25 ਲੱਖ ਔਰਤਾਂ ਨੂੰ 2500 ਕਰੋੜ ਰੁਪਏ ਦਿੱਤੇ ਹਨ, ਕੇਂਦਰ-ਰਾਜ ਦੇ 75:25 ਦੇ ਅਨੁਪਾਤ ਰਾਹੀਂ ਮਹਿਲਾਵਾਂ ਨੂੰ ਸਾਫ਼ ਸਿੱਧੀ ਨਕਦ ਅਦਾਇਗੀ ਜੋ ਇਸ ਪੈਸੇ ਨਾਲ ਸਵੈ-ਰੁਜ਼ਗਾਰ ਕਰਨਗੀਆਂ। ਵੱਡੇ ਨਕਦ ਟਰਾਂਸਫਰ ਤੇ ਲੱਗਣ ਵਾਲੇ ਪ੍ਰਾਜੈਕਟ ਨਿੱਘਰਦੀ ਬਿਹਾਰੀ ਬੈਂਕ 'ਚ ਲਾਏ ਗਏ 'ਪੋਸਟ ਡੇਟਡ' ਚੈੱਕ ਹਨ ਜਿਸ ਬੈਂਕ ਕੋਲ ਹੁਣ ਕੇਵਲ ਕਿਰਤ ਦਾ ਵੱਡਾ ਭੰਡਾਰ ਤੇ ਵੋਟਾਂ ਹੈ ਜੋ ਮਾਇਨੇ ਰੱਖਦਾ ਹੈ। ਨਿਤੀਸ਼, ਜੋ ਇਸ ਨੂੰ ਕਦੇ ਸਾਈਕਲਾਂ 'ਤੇ ਸਕੂਲ ਜਾਂਦੀਆਂ ਵਿਦਿਆਰਥਣਾਂ ਵਿੱਚ ਦੇਖਦੇ ਸਨ, ਹੁਣ ਆਪਣੇ ਦਫ਼ਤਰ ਵਿੱਚ ਤਸੱਲੀ ਨਾਲ ਮੀਟਿੰਗਾਂ ਕਰ ਰਹੇ ਹਨ, ਉਪ ਮੁੱਖ ਮੰਤਰੀਆਂ ਤੇ ਅਧਿਕਾਰੀਆਂ ਨਾਲ ਘਿਰੇ ਹੋਏ ਹਨ ਅਤੇ ਯਕੀਨੀ ਬਣਾ ਰਹੇ ਹਨ ਕਿ ਨਕਦੀ ਬਸ ਇੱਕ ਬਟਨ ਦੱਬਣ ਨਾਲ ਟਰਾਂਸਫਰ ਹੋ ਜਾਵੇ।

ਉਨ੍ਹਾਂ ਨੇਕ ਆਈ ਏ ਐੱਸ ਅਧਿਕਾਰੀ ਜੀ ਕ੍ਰਿਸ਼ਨੈਈਆ ਦੇ ਕਤਲ ਦੇ ਦੋਸ਼ੀ ਆਨੰਦ ਮੋਹਨ ਸਿੰਘ ਵਰਗੇ ਸ਼ਕਤੀਸ਼ਾਲੀ ਨੇਤਾਵਾਂ ਨੂੰ ਸਜ਼ਾਵਾਂ ਦੇਣ ਲਈ ਫਾਸਟ ਟਰੈਕ ਅਦਾਲਤਾਂ ਬਣਾਈਆਂ ਸਨ। 2023 ਵਿੱਚ ਸੂਬਾ ਸਰਕਾਰ ਨੇ ਆਨੰਦ ਮੋਹਨ ਦੀ ਰਿਹਾਈ ਨੂੰ ਯਕੀਨੀ ਬਣਾਇਆ; ਵੋਟਾਂ ਹਾਸਿਲ ਕਰਨ ਲਈ ਉਸ ਦੀ ਲੋੜ ਹੈ, ਖ਼ਾਸਕਰ ਕੇ ਉੱਤਰੀ ਬਿਹਾਰ ਵਿੱਚ, ਜਿੱਥੇ ਭਾਜਪਾ ਕੋਲ ਚੰਗਾ ਮੌਕਾ ਹੈ।

ਨਿਤੀਸ਼ ਨੂੰ ਭ੍ਰਿਸ਼ਟਾਚਾਰ ਮੁਕਤ ਨੌਕਰਸ਼ਾਹੀ ਯਕੀਨੀ ਬਣਾਉਣ ਦਾ ਸਿਹਰਾ ਵੀ ਦਿੱਤਾ ਜਾਂਦਾ ਸੀ, ਕਿਉਂਕਿ ਉਸ ਨੇ ਬਾਬੂਆਂ ਦੀ ਗ਼ੈਰ-ਕਾਨੂੰਨੀ ਜਾਇਦਾਦ ਜ਼ਬਤ ਕਰਨ ਦੀ ਸਕੀਮ ਦਾ ਐਲਾਨ ਕੀਤਾ ਸੀ। ਹੈਰਾਨੀ ਦੀ ਗੱਲ ਹੈ ਕਿ ਪ੍ਰਸ਼ਾਂਤ ਕਿਸ਼ੋਰ ਨੇ ਇਸ ਸਕੀਮ ਜਾਂ ਇਸ ਦੀ ਸਫਲਤਾ/ਅਸਫਲਤਾ ਨੂੰ ਨਹੀਂ ਉਭਾਰਿਆ। ਉਸ ਦਾ ਖੁਲਾਸਾ ਜ਼ਿਆਦਾਤਰ ਸੋਸ਼ਲ ਮੀਡੀਆ ਬਿਰਤਾਂਤ ਹੈ, ਸਿਆਸੀ ਖੁਲਾਸਿਆਂ ਦੀ ਫੌਰੀ ਪੁੜੀ ਜਿਸ ਨੂੰ ਗ਼ਰੀਬ ਬਿਹਾਰੀ ਮੁਫ਼ਤ ਇੰਟਰਨੈੱਟ ਨਾਲ ਮੋਬਾਈਲਾਂ 'ਤੇ ਦੇਖਦਾ ਹੈ। ਭਾਜਪਾ ਅੰਦਰ ਸ਼ੁੱਧ ਰਾਜਨੀਤੀ ਦਾ ਮੁਰੀਦ, ਸੇਵਾ-ਮੁਕਤ ਆਈ ਏ ਐੱਸ ਅਫਸਰ ਅਤੇ ਸਾਬਕਾ ਗ੍ਰਹਿ ਸਕੱਤਰ ਆਰ ਕੇ ਸਿੰਘ, ਅਲੱਗ-ਥਲੱਗ ਹੋਇਆ ਪਿਆ ਹੈ। ਪ੍ਰਸ਼ਾਂਤ ਕਿਸ਼ੋਰ ਦੇ ਦੋਸ਼ਾਂ ਦੇ ਜਵਾਬ ਵਿੱਚ ਆਰ ਕੇ ਸਿੰਘ ਨੇ ਸਮਰਾਟ ਚੌਧਰੀ ਅਤੇ ਹੋਰ ਨੇਤਾਵਾਂ ਨੂੰ ਸੱਚ ਬਿਆਨਣ ਲਈ ਕਿਹਾ ਹੈ। ਭਾਜਪਾ ਦਾ ਹੁੰਗਾਰਾ ਆਰ ਕੇ ਸਿੰਘ ਨੂੰ ਪਾਸੇ ਕਰਨ ਅਤੇ ਗਾਇਕ ਪਵਨ ਸਿੰਘ ਨੂੰ ਉਤਸ਼ਾਹਿਤ ਕਰਨ ਦੇ ਰੂਪ ਵਿੱਚ ਆ ਰਿਹਾ ਹੈ। ਜਾਤ ਤੋਂ ਰਾਜਪੂਤ ਪਵਨ ਸਿੰਘ ਦੀ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਆਸਨਸੋਲ ਤੋਂ ਉਮੀਦਵਾਰੀ ਵਾਪਸ ਲੈਣੀ ਪਈ ਸੀ (ਸੀਟ 'ਬਿਹਾਰੀ ਬਾਬੂ' ਸ਼ਤਰੂਘਨ ਸਿਨਹਾ ਨੇ ਤ੍ਰਿਣਮੂਲ ਕਾਂਗਰਸ ਵੱਲੋਂ ਜਿੱਤੀ ਸੀ)। ਭਾਜਪਾ ਨੇ ਲੋਕ ਗਾਇਕਾ ਮੈਥਿਲੀ ਠਾਕੁਰ ਨੂੰ ਵੀ ਪਾਰਟੀ ਵਿੱਚ ਸ਼ਾਮਿਲ ਕੀਤਾ ਹੈ।

ਇਨ੍ਹਾਂ ਚੋਣਾਂ ਵਿੱਚ ਬਿਹਾਰੀਆਂ ਨੂੰ ਭੱਦੇ ਭੋਜਪੁਰੀ ਗੀਤਾਂ ਦੀ ਦਾਅਵਤ ਮਿਲੇਗੀ ਜਿਸ ਲਈ ਪਵਨ ਸਿੰਘ ਜਾਣੇ ਜਾਂਦੇ ਹਨ ਤੇ ਨਾਲ ਹੀ ਭਗਤੀ ਸੰਗੀਤ 'ਮੈਥਿਲੀ' ਵੀ ਪਰੋਸਿਆ ਜਾਵੇਗਾ ਜਿਸ ਲਈ ਠਾਕੁਰ ਮਸ਼ਹੂਰ ਹੈ। ਪੁਰਸ਼ ਵੋਟਰਾਂ ਨੂੰ ਨਾਜਾਇਜ਼ ਸ਼ਰਾਬ ਨਾਲ ਲਲਚਾ ਕੇ ਖਿੱਚੇ ਜਾਣ ਦੀ ਸੰਭਾਵਨਾ ਹੈ ਜਿਸ ਬਾਰੇ ਪ੍ਰਸ਼ਾਂਤ ਕਿਸ਼ੋਰ ਦਾ ਦਾਅਵਾ ਹੈ ਕਿ ਇਹ ਘਰਾਂ ਦੇ ਬੂਹਿਆਂ ਤੱਕ ਖੁੱਲ੍ਹੀ ਮਾਤਰਾ ਵਿੱਚ ਪਹੁੰਚ ਰਹੀ ਹੈ। ਇਹ ਅਨੁਮਾਨ ਲਾਇਆ ਗਿਆ ਹੈ ਕਿ ਔਰਤ ਵੋਟਰਾਂ ਨੂੰ ਨਕਦ ਦਾਨ ਅਤੇ ਸੀਤਾ ਮਈਆ (ਬਿਹਾਰ ਦੀ ਧੀ) ਤੇ ਭਗਵਾਨ ਰਾਮ ਨੂੰ ਸਮਰਪਿਤ ਭਗਤੀ ਸੰਗੀਤ ਨਾਲ ਖਿੱਚਿਆ ਜਾਵੇਗਾ।

ਅਗਾਮੀ ਚੋਣਾਂ ਨੌਜਵਾਨ ਸਿਆਸੀ ਨੇਤਾਵਾਂ ਨੂੰ ਮੌਕਾ ਦੇਣ ਲਈ ਤਿਆਰ ਹਨ, ਜਦੋਂਕਿ ਪੁਰਾਣੇ ਆਗੂਆਂ ਨਿਤੀਸ਼ ਕੁਮਾਰ ਤੇ ਸਾਬਕਾ ਮੁੱਖ ਮੰਤਰੀ ਲਾਲੂ ਪ੍ਰਸਾਦ ਯਾਦਵ ਦਾ ਸੂਰਜ ਅਸਤ ਹੋਣ ਦਾ ਸੰਕੇਤ ਮਿਲ ਰਿਹਾ ਹੈ। ਇਸ ਦੌਰਾਨ ਪ੍ਰਸ਼ਾਂਤ ਕਿਸ਼ੋਰ ਆਪਣੀਆਂ ਦਲੀਲਾਂ ਨੂੰ ਤਰਕ ਨਾਲ ਪੇਸ਼ ਕਰ ਰਿਹਾ ਹੈ ਅਤੇ ਉਸ ਦੀ ਪ੍ਰਸਿੱਧੀ ਉਤਾਂਹ ਜਾ ਰਹੀ ਹੈ। ਹਾਲਾਂਕਿ, ਇਹ ਸਮਝ ਨਹੀਂ ਆਉਂਦਾ ਕਿ ਉਹ ਦੋਹਾਂ ਧਿਰਾਂ ਦੇ ਸਿਰਫ਼ ਕੁਝ ਮੈਂਬਰਾਂ 'ਤੇ ਹੀ ਸਵਾਲ ਕਿਉਂ ਕਰਦਾ ਹੈ, ਉਨ੍ਹਾਂ ਏਕਾਧਿਕਾਰੀਆਂ ਵਿੱਚੋਂ ਕਿਸੇ 'ਤੇ ਨਹੀਂ ਜਿਹੜੇ ਭਾਰਤੀ ਰਾਜਨੀਤੀ ਵਿੱਚ ਸੱਤਾ ਅਤੇ ਪੈਸੇ ਦੀ ਆਪਸੀ ਕਿਰਿਆ ਦੀਆਂ ਮਿਸਾਲਾਂ ਹਨ।

* * * * * * * * *

# ਵਿਸ਼ੇਸ਼ ਚੋਣ

# 4 ਨਵੰਬਰ

## ਆਪਣੀ ਆਵਾਜ਼ ਨੂੰ ਮਹੱਤਵ ਦਿਓ।

* * * * * * * * *

CALIFORNIA TRUSTED INFO
PAID FOR BY THE CA SECRETARY OF STATE

## ਹੁਣੇ ਵੋਟ ਪਾਓ

ਹੋਰ ਜਾਣਕਾਰੀ ਲਈ, ਇੱਥੇ ਜਾਓ :
vote.ca.gov

ਡ੍ਰੋਪ ਬਾਕਸ
ਖੁਦ ਜਾ ਕੇ
ਡਾਕ ਰਾਹੀਂ ਵੋਟ

## Ranjit Kandola
Broker (MAC Real Estate Services)

CHECK DAILY MORTGAGE RATES @
WWW.DesiMortgageBroker.com

HIRING & TRAINING: MORTGAGE LOAN ORIGINATORS

MAC REAL ESTATE SERVICES
Mortgage Brokerage Since 2003
EQUAL HOUSING LENDER
BBB ACCREDITED BUSINESS A+ rating

(916) 917-2393 Mobile
(916) 516-1116 Office
Broker@DesiMortgageBroker.com
5701 Lonetree Blvd, Suite 126 H
Rocklin CA 95765

Company NMLS 1133016 DRE 01800662 NMLS 347022